

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 52

April 4, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ, ਸੁਪਰੀਮ ਕੌਂਸਲ ਕੈਲੇਫੋਰਨੀਆ (ਯੂ. ਐਸ. ਏ.) ਦੇ ਜਨਰਲ ਸਕੱਤਰ ਸ੍ਰੀ ਓ. ਪੀ. ਬਾਲੀ ਅਤੇ ਹੋਰ ਕਮਿਊਨਿਟੀ ਲੀਡਰ ਸ੍ਰੀ ਹੰਸ ਰਾਜ ਕਾਜਲਾ, ਵਿਨੋਦ ਕੁਮਾਰ ਚੁੰਬਰ, ਰਮੇਸ਼ ਸੁੰਮਨ, ਕੇਵਲ ਬੋਲੀਨਾ, ਪ੍ਰੇਮ ਕੁਮਾਰ ਚੁੰਬਰ, ਰਾਜ ਸੂਦ, ਅਜਾਇਬ ਸਿੰਘ, ਸੋਨੂੰ ਅੰਬੇਦਕਰ, ਸੁੱਖ ਰਾਮ ਚੰਦੜ, ਸ਼ਿਵ ਸਿੱਧੂ, ਗਿਆਨ ਚੰਦ ਕਾਜਲਾ, ਮੇਜਰ ਸਿੰਘ ਭਾਟੀਆ, ਤਰਲੋਚਨ ਸਿੰਘ ਬੱਧਣ ਅਤੇ ਕੇਵਲ ਸਿੰਘ ਆਦਿ ਕੌਂਸਲੇਟ ਜਨਰਲ ਆਫ ਇੰਡੀਆ, ਸੈਨਫਰਾਂਸਿਸਕੋ ਦੇ ਕੌਂਸਲ ਸ੍ਰੀ ਵੈਂਕਟਰਮਨ ਨੂੰ ਮੈਮੋਰੰਡਮ ਭੇਂਟ ਕਰਦੇ ਹੋਏ।


**ਹੋਰ ਜਾਣਕਾਰੀ ਲਈ ਦੇਖੋ 'ਅੰਬੇਦਕਰ ਟਾਈਮਜ਼'**


# ਬਸਪਾ ਮੁੱਖੀ ਵਲੋਂ ਭਗਵਾਂਕਰਨ ਰੋਕਣ ਲਈ ਏਕੇ ਦਾ ਹੋਕਾ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਭਾਰਤ ਬੰਦ ਦੇ ਸੱਦੇ ਤੇ ਸਥਾਨਕ ਨਵਾਂਸ਼ਹਿਰ/ਗੜ੍ਹਸ਼ੰਕਰ ਚੌਕ 'ਚ ਐਸਸੀ/ਐਸਟੀ ਭਾਈਚਾਰੇ ਦੇ ਲੋਕ ਕਾਫਲੇ ਬੰਨ੍ਹ ਕੇ ਪੁੱਜੇ। ਸ਼ਹਿਰ ਦੇ ਨਾਲ ਪਿੰਡਾਂ ਵਿੱਚ ਵੀ ਇਸ ਬੰਦ ਦਾ ਪੂਰਾ ਅਸਰ ਰਿਹਾ। ਸਾਰੀਆਂ ਸਿਆਸੀ ਧਿਰਾਂ ਦੇ ਦਲਿਤ ਆਗੂ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਇੱਕ ਮੰਚ ਤੇ ਬੇਠੈ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਭਾਜਪਾ ਅਤੇ ਆਰ ਐਸ ਐਸ ਵਲੋਂ ਦੇਸ਼ ਦੇ ਭਗਵਾਂਕਰਨ ਦੀਆਂ ਕੋਝੀਆਂ ਚਾਲਾਂ ਨੂੰ ਸਫਲ ਨਾ ਹੋਣ ਦੇਣ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।





ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਨਾਲ ਕਿਸੇ ਕਿਸਮ ਦੀ ਛੇੜ-ਛਾੜ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇੱਥੋ ਦੇ ਅਕਾਲੀ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਐਸਸੀ/ਐਸਟੀ ਐਕਟ ਸਬੰਧੀ ਆਇਆ ਅਦਾਲਤੀ ਹੁਕਮ ਸਿਆਸਤ ਤੋ ਪ੍ਰੇਰਿਤ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਵਿਧਾਇਕੀ ਤੋ ਵੱਧ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੈ ਤੇ ਉਹ ਦਲਿਤ ਵਰਗ ਨਾਲ ਕਿਸੇ ਤਰ੍ਹਾਂ ਦਾ ਧੱਕਾ ਨਹੀ ਹੋਣ ਦੇਣਗੇ। ਇਸ ਮੌਕੇ ਹੋਏ ਮੁਜ਼ਾਹਰੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਸਾਬਕਾ ਵਿਧਾਇਕ ਚੌਧਰੀ ਮੋਹਨ ਲਾਲ ਬਹਿਰਾਮ ਨੇ ਵੀ ਸ਼ਾਮਿਲ ਹੋ ਕੇ ਜੁੜੇ ਇੱਕਠ ਦਾ ਸਮਰਥਨ ਕੀਤਾ।

ਇਵੇਂ ਸ਼੍ਰੋਮਣੀ ਅਕਾਲੀ ਦਲ ਐਸਸੀ ਵਿੰਗ


**(ਬਾਕੀ ਸਫਾ 3 'ਤੇ)**




ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ 18 ਵਾਂ ਸਲਾਨਾ ਮੇਲਾ ਫਰਿਜਨੋ ਵਿਚ ਸੰਪੰਨ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 22-23 'ਤੇ)**

# ਭਾਰੀ ਵਿਰੋਧ ਦੇ ਬਾਵਜੂਦ ਐੱਸਸੀ/ਐੱਸਟੀ ਫ਼ੈਸਲੇ 'ਤੇ ਨਾ ਲੱਗੀ ਰੋਕ

## ਕੇਂਦਰ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਸੁਪਰੀਮ ਕੋਰਟ ਨੇ ਕੀਤੀ ਰੱਦ

**ਨਵੀਂ ਦਿੱਲੀ (ਬਿਊਰੋ)–** ਐਸਸੀ / ਐਸਟੀ ਕਾਨੂੰਨ ਵਿੱਚ ਗ੍ਰਿਫ਼ਤਾਰੀ ਉੱਤੇ 20 ਮਾਰਚ ਨੂੰ ਦਿੱਤੇ ਫੈਸਲੇ ਵਿਰੁੱਧ ਕੇਂਦਰ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਬਾਰੇ ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਪਟੀਸ਼ਨ ਨੂੰ ਵੇਰਵੇ ਸਹਿਤ ਵਿਚਾਰੇਗੀ ਪਰ ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਉੱਤੇ ਵਿਸ਼ੇਸ਼ ਕਾਨੂੰਨ ਵਿੱਚ ਕਿਸੇ ਪ੍ਰਕਾਰ ਦੀ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੋ ਲੋਕ ਅੰਦੋਲਨ ਕਰ ਰਹੇ ਹਨ, ਨੇ ਸਹੀ ਤਰ੍ਹਾਂ ਫੈਸਲਾ ਨਹੀਂ ਸਮਝਿਆ ਅਤੇ ਉਹ ਲਾਜ਼ਮੀ ਤੌਰ ਉੱਤੇ ਗਲਤ ਮਨਸੂਬਿਆਂ ਵਾਲੇ ਲੋਕਾਂ ਕੋਲੋਂ ਗੁੰਮਰਾਹ ਹੋਏ ਹਨ।



ਇੱਕ ਘੰਟਾ ਚੱਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਜਸਟਿਸ ਏ ਕੇ ਗੋਇਲ ਅਤੇ ਯੂ ਯੂ ਲਲਿਤ ਉੱਤੇ ਅਧਾਰਤ ਬੈਂਚ ਨੇ ਕਿਹਾ ਕਿ ਐਸਸੀ/ਐਸਟੀ ਕਾਨੂੰਨ ਭੋਲੇ ਭਾਲੇ ਲੋਕਾਂ ਨੂੰ ਖੌਫਜ਼ਦਾ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਉਨ੍ਹਾਂ ਕਿਹਾ,' ਅਸੀਂ ਐਸਸੀਐਸਟੀ ਕਾਨੂੰਨ ਦੀ ਕਿਸੇ ਧਾਰਾ ਨੂੰ ਖਤਮ ਨਹੀ ਕੀਤਾ, ਸਿਰਫ ਬੇਕਸੂਰ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਰੋਕਣ ਲਈ ਕਦਮ ਚੁੱਕੇ ਹਨ। ਬੈਂਚ ਨੇ ਕਿਹਾ ਕਿ


**(ਬਾਕੀ ਸਫਾ 3 'ਤੇ)**





MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D TM

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



BERKSHIRE HATHAWAY
Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828



ਮਨਜੀਤ ਕੌਰ

FARMERS INSURANCE

Auto, Home, Business, Commercial, Rental, Workecomp, Life, Health etc.

Manjit Kaur Insurance Agency

Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842

COVERED CALIFORNIA

Buying, Selling any Kind of Real Estate or just need friendly advice call

DALVIR 'DIL' NIJJAR
Realtor,
Lic # 01418648

2081 Arena Blvd. @ 100
Sacramento CA 95835



916-628-2210
Dil.realtor@gmail.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕੈਨੇਡਾ 'ਚ ਸਿੱਖ ਵੱਖਵਾਦੀਆਂ ਨਾਲ ਸਬੰਧਾਂ ਨੂੰ ਲੈ ਕੇ ਜਗਮੀਤ ਸਿੰਘ ਦਾ ਵਿਰੋਧ

**ਓਟਾਵਾ** – ਕੈਨੇਡਾ ਦੀ ਸੰਸਦ ਵਿੱਚ ਤੀਜੀ ਧਿਰ ਦੇ ਆਗੂ ਜਿਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਗਲੀਆਂ ਚੋਣਾਂ ਵਿੱਚ ਚੁਣੌਤੀ ਦਿੱਤੀ ਹੈ, ਨੂੰ ਗਰਮਖਿਆਲੀਆਂ ਨਾਲ ਸਬੰਧਾਂ ਕਾਰਨ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ 'ਚ ਅਗਲੇ ਸਾਲ 2019 ਵਿੱਚ ਹੋਣ ਵਾਲੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਚੁਣੌਤੀ ਦੇਣ ਵਾਲੀ ਪਾਰਟੀ ਦੇ ਨੇਤਾ ਨੂੰ ਸਿੱਖ ਵੱਖਵਾਦੀਆਂ ਨਾਲ ਸਬੰਧ ਨੂੰ ਲੈ ਕੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ 2015 'ਚ ਇਕ ਆਜ਼ਾਦ ਸਿੱਖ ਦੇਸ਼ (ਖਾਲਿਸਤਾਨ) ਦੀ ਮੰਗ ਨੂੰ ਲੈ ਕੇ ਸੈਨ ਫ੍ਰਾਂਸਿਸਕੋ 'ਚ ਆਯੋਜਿਤ ਰੈਲੀ 'ਚ ਮੁੱਖ ਬੁਲਾਰੇ ਦੇ ਰੂਪ 'ਚ ਸ਼ਾਮਲ ਹੋਏ ਸਨ। ਮੀਡੀਆ ਰਿ-ਪੋਰਟਾਂ 'ਚ ਇਹ ਗੱਲ ਕਹੀ ਗਈ ਹੈ। ਸਟੇਜ 'ਤੇ ਜਗਮੀਤ ਦੇ ਪਿੱਛੇ ਸੰਤ ਜਰਨੈਲ ਸਿੰਘ ਦਾ ਇਕ ਵੱਡਾ ਪੋਸਟਰ ਲੱਗਾ ਹੋਇਆ ਸੀ।



ਕੈਨੇਡੀਆਈ ਮੀਡੀਆ ਮੁਤਾਬਕ ਪੰਜਾਬੀ 'ਚ ਦਿੱਤੇ ਗਏ ਆਪਣੇ ਭਾਸ਼ਣ 'ਚ ਜਗਮੀਤ ਨੇ ਭਾਰਤ 'ਤੇ ਦਰਬਾਰ ਸਾਹਿਬ ਹਮਲੇ 'ਚ ਸਿੱਖਾਂ ਖਿਲਾਫ ਕਤਲੇਆਮ ਦਾ ਦੋਸ਼ ਲਾਇਆ ਸੀ। ਇਕ ਅੰਗ੍ਰੇਜ਼ੀ ਅਖਬਾਰ ਮੁਤਾਬਕ ਜਗਮੀਤ 2016 'ਤ ਬ੍ਰਿਟੇਨ ਸਥਿਤ ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵੱਲੋਂ ਆਯੋਜਿਤ ਇਕ ਪ੍ਰੋਗਰਾਮ 'ਚ ਵੀ ਸ਼ਾਮਲ ਹੋਏ ਸਨ, ਜਿਹੜਾ ਇਕ ਆਜ਼ਾਦ ਖਾਲਿਸਤਾਨ ਦੀ ਵਕਾਲਤ ਕਰਦਾ ਰਿਹਾ ਹੈ। ਉਥੇ ਫਰਵਰੀ 'ਚ ਜਗਮੀਤ ਨੇ ਸਿੱਖ ਲਿਬਰਲ ਸਰਕਾਰ ਦੇ ਮੰਤਰੀਆਂ ਦਾ ਬਚਾਅ ਕੀਤਾ ਸੀ, ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਸਬੰਧ 'ਚ 1986 'ਚ ਇਕ ਭਾਰਤੀ ਅਧਿਕਾਰੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀ ਕੈਨੇਡੀਆਈ ਸ਼ਖਸ ਦੇ ਨਾਲ ਫੋਟੋ ਖਿਚਾਈ ਸੀ।

ਦੂਜੇ ਪਾਸੇ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਹ ਬੇਬੁਨਿਆਦ ਗੱਲਾਂ ਹਨ। ਜਦੋਂ ਕਿ ਉਹ ਅੰਤਰਰਾਜੀ ਮਾਮਲਿਆਂ ਵਿੱਚ ਘੱਟ ਗਿਣਤੀਆਂ 'ਤੇ ਹੁੰਦੇ ਹਮਲਿਆਂ ਦਾ ਵਿਰੋਧੀ ਹੈ, ਤੇ ਘੱਟ ਗਿਣਤੀਆਂ ਦੀ ਹਮਾਇਤ ਕਰਦਾ ਹੈ।

ਜ਼ਿਕਰਯੋਗ ਹੈ ਕਿ 2016 'ਚ ਮਰਦਮ ਸ਼ੁਮਾਰੀ ਮੁਤਾਬਕ, ਕੈਨੇਡੀਆਈ ਸਿੱਖਾਂ ਦੀ ਗਿਣਤੀ ਲਗਭਗ 5 ਲੱਖ ਹੈ, ਜਿਹੜੀ ਕਿ ਦੇਸ਼ ਦੀ ਕੁਲ ਆਬਾਦੀ ਦਾ ਸਿਰਫ 1.4 ਫੀਸਦੀ ਹੈ। ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਵੀ ਸਿੱਖ ਵੱਖਵਾਦੀਆਂ ਨੂੰ ਲੈ ਕੇ ਨਰਮ ਪੱਖ ਰੱਖਣ ਦੇ ਦੋਸ਼ ਲੱਗਦੇ ਰਹੇ ਹਨ।

# ਸਿੱਖ ਟੈਂਪਲ ਟਾਇਰਾ ਬੂਇਨਾ, ਯੂਬਾ ਸਿਟੀ ਦੇ ਇਸ ਹਫਤੇ ਦੇ ਸਮਾਗਮ



6 ਅਪ੍ਰੈਲ ਸ਼ੁੱਕਰਵਾਰ ਤੋਂ 8 ਅਪ੍ਰੈਲ ਸ਼ਨਿਚਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਵੱਲੋਂ ਸਰਦਾਰ ਭੁਪਿੰਦਰ ਸਿੰਘ ਬਾਜਵਾ ਪਰਿਵਾਰ ਵੱਲੋਂ।

7 ਅਪ੍ਰੈਲ ਸ਼ਨਿਚਰਵਾਰ ਨੂੰ ਬੇਟੀ ਸੰਦੀਪ ਕੌਰ ਪੁੱਤਰੀ ਸਰਦਾਰ ਜਸਵੰਤ ਸਿੰਘ ਬੈਂਸ ਦਾ ਵਿਆਹ।

7 ਅਪ੍ਰੈਲ ਸ਼ਨਿਚਰਵਾਰ ਸ਼ਾਮ ਦੇ ਦੀਵਾਨ ਸਰਬ ਰੋਗ ਕਾ ਅਉਖਦ ਨਾਮ।

8 ਅਪ੍ਰੈਲ ਸ਼ਨਿਚਰਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਕੀਰਤਨ ਦੀਵਾਨ ਸੇਵਾ ਸ. ਭੁਪਿੰਦਰ ਸਿੰਘ ਬਾਜਵਾ।

# ਭਾਰਤ 'ਚ ਇੰਟਰਨੈੱਟ ਖਪਤ ਅਮਰੀਕਾ ਤੇ ਚੀਨ ਦੀ ਸਾਂਝੀ ਖਪਤ ਤੋਂ ਵੀ ਵੱਧ

ਮੁੰਬਈ – ਮੋਬਾਈਲ ਇੰਟਰਨੈੱਟ ਡਾਊਨ ਲੋਡ ਸਪੀਡ ਦੇ ਮਾਮਲੇ ਵਿੱਚ ਭਾਰਤ ਨੂੰ ਦੁਨੀਆ ਭਰ ਵਿੱਚ 109ਵਾਂ ਸਥਾਨ ਮਿਲਿਆ ਹੈ। ਇੱਕ ਰਿ-ਪੋਰਟ 'ਚ ਕੱਲ੍ਹ ਇਹ ਗੱਲ ਕਹੀ ਗਈ।ਭਾਰਤ ਦੁਨੀਆ ਦਾ ਸਭ ਤੋਂ ਵੱਡਾ ਮੋਬਾਈਲ ਡਾਟਾ ਖਪਤਕਾਰ ਹੈ। ਓਕਲਾ ਦੇ ਸਪੀਡ ਟੈਸਟ ਸੂਚਕ ਅੰਕ ਅਨੁਸਾਰ ਦੇਸ਼ ਵਿੱਚ ਮੋਬਾਈਲ ਇੰਟਰਨੈਟ ਦੀ ਔਸਤ ਡਾਊਨ-ਲੋਡ ਸਪੀਡ ਪਿਛਲੇ ਸਾਲ ਨਵੰਬਰ ਦੇ 8.80 ਐੱਮ ਬੀ ਪੀ ਐੱਸ ਤੋਂ ਵੱਧ ਕੇ ਇਸ ਸਾਲ ਫਰਵਰੀ 'ਚ 9.01 ਐੱਮ ਬੀ ਪੀ ਐੱਸ 'ਤੇ ਪਹੁੰਚ ਗਈ। ਇਸ ਤੋਂ ਬਾਅਦ ਵੀ ਦੇਸ਼ ਦੀ ਰੈਂਕਿੰਗ ਵਿੱਚ ਕੋਈ ਬਦਲਾਅ ਨਹੀਂ ਹੋਇਆ ਅਤੇ ਭਾਰਤ 109ਵੇਂ ਸਥਾਨ 'ਤੇ ਹੀ ਟਿਕਿਆ ਰਿਹਾ। ਨਾਰਵੇ 62.07 ਐੱਮ ਬੀ ਪੀ ਐੱਸ ਦੀ ਔਸਤ ਸਪੀਡ ਦੇ ਨਾਲ ਪਹਿਲੇ ਸਥਾਨ 'ਤੇ ਰਿਹਾ। ਨੀਤੀ ਆਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤਾਭ ਕਾਂਤ ਨੇ ਦਸੰਬਰ ਵਿੱਚ ਦਾਅਵਾ ਕੀਤਾ ਸੀ ਕਿ ਦੇਸ਼ 150 ਕਰੋੜ ਗੀਗਾਬਾਈਟ ਖਪਤ ਦੇ ਨਾਲ ਦੁਨੀਆ ਦਾ ਸਭ ਤੋਂ ਵੱਡਾ ਡਾਟਾ ਖਪਤਕਾਰ ਹੈ। ਉਨ੍ਹਾਂ ਕਿਹਾ ਸੀ ਕਿ ਇਹ ਅਮਰੀਕਾ ਤੇ ਚੀਨ ਦੀ ਸਾਂਝੀ ਖਪਤ ਤੋਂ ਜ਼ਿਆਦਾ ਹੈ।



ਓਕਲਾ ਸੂਚਕ ਅੰਕ ਅਨੁਸਾਰ ਦੇਸ਼ ਨੇ ਬਰਾਡਬੈਂਡ ਦੇ ਮਾਮਲੇ 'ਚ ਬਿਹਤਰ ਪ੍ਰਦਰਸ਼ਨ ਕੀਤਾ ਹੈ। ਇਸ ਲਿਹਾਜ਼ ਨਾਲ ਦੇਸ਼ ਪਿਛਲੇ ਸਾਲ ਦੇ 76ਵੇਂ ਸਥਾਨ ਦੇ ਮੁਕਾਬਲੇ ਇਸ ਸਾਲ ਫਰਵਰੀ 'ਚ 67ਵੇਂ ਸਥਾਨ 'ਤੇ ਆ ਗਿਆ। ਸੂਚਕ ਅੰਕ 'ਚ ਦੱਸਿਆ ਗਿਆ ਕਿ ਬਰਾਡਬੈਂਡ ਸਪੀਡ ਪਿਛਲੇ ਸਾਲ ਨਵੰਬਰ ਦੇ 18.82 ਐੱਮ ਬੀ ਪੀ ਐੱਸ ਤੋਂ ਵੱਧ ਕੇ ਇਸ ਸਾਲ ਫਰਵਰੀ ਵਿੱਚ 20.72 ਐੱਮ ਬੀ ਪੀ ਐੱਸ 'ਤੇ ਪਹੁੰਚ ਗਈ ਹੈ। ਇਸ ਮਾਮਲੇ ਵਿੱਚ 161.53 ਐੱਮ ਬੀ ਪੀ ਐੱਸ ਸਪੀਡ ਦੇ ਨਾਲ ਸਿੰਗਾਪੁਰ ਪਹਿਲੇ ਸਥਾਨ 'ਤੇ ਹੈ। ਉਸ ਨੇ ਕਿਹਾ ਕਿ ਜ਼ਿਆਦਾ ਆਬਾਦੀ ਵਾਲੇ ਦੇਸ਼ਾਂ ਵਿੱਚ ਬਰਾਡਬੈਂਡ ਸਪੀਡ 'ਚ ਭਾਰਤ 'ਚ ਸਭ ਤੋਂ ਜ਼ਿਆਦਾ ਵਾਧਾ ਹੋਇਆ ਹੈ।

# 177 ਸਾਲ 'ਚ ਪਹਿਲੀ ਵਾਰ ਔਰਤਾਂ ਦੇ ਲਗਪਗ ਬਰਾਬਰ ਪੁੱਜੀ ਪੁਰਸ਼ਾਂ ਦੀ ਉਮਰ

ਲੰਡਨ –177 ਸਾਲਾਂ 'ਚ ਪਹਿਲੀ ਵਾਰ ਦੁਨੀਆ ਭਰ ਦੀਆਂ ਔਰਤਾਂ ਅਤੇ ਪੁਰਸ਼ਾਂ ਦੀ ਉਮਰ ਬਰਾਬਰ ਹੋਣ ਦੇ ਨੇੜੇ ਪੁੱਜੀ ਹੈ । ਲੰਡਨ ਦੇ ਕਾਸ ਬਿਜਨੈੱਸ ਸਕੂਲ ਨੇ ਇਸ ਦਾ ਅਧਿਐਨ ਕੀਤਾ ਹੈ । ਹੁਣ ਤਕ ਔਰਤਾਂ ਤੇ ਪੁਰਸ਼ਾਂ ਦੀ ਵੱਧ ਤੋਂ ਵੱਧ ਔਸਤ ਉਮਰ ਵਿਚ 2 ਸਾਲ ਤੱਕ ਦਾ ਅੰਤਰ ਹੈ । ਖੋਜ 'ਚ ਪਤਾ ਲੱਗਾ ਹੈ ਕਿ ਇਹ ਅੰਤਰ 2030 ਤੱਕ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ । ਹੁਣ ਤੱਕ ਔਰਤਾਂ ਦੀ ਵੱਧ ਤੋਂ ਵੱਧ ਔਸਤ ਉਮਰ 98 ਸਾਲ ਤੇ ਪੁਰਸ਼ਾਂ ਦੀ ਵਧੇਰੇ ਔਸਤ ਉਮਰ 96 ਸਾਲ ਰਹੀ ਹੈ । ਅੰਤਰ ਖਤਮ ਹੋਣ ਦਾ ਕਾਰਨ ਪੁਰਸ਼ਾਂ 'ਚ ਸਿ-ਗਰਟਨੋਸ਼ੀ ਘੱਟ ਹੋਣਾ ਹੈ । ਇਸ ਸਬੰਧੀ 1969 'ਚ ਸਰਵੇਖਣ ਹੋਇਆ ਸੀ ਤਦ ਤੋਂ ਹੁਣ ਤੱਕ ਪੁਰਸ਼ਾਂ 'ਚ ਸਿਗਰਟਨੋਸ਼ੀ ਦੀ ਆਦਤ 5 ਗੁਣਾ ਤੱਕ ਘੱਟ ਹੋਈ ਹੈ । ਇਸ ਕਾਰਨ 49 ਸਾਲਾਂ 'ਚ ਉਨ੍ਹਾਂ ਦੀ ਉਮਰ ਵੀ 2 ਸਾਲ ਵਧੀ ਹੈ । ਇਹ ਸਰਵੇ 1841 'ਚ ਸ਼ੁਰੂ ਕੀਤਾ ਗਿਆ ਸੀ । ਇਨ੍ਹਾਂ 177 ਸਾਲਾਂ 'ਚ ਇਕ ਵਾਰ ਵੀ ਪੁਰਸ਼ਾਂ ਦੀ ਉਮਰ ਔਰਤਾਂ ਤੋਂ ਵਧੇਰੇ ਨਹੀਂ ਹੋ ਸਕੀ । ਅਧਿਐਨ ਮੁਤਾਬਕ ਹੁਣ ਤੱਕ ਸਭ ਤੋਂ ਜ਼ਿਆਦਾ ਜਿਊਣ ਵਾਲੇ 5 ਫੀਸਦੀ ਪੁਰਸ਼ਾਂ ਦੀ ਔਸਤ ਉਮਰ 96 ਸਾਲ ਰਹਿੰਦੀ ਸੀ, ਉੱਥੇ ਹੀ ਸਭ ਤੋਂ ਵਧੇਰੇ ਜਿਊਣ ਵਾਲੀਆਂ 5 ਫੀਸਦੀ ਔਰਤਾਂ ਦੀ ਔਸਤ ਉਮਰ 98 ਸਾਲ ਰਹਿੰਦੀ ਸੀ । ਔਰਤਾਂ ਦੀ ਘੱਟੋ-ਘੱਟ ਔਸਤ ਉਮਰ 70 ਅਤੇ ਪੁਰਸ਼ਾਂ ਦੀ 62 ਸਾਲ ਰਹੀ ਹੈ । ਉਮੀਦ ਹੈ ਕਿ 2030 ਤੱਕ ਇਹ ਅੰਤਰ ਬਿਲਕੁਲ ਖਤਮ ਹੋ ਜਾਵੇਗਾ ਤੇ ਲੋਕ ਆਪਣੀ ਸਿਹਤ ਪ੍ਰਤੀ ਵਧੇਰੇ ਜਾਗਰੂਕ ਹੋਣਗੇ ।

# ਬਸਪਾ ਮੁੱਖੀ ਵਲੋਂ ਭਗਵਾਂਕਰਨ ਰੋਕਣ ਲਈ ਏਕੇ ਦਾ ਹੋਕਾ





**ਮੁਕੰਦਪੁਰ, (ਰੇਸ਼ਮ ਕਰਨਾਣਵੀ)**– ਭਾਰਤ ਬੰਦ ਦੇ ਸੱਦੇ ਤੇ ਸਥਾਨਕ ਨਵਾਂਸ਼ਹਿਰ/ਗੜ੍ਹਸ਼ੰਕਰ ਚੌਕ 'ਚ ਐਸਸੀ/ਐਸਟੀ ਭਾਈਚਾਰੇ ਦੇ ਲੋਕ ਕਾਫਲੇ ਬੰਨ੍ਹ ਕੇ ਪੁੱਜੇ। ਸ਼ਹਿਰ ਦੇ ਨਾਲ ਪਿੰਡਾਂ ਵਿੱਚ ਵੀ ਇਸ ਬੰਦ ਦਾ ਪੂਰਾ ਅਸਰ ਰਿਹਾ। ਸਾਰੀਆਂ ਸਿਆਸੀ ਧਿਰਾਂ ਦੇ ਦਲਿਤ ਆਗੂ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਇੱਕ ਮੰਚ ਤੇ ਬੇਠੈ।

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਭਾਜਪਾ ਅਤੇ ਆਰ ਐਸ ਐਸ ਵਲੋਂ ਦੇਸ਼ ਦੇ ਭਗਵਾਂਕਰਨ ਦੀਆਂ ਕੋਝੀਆਂ ਚਾਲਾਂ ਨੂੰ ਸਫਲ ਨਾ ਹੋਣ ਦੇਣ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਨਾਲ ਕਿਸੇ ਕਿਸਮ ਦੀ ਛੇੜ-ਛਾੜ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇੱਥੋ ਦੇ ਅਕਾਲੀ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਐਸਸੀ/ਐਸਟੀ ਐਕਟ ਸਬੰਧੀ ਆਇਆ ਅਦਾਲਤੀ ਹੁਕਮ ਸਿਆਸਤ ਤੋ ਪ੍ਰੇਰਿਤ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਵਿਧਾਇਕੀ ਤੋ ਵੱਧ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੈ ਤੇ ਉਹ ਦਲਿਤ ਵਰਗ ਨਾਲ ਕਿਸੇ ਤਰ੍ਹਾਂ ਦਾ ਧੱਕਾ ਨਹੀ ਹੋਣ ਦੇਣਗੇ। ਇਸ ਮੌਕੇ ਹੋਏ ਮੁਜ਼ਾਹਰੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਸਾਬਕਾ ਵਿਧਾਇਕ ਚੌਧਰੀ ਮੋਹਨ ਲਾਲ ਬਹਿਰਾਮ ਨੇ ਵੀ ਸ਼ਾਮਿਲ ਹੋ ਕੇ ਜੁੜੇ ਇੱਕਠ ਦਾ ਸਮਰਥਨ ਕੀਤਾ।

ਇਵੇਂ ਸ਼੍ਰੋਮਣੀ ਅਕਾਲੀ ਦਲ ਐਸਸੀ ਵਿੰਗ ਦੇ ਸੂਬਾ ਮੀਤ ਪ੍ਰਧਾਨ ਪਾਖਰ ਸਿੰਘ ਨਿਮਾਣਾ,ਜਿਲ੍ਹਾ ਪ੍ਰਧਾਨ ਸੋਹਨ ਲਾਲ ਢੰਡਾ,ਕਾਂਗਰਸੀ ਆਗੂ ਡਾ ਬਖਸ਼ੀਸ਼ ਸਿੰਘ, ਡਾ ਹਰਪ੍ਰੀਤ ਸਿੰਘ ਕੈਂਥ,ਬਸਪਾ ਆਗੂ ਠੇਕੇਦਾਰ ਰਜਿੰਦਰ ਸਿੰਘ, ਸੀਪੀਆਈ (ਐਮ) ਦੇ ਜਿਲ੍ਹਾ ਆਗੂ ਕਾਮਰੇਡ ਕੁਲਦੀਪ ਸਿੰਘ ਝਿੰਗੜ, ਆਮ ਆਦਮੀ ਪਾਰਟੀ ਦੇ ਬਲਬੀਰ ਸਿੰਘ ਕਰਨਾਣਾ, ਡੀ ਵਾਈ ਐਫ ਆਈ ਦੇ ਸੂਬਾ ਇੰਚਾਰਜ ਬਲਵਿੰਦਰ ਪਾਲ,ਮਨੋਹਰ ਮਿਸ਼ਨ ਦੇ ਸੰਸਥਾਪਕ ਅਰੁਣ ਘਈ ਨੇ ਵੀ ਐਸਸੀ/ਐਸਟੀ ਐਕਟ ਨਾਲ ਹੋਈ ਛੇੜਖਾਨੀ ਦੀ ਸਖਤ ਅਲੋਚਨਾ ਕੀਤੀ। ਇਸ ਹਲਕੇ ਅਧੀਨ ਪੈਂਦੇ ਕਸਬਾ ਔੜ, ਬਹਿਰਾਮ, ਕਟਾਰੀਆਂ ਦੇ ਬਜ਼ਾਰਾਂ 'ਚ ਵੀ ਸੁੰਨ ਪਸਰੀ ਰਹੀ।ਉਕਤ ਬੰਦ ਦੇ ਪ੍ਰਦਰਸ਼ਨ 'ਚ ਐਸਸੀ/ਐਸਟੀ ਵਰਗ ਨਾਲ ਜੁੜੀਆਂ ਮੁਲਾਜਮ, ਧਾਰਮਿਕ, ਸਮਾਜਕ, ਜਥੇਬੰਦੀਆਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ 'ਚ ਸ਼ਾਮਿਲ ਸਨ।

# ਭਾਰੀ ਵਿਰੋਧ ਦੇ ਬਾਵਜੂਦ ਐੱਸਸੀ/ਐੱਸਟੀ ਫ਼ੈਸਲੇ 'ਤੇ ਨਾ ਲੱਗੀ ਰੋਕ

**(ਸਫਾ 1 ਦੀ ਬਾਕੀ)**

ਉਹ ਆਪਣੇ ਪਹਿਲਾਂ ਦਿੱਤੇ ਫੈਸਲੇ ਬਾਰੇ ਕੇਂਦਰ ਸਰਕਾਰ ਦੀ ਨਜ਼ਰਸਾਨੀ ਪਟੀਸ਼ਨ ਨੂੰ ਉਨ੍ਹਾਂ ਪਟੀਸ਼ਨਾਂ ਦੇ ਨਾਲ ਹੀ ਸੁਣੇਗਾ ਜੋ ਮਹਾਰਾਸ਼ਟਰ ਸਰਕਾਰ ਦੇ ਨਾਲ ਅਸਲ ਧਿਰਾਂ ਹਨ। ਇਸ ਬੈਂਚ ਨੇ ਹੀ 20 ਮਾਰਚ ਵਾਲਾ ਫੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ ਕੇਂਦਰ ਦੀ ਨਜ਼ਰਸਾਨੀ ਪਟੀਸ਼ਨ ਦੀ 10 ਦਿਨ ਬਾਅਦ ਸੁਣਵਾਈ ਕਰਨ ਲਈ ਸਮਾਂ ਨਿਸ਼ਚਤ ਕੀਤਾ ਹੈ।

ਇਸ ਦੇ ਨਾਲ ਹੀ ਅਦਾਲਤ ਨੇ ਮਹਾਰਾਸ਼ਟਰ ਸਰਕਾਰ ਅਤੇ ਅਤੇ ਹੋਰਨਾਂ ਧਿਰਾਂ ਨੂੰ ਦੋ ਦਿਨ ਦੇ ਅੰਦਰ ਅੰਦਰ ਲਿਖਤੀ ਦਾਅਵੇ ਦਾਇਰ ਕਰਨ ਲਈ ਕਿਹਾ ਹੈ। ਸੁਣਵਾਈ ਦੌਰਾਨ ਬੈਂਚ ਨੇ ਇਹ ਵੀ ਕਿਹਾ ਕਿ ਪੜਤਾਲ ਅਧੀਨ ਆਇਆ ਕਾਨੂੰਨ ਸ਼ਿਕਾਇਤ ਕੀਤੇ ਜਾਣ ਬਾਅਦ ਤੁਰੰਤ ਗ੍ਰਿਫ਼ਤਾਰੀ ਲਾਜ਼ਮੀ ਨਹੀ ਕਰਦਾ। ਮੂਲ ਕਾਨੂੰਨ ਵਿੱਚ ਇਹ ਸਪਸ਼ਟ ਹੈ ਕਿ ਕਾਨੂੰਨ ਦੀ ਪਾਲਣਾ ਸੀਆਰਪੀਸੀ ਵਿੱਚ ਦਿੱਤੇ ਨਿਰਦੇਸ਼ਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ।

ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਕਿ ਉਸ ਨੇ ਐਸਸੀਐਸਟੀ ਕਾਨੂੰਨ ਜਾਂ ਕਿਸੇ ਧਾਰਾ ਨੂੰ ਨਰਮ ਨਹੀ ਕੀਤਾ, ਸਿਰਫ ਐਸਸੀਐਸਟੀ ਕਾਨੂੰਨ ਤਹਿਤ ਐਫਆਈਆਰ ਦਰਜ ਹੋਣ ਤੋਂ ਪਹਿਲਾਂ ਕਥਿਤ ਦੋਸ਼ੀ ਨੂੰ ਰਾਹਤ ਦਿੱਤੀ ਜਾ ਸਕਦੀ ਹੈ। ਸਿਰਫ ਐਸਸੀਐਸਟੀ ਕਾਨੂੰਨ ਹੇਠ ਕੀਤੇ ਜੁਰਮ ਦੇ ਮਾਮਲੇ ਵਿੱਚ ਪੜਤਾਲ ਹੋ ਸਕਦੀ ਹੈ ਅਤੇ ਹੋਰਨਾਂ ਕਾਨੂੰਨਾਂ ਤਹਿਤ ਪੜਤਾਲ ਨਹੀਂ ਕੀਤੀ ਜਾ ਸਕਦੀ।

ਇਸ ਦੌਰਾਨ ਅੱਜ ਸਵੇਰੇ ਸੁਪਰੀਮ ਕੋਰਟ ਅਟ-ਾਰਨੀ ਜਨਰਲ ਕੇਕੇ ਵੇਣੂਗੋਪਾਲ ਦੀ ਪਟੀਸ਼ਨ ਸੁਣਨ ਲਈ ਸਹਿਮਤ ਹੋ ਗਈ ਸੀ ਕਿਉਂਕਿ ਉਨ੍ਹਾਂ ਨੇ ਕੱਲ੍ਹ ਹੋਏ ਬੰਦ ਦੌਰਾਨ ਹੋਈ ਹਿੰਸਾ ਅਤੇ ਵੱਡੇ ਪੱਧਰ ਉੱਤੇ ਸਰਕਾਰੀ ਜਾਇਦਾਦ ਦੇ ਨੁਕਸਾਨ ਦਾ ਹਵਾਲਾ ਦਿੱਤਾ ਸੀ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲਾ ਬੈਂਚ ਜਸਟਿਸ ਏ ਕੇ ਗੋਇਲ ਅਤੇ ਯੂ ਯੂ ਲਲਿਤ ਦੀ ਅਵਗਾਈ ਵਾਲੇ ਅਸਲ ਬੈਂਚ ਨੂੰ ਕਾਇਮ ਕਰਨ ਲਈ ਤਿਆਰ ਹੋ ਗਿਆ ਸੀ।

ਕੇਂਦਰ ਸਰਕਾਰ ਨੇ ਆਪਣੀ ਰਿਵੀਊ ਪਟੀਸ਼ਨ ਵਿੱਚ ਕਿਹਾ ਹੈ ਕਿ 20 ਮਾਰਚ ਦੇ ਫੈਸਲੇ ਨਾਲ 1989 ਦਾ ਸਖ਼ਤ ਕਾਨੂੰਨ ਕਮਜ਼ੋਰ ਹੋਇਆ ਹੈ। ਇਸ ਦੇ ਨਾਲ ਐਸ ਸੀ ਐਸ ਟੀ ਭਾਈਚਾਰੇ ਦੇ ਹਿਤਾਂ ਉੱਤੇ ਮਾੜਾ ਅਸਰ ਪਿਆ ਹੈ। ਇਹ ਸੰਸਦ ਵੱਲੋਂ ਨਿਰਧਾਰਤ ਵਧੀਕੀਆਂ ਰੋਕੂ ਕਾਨੂੰਨ 1989 ਦੀ ਭਾਵਨਾ ਦੇ ਵੀ ਵਿਰੁੱਧ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਐਸਸੀਐਸਟੀ ਐਕਟ ਸਬੰਧੀ 20 ਮਾਰਚ ਨੂੰ ਸੁਣਾਏ ਫੈਸਲੇ ਵਿਰੁੱਧ ਰੋਸ ਪ੍ਰਗਟਾਉਣ ਲਈ ਸੋਮਵਾਰ ਨੂੰ ਬਹੁਤ ਸਾਰੀਆਂ ਐਸਸੀਐਸਟੀ ਜਥੇਬੰਦੀਆਂ ਨੇ 'ਭਾਰਤ ਬੰਦ' ਦਾ ਸੱਦਾ ਦਿੱਤਾ ਸੀ, ਤੇ ਇਸ ਦੌਰਾਨ ਅੱਠ ਜਾਨਾਂ ਚਲੀਆਂ ਗਈਆਂ ਸਨ।

ਕੇਂਦਰ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਉਹ ਐਸਸੀਐਸਟੀ ਕਾਨੂੰਨ ਨੂੰ ਕਮਜ਼ੋਰ ਕਰਨ ਦੇ ਲਈ ਜ਼ਿੰਮੇਵਾਰ ਨਹੀ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੱਲ੍ਹ ਭਾਰਤ ਬੰਦ ਦੌਰਾਨ ਹੋਈ ਵਿਆਪਕ ਹਿੰਸਾ ਤੋਂ ਬਾਅਦ ਅੱਜ ਖ਼ੁਦ ਹੀ ਲੋਕ ਸਭਾ ਵਿੱਚ ਦੱਸਿਆ ਕਿ 20 ਮਾਰਚ ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਲੋਕਾਂ ਦੇ ਮਨਾਂ ਵਿੱਚ ਭਾਰੀ ਰੋਹ ਸੀ ਅਤੇ ਲੋਕ ਸੜਕਾਂ ਉੱਤੇ ਉੱਤਰ ਆਏ ਸਨ।

# ਇਰਾਕ ਵਿੱਚ ਅਗਵਾਕਾਰਾਂ ਵੱਲੋਂ ਮਾਰੇ ਗਏ ਜਸਵੀਰ ਸਿੰਘ ਦਾ ਮਹਿੰਦਪੁਰ ਵਿਖੇ ਅੰਤਿਮ ਸਸਕਾਰ





**ਨਵਾਂਸ਼ਹਿਰ, (ਰੇਸ਼ਮ ਕਰਨਾਣਵੀ)–** ਇਰਾਕ ਵਿੱਚ ਆਈ.ਐਸ.ਆਈ.ਐਸ. ਅਤਿਵਾਦੀਆਂ ਵੱਲੋਂ ਅਗਵਾ ਕਰਕੇ ਮਾਰੇ ਬਲਾਚੌਰ ਸਬ ਡਵੀਜ਼ਨ ਦੇ ਪਿੰਡ ਮਹਿੰਦਪੁਰ ਦੇ 24 ਸਾਲਾ ਨੌਜੁਆਨ ਜਸਵੀਰ ਸਿੰਘ ਦਾ ਸੈਂਕੜੇ ਗ਼ਮਗੀਨ ਅੱਖਾਂ ਦੀ ਮੌ-ਜੂਦਗੀ ਵਿੱਚ ਅੰਤਮ ਸਸਕਾਰ ਕੀਤਾ ਗਿਆ। ਅੰਤਮ ਸਸਕਾਰ ਮੌਕੇ ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹੋਣ ਆਏ ਐਮ.ਐਲ.ਏ. ਬਲਾਚੌਰ ਚੌ. ਦਰਸ਼ਨ ਲਾਲ ਮੰਗੂਪੁਰ, ਡਿਪਟੀ ਕਮਿਸ਼ਨਰ ਅਮਿਤ ਕੁਮਾਰ, ਐਸ.ਪੀ. (ਐਚ) ਹਰੀਸ਼ ਦਯਾਮਾ ਅਤੇ ਐਸ.ਡੀ.ਐਮ. ਬਲਾਚੌਰ ਜਗਜੀਤ ਸਿੰਘ ਤੇ ਸਹਾਇਕ ਕਮਿਸ਼ਨਰ (ਸਿਖਲਾਈ ਅਧੀਨ) ਅਰਸ਼ਦੀਪ ਸਿੰਘ ਲੁਬਾਣਾ ਨੇ ਪਰਿਵਾਰ ਨੂੰ ਹੌਸਲਾ ਦਿੱਤਾ ਅਤੇ ਦੁੱਖ ਵੰਡਾਇਆ।

ਵਿਧਾਇਕ ਚੌ. ਦਰਸ਼ਨ ਲਾਲ ਮੰਗੂਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਗਰੀਬ ਤੇ ਲੋੜਵੰਦ ਪਰਿਵਾਰਾਂ ਦੀ ਇਸ ਮੁਸ਼ਕਿਲ ਦੀ ਘੜੀ ਵਿੱਚ ਬਾਂਹ ਨਹੀਂ ਛੱਡੇਗੀ ਅਤੇ ਕਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਰਫੋਂ ਇਨ੍ਹਾਂ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਨੌਕਰੀ ਅਤੇ ਪੰਜ-ਪੰਜ ਲੱਖ ਰੁਪਏ ਦੀ ਮਾਲੀ ਮੱਦਦ ਦੇਣ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਕੀਤੇ ਐਲਾਨ ਨੂੰ ਜਲਦ ਅਮਲੀ ਰੂਪ ਵਿੱਚ ਲਾਗੂ ਕਰੇਗੀ।

ਉਨ੍ਹਾਂ ਨੇ ਨਾਲ ਹੀ ਪਰਿਵਾਰ ਨੂੰ ਇਹ ਵੀ ਵਿਸ਼ਵਾਸ਼ ਦਿਵਾਇਆ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਾਹੀਂ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਕੇ, ਇਨ੍ਹਾਂ ਪਰਿਵਾਰਾਂ ਨਾਲ ਵਾਪਰੀ ਤ੍ਰਾਸਦੀ ਦੀ ਘੜੀ ਵਿੱਚ, ਪਰਿਵਾਰਾਂ ਦੀ ਮੱਦਦ ਲਈ ਵੀ ਯਤਨ ਕਰਨਗੇ। ਉਨ੍ਹਾਂ ਆਖਿਆ ਕਿ ਬਤੌਰ ਹਲਕਾ ਵਿਧਾਇਕ ਉਹ ਇਨ੍ਹਾਂ ਪਰਿਵਾਰਾਂ ਨਾਲ ਹਮੇਸ਼ਾਂ ਖੜੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦੇਣਗੇ।

ਡਿਪਟੀ ਕਮਿਸ਼ਨਰ ਅਮਿਤ ਕੁਮਾਰ ਨੇ ਇਸ ਮੌਕੇ ਪਰਿਵਾਰ ਨਾਲ ਦੁੱਖ ਵੰਡਾਉਂਦਿਆਂ ਆਖਿਆ ਕਿ ਅਜਿਹੇ ਪੁੱਤ ਜਿਸ ਦੇ ਵਿਆਹ ਦੀਆਂ ਖੁਸ਼ੀਆਂ ਅਤੇ ਚਾਵਾਂ ਦੀ ਪਰਿਵਾਰ ਨੂੰ ਉਡੀਕ ਹੋਵੇ, ਦੀ ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਮੌਤ ਹੋਣਾ ਤੇ ਲਾਸ਼ ਨੂੰ ਹੱਥੀਂ ਅਗਨੀ ਦੇਣਾ, ਬਹੁਤ ਹੀ ਸੰਵੇਦਨਾ ਭਰਿਆ ਮਾਹੌਲ ਬਣ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਕਲ੍ਹ ਆਪਣਾ ਫ਼ਰਜ਼ ਨਿਭਾਉਂਦਿਆਂ ਜਿੱਥੇ ਸਹਾਇਕ ਕਮਿਸ਼ਨਰ (ਯੂ.ਟੀ.) ਅਰਸ਼ਦੀਪ ਸਿੰਘ ਦੀ ਅਗਵਾਈ ਵਿੱਚ ਦੋ ਟੀਮਾਂ ਮ੍ਰਿਤਕ ਸਰੀਰ ਲੈਣ ਲਈ ਭੇਜੀਆਂ ਗਈਆਂ ਸਨ, ਉਸੇ ਤਰ੍ਹਾਂ ਬਾਅਦ ਵਿੱਚ ਵੀ ਪਰਿਵਾਰਾਂ ਨਾਲ ਹਰ ਸਮੇਂ ਇੱਕਜੁਟਤਾ ਦਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਕਿਸੇ ਵੀ ਲੋੜ ਲਈ ਪ੍ਰਸ਼ਾਸ਼ਨ ਨਾਲ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਜਸਵੀਰ ਸਿੰਘ ਦੀ ਮ੍ਰਿਤਕ ਦੇਹ ਨੂੰ ਅਗਨੀ ਉਸ ਦੇ ਭਰਾ ਭੁਪਿੰਦਰ ਸਿੰਘ ਨੇ ਦਿਖਾਈ। ਪਿੱਛੇ ਪਰਿਵਾਰ ਵਿੱਚ ਪਿਤਾ ਬਖਸ਼ੀਸ਼ ਸਿੰਘ, ਮਾਤਾ ਸੁਰਜੀਤ ਕੌਰ, ਭੈਣਾਂ ਨਿਰੰਜਣ ਕੌਰ ਤੇ ਬੇਬੀ ਬਹੁਤ ਹੀ ਗ਼ਮਜ਼ਦਾ ਹਾਲਾਤ ਵਿੱਚ ਸਨ।

ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਪਿੰਡ ਵਾਸੀ ਅਤੇ ਆਲੇ-ਦੁਆਲੇ ਦੇ ਲੋਕ ਪਰਿਵਾਰ ਨਾਲ ਦੁੱਖ ਵੰਡਾਉਣ ਤੇ ਹੌਂਸਲਾ ਦੇਣ ਪੁੱਜੇ ਹੋਏ ਸਨ।

# ਭਾਰਤ ਬੰਦ ਦੇ ਸੱਦੇ ਤੇ ਮੁਕੰਦਪੁਰ ਵਿੱਚ ਵੀ ਜੋਸ਼ੀਲਾ ਪਰਦਰਸ਼ਨ ਬਜ਼ਾਰ ਰਹੇ ਬੰਦ

**ਮੁਕੰਦਪੁਰ, (ਰੇਸ਼ਮ ਕਰਨਾਣਵੀ )**–ਐਸ. ਸੀ/ਐਸ. ਟੀ ਐਕਟ ਨਾਲ ਕੀਤੀ ਛੇੜ-ਛਾੜ ਦੇ ਸਬੰਧ ਵਿਚ ਦਿੱਤੇ ਭਾਰਤ ਬੰਦ ਦੇ ਸੱਦੇ 'ਤੇ ਕਸਬਾ ਮੁਕੰਦਪੁਰ ਵਿਖੇ ਵੀ ਪਿੰਡ ਰਟੈਂਡਾ, ਸਾਧਪੁਰ, ਤਲਵੰਡੀ ਫੁੱਤੂ, ਜਗਤਪੁਰ, ਸ਼ੇਖੂਪੁਰ, ਬਖਲੌਰ, ਹਕੀਮਪੁਰ, ਅਤੇ ਮੁਕੰਦਪੁਰ ਦੇ ਬਸਪਾ ਆਗੂਆਂ, ਅਕਾਲੀ ਦਲ, ਕਾਂਗਰਸ ਤੇ ਕੰਮਿਊਨਿਸਟ ਪਾਰਟੀਆਂ ਦੇ ਐਸ.ਸੀ.ਮਐਸ.ਟੀ. ਵਰਗ ਨਾਲ ਸਬੰਧਿਤ ਮੁਲਾਜਮਾਂ ਤੇ ਵਰਕਰਾਂ ਨੇ ਪਹੁੰਚ ਕੇ ਕੇਂਦਰ ਸਰਕਾਰ ਦੇ ਖਿਲਾਫ ਤੇ ਖਾਸ ਕਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਰੋਸ ਪ੍ਰਗਟ ਕਰਦਿਆਂ ਨਾਅਰੇਬਾਜੀ ਕੀਤੀ । ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਬੀਤੇ ਦਿਨੀਂ ਭਾਰਤੀ ਸੰਵਿਧਾਨ ਨਾਲ ਕੀਤੀ ਛੇੜ-ਛਾੜ ਨੂੰ ਦਲਿਤ ਭਾਈਚਾਰਾ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ । ਜੇ ਕਰ ਇਸ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਇਸ ਦੇ ਸਿੱਟੇ ਹੋਰ ਵੀ ਗੰਭੀਰ ਹੋਣਗੇ । ਇਸ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਬਣਾ ਕੇ ਬੱਸ ਸਟੈਂਡ ਮੁਕੰਦਪੁਰ ਤੋਂ ਸ਼ੁਰੂ ਹੋ ਕੇ ਸਾਰੇ ਪਿੰਡ ਵਿਚ ਘੁਮਾਏ ਗਏ ਤੇ ਇਕ ਪੁਤਲੇ ਨੂੰ ਬੱਸ ਸਟੈਂਡ ਵਿਚ ਸਾੜਿਆ ਗਿਆ ਤੇ ਦੂਜਾ ਪੁਤਲਾ ਮੁਕੰਦਪੁਰ- ਫਗਵਾੜਾ ਤੇ ਚੱਕਦਾਨਾ ਮੁੱਖ ਮਾਰਗ 'ਤੇ ਰਸਤਾ ਜਾਮ ਕਰਕੇ ਉੱਥੇ ਫੂਕਿਆ ਗਿਆ । ਇਸ ਮੌਕੇ ਸੋਹਨ ਲਾਲ ਢੰਡਾ ਐਸ. ਸੀ ਵਿੰਗ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਸਤਨਾਮ ਸੰਧੂ ਜਨਰਲ ਸਕੱਤਰ ਪੰਜਾਬ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ, ਰਵਿੰਦਰ ਕੁਮਾਰ ਚੱਕ ਬਿਲਗਾਂ, ਸਰਪੰਚ ਕੁਲਵਿੰਦਰ ਮੰਡੇਰਾਂ, ਪਰਮਜੀਤ ਲੋਹਟੀਆ, ਸੋਮ ਨਾਥ ਰਟੈਂਡਾ ਬਸਪਾ ਆਗੂ, ਸੱਤਪਾਲ ਰਟੈਂਡਾ, ਅਮਰ ਕਟਾਰੀਆ, ਬੀ. ਪੀ. ਈ. ਓ ਕਰਨੈਲ ਸਿੰਘ, ਹਰਮੇਲ ਕੁਮਾਰ, ਗੁਰਪ੍ਰੀਤ ਸਾਧਪੁਰ, ਸੁਖਵਿੰਦਰ ਸਰਹਾਲ, ਚਰਨਜੀਤ ਕਟਾਰੀਆਂ ਕਾਂਗਰਸ ਆਗੂ, ਕੁਲਦੀਪ ਕਟਾਰੀਆ, ਸੰਦੀਪ, ਮਲਕੀਤ ਰਾਮ, ਜਸਵੰਤ ਕਟ-ਾਰੀਆ, ਚੈਤੀ ਰਾਮ ਰਟੈਂਡਾ, ਪੰਕਜ ਲੋਹਟੀਆ, ਕੁਲਵਿੰਦਰ ਸੋਨੂੰ, ਜੱਸਾ ਬੱਲੋਵਾਲ, ਸੁਰਿੰਦਰ ਢੰਡਾ ਬਖਲੌਰ, ਰਾਹੁਲ ਪੰਚ, ਸਾਜਨ ਮੱਟੂ, ਡਾ: ਦਲਜੀਤ ਢਿੱਲੋਂ ਆਦਿ ਹਾਜ਼ਰ ਸਨ । ਜਿਕਰਯੋਗ ਹੈ ਕਿ ਕਸਬਾ ਮੁਕੰਦਪੁਰ ਤੇ ਆਸ ਪਾਸ ਦੇ ਇਲਾਕਿਆਂ ਵਿਚ ਸਥਿਤੀ ਪੂਰਨ ਤੌਰ 'ਤੇ ਸ਼ਾਤੀਪੂਰਵਕ ਰਹੀ ਕੋਈ ਅਣਸੁਖਾਵੀਂ ਘਟਨਾ ਦਾ ਸਮਾਚਾਰ ਨਹੀਂ । ਇਸ ਮੌਕੇ ਥਾਣਾ ਮੁਕੰਦਪੁਰ ਦੇ ਮੁਲਾਜਮਾ ਵਲੋਂ ਫਲੈਗ ਮਾਰਚ ਕੱਢ ਕੇ ਸਥਿਤੀ ਦਾ ਜਾਇਜਾ ਲਿਆ ਗਿਆ । ਇਸ ਸਮੇਂ ਜਿਥੇ ਮੁਕੰਦਪੁਰ ਦੀਆਂ ਸਾਰੀਆਂ ਦੁਕਾਨਾਂ ਬੰਦ ਸਨ ਉੱਥੇ ਹੀ ਥਾਣਾ ਮੁਕੰਦਪੁਰ ਦਾ ਮੁੱਖ ਗੇਟ ਵੀ ਬੰਦ ਰਿਹਾ । ਇਸ ਮੌਕੇ ਨਵਾਂਸ਼ਹਿਰ ਦੇ ਐਸ. ਪੀ. ਡੀ. ਮਨਵਿੰਦਰ ਸਿੰਘ, ਏ. ਐਸ. ਪੀ ਬੰਗਾ ਸਰਤਾਜ ਸਿੰਘ ਚਾਹਲ ਤੇ ਥਾਣਾ ਮੁਕੰਦਪੁਰ ਦੇ ਮੁੱਖੀ ਅਤੇ ਹੋਰ ਵੱਡੀ ਗਿਣਤੀ ਵਿਚ ਪੁਲਿਸ ਹਾਜਰ ਸੀ ।




## ਛਣਕਾਟਾ

ਧੂਰੀ, ਮਾਨਸਾ, ਨਾਭੇ ਗਏ. ਤੇਰੇ ਵੰਗਾਂ ਪਸੰਦ ਨਾ ਆਈਆਂ
ਜ਼ਿਲ੍ਹਾ ਜਲੰਧਰ ਗਾਹ ਛੱਡਿਆ ਆ ਕੇ ਮੋਗੇ ਤੋਂ ਚੜ੍ਹਵਾਈਆਂ
ਮੋਰ ਕਲੈਰੀ ਤੋਰ ਤੁਰੇ ਤੇਰੀ ਝਾਂਜਰ ਪਾਉਂਦੀ ਸ਼ੋਰ ਸਹੀ
ਛਣਕਾਟਾ ਪਾਦੇ ਗਿੱਧੇ ਵਿਚ ਜਾਂ ਵੰਗਾਂ ਪਾਉਣ ਦੀ ਲੋੜ ਨਹੀਂ।

ਵੰਗਾਂ ਪਾਈਆਂ ਕੰਮ ਨਾ ਆਈਆਂ ਦੱਸ ਕੀ ਫਾਇਦਾ ਚੜ੍ਹਵਾ ਕੇ
ਬਾਂਹ ਕੱਢ ਕੇ ਨਾ ਬੋਲੀ ਪਾਈ ਤੈਨੂੰ ਕੀ ਮਿਲਦਾ ਤੜਫਾ ਕੇ
ਰੰਗ ਰੂਪ ਵੀ ਰੱਬ ਦਿੱਤਾ ਤੈਨੂੰ ਕਿਸੇ ਗੱਲ ਦੀ ਥੋੜ੍ਹ ਨਹੀਂ
ਛਣਕਾਟਾ ਪਾ ਦੇ ਗਿੱਧੇ ਵਿਚ ਜਾਂ ਵੰਗਾਂ .....



ਵਿਆਹ ਸ਼ਾਦੀ ਤੇ ਗਿੱਧਾ ਪਾਈਏ ਨਾ ਸੰਗੀਏ ਸ਼ਰਮਾਈਏ
ਬਾਕੀ ਕਦੇ ਕਦਾਈ ਮੌਕੇ ਮਿਲਦੇ ਨਾ ਮਿੰਨਤਾਂ ਕਢਵਾਈਏ
ਬੈਠ ਬਨੇਰੇ ਵੇਖਣ ਗਿੱਧਾ ਸਭ ਦਾ ਦਿਲ ਤੂੰ ਤੋੜ ਰਹੀ
ਛਣਕਾਟਾ ਪਾ ਦੇ ਗਿੱਧੇ ਵਿਚ ਜਾਂ ਵੰਗਾਂ .....

ਗਿੱਧਾ ਪਾ ਤੇਰੀ ਬਣੇ ਵੀਡੀਓ ਵੇਖਕੇ ਚਿੱਤ ਪਰਚਾਵੀਂ
ਆਂਢ-ਗੁਆਂਢੀ ਕਰਨਗੇ ਸਿਫਤਾਂ ਸੱਸ ਨੂੰ ਫੇਰ ਵਿਖਾਵੀਂ
ਨੱਚ ਨੱਚ ਕੇ ਬੱਸ ਧਰਤੀ ਹਿਲਾਦੇ ਖੁਸ਼ ਜੋ ਜੇ ਤੇਰਾ ਢੋਲ ਸਹੀ
ਛਣਕਾਟਾ ਪਾ ਦੇ ਗਿੱਧੇ ਵਿਚ ਜਾਂ ਵੰਗਾਂ ....

ਅੱਜ ਸਾਉਣ ਮਹੀਨੇ ਗਿੱਧਾ ਪਾਉਣ ਲਈ ਕੁੜੀਆਂ ਕਰਨ ਤਿਆਰੀ
ਤੀਆਂ ਨਾਂ ਤੈਨੂੰ ਚੰਗੀਆਂ ਲੱਗਣ ਹੁਣ ਡਿਸਕੋ ਹੋਈ ਪਿਆਰੀ
ਦੱਸੇ 'ਦੇਵ ਘੋਲੀਏ' ਵਾਲਾ ਤਾਹੀਉਂ ਗਿੱਧੇ ਤੋਂ ਮੁਖ ਮੋੜ ਗਈ
ਛਣਕਾਟਾ ਪਾ ਦੇ ਗਿੱਧੇ ਵਿਚ ਜਾਂ ਵੰਗਾਂ ਪਾਉਣ ਦੀ ਲੋੜ ਨਹੀਂ।

**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

# ਭਾਰਤ ਬੰਦ ਦੇ ਕਾਰਣ ਅਰਬਾਂ ਰੁਪਏ ਦਾ ਹੋਇਆ ਨੁਕਸਾਨ

**ਨਵੀਂ ਦਿੱਲੀ –** ਐਸ.ਸੀ./ਐਸ.ਟੀ. ਐਕਟ 'ਚ ਸੋਧ ਕਰਨ ਦੇ ਵਿਰੋਧ ਵਿਚ 2 ਅਪ੍ਰੈਲ ਨੂੰ ਦੇਸ਼ ਵਿਆਪੀ ਬੰਦ ਹੋਣ ਕਰਕੇ ਉਦਯੋਗ ਤੇ ਵਣਜ ਦੀ ਗੱਡੀ ਲੀਹੋਂ ਲੱਥੀ ਨਜ਼ਰ ਆਈ ਤੇ ਸਨਅਤੀ ਇਕਾਈਆਂ ਅਤੇ ਕਾਰੋਬਾਰੀ ਅਦਾਰੇ ਜਿੱਥੇ ਬੰਦ ਰਹੇ, ਉਥੇ ਟਰੱਕਾਂ ਤੇ ਬੱਸਾਂ ਦੇ ਚੱਕਾ ਜਾਮ ਨੇ ਸੜਕਾਂ ਸੁੰਨੀਆਂ ਕਰ ਦਿੱਤੀਆਂ। ਜਾਣਕਾਰੀ ਅਨੁਸਾਰ ਦੇਸ਼ ਵਿਆਪੀ ਬੰਦ ਕਰਕੇ ਪੰਜਾਬ ਦੇ ਸਵਾ ਲੱਖ ਟਰੱਕ ਚਾਲਕਾਂ ਸਮੇਤ ਦੇਸ਼ ਭਰ ਦੇ 93 ਲੱਖ ਟਰੱਕ ਚਾਲਕਾਂ ਨੇ ਟਰੱਕਾਂ ਤੇ 50 ਲੱਖ ਦੇ ਕਰੀਬ ਬੱਸ ਚਾਲਕਾਂ ਨੇ ਆਪਣੀਆਂ ਬੱਸਾਂ ਦਾ ਚੱਕਾ ਜਾਮ ਰੱਖਿਆ, ਜਿਸ ਕਰਕੇ 5 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਣ ਦੀ ਜਾਣਕਾਰੀ ਮਿਲੀ ਹੈ। ਦਿੱਲੀ ਤੋਂ ਬਾਅਦ ਸਭ ਤੋਂ ਵੱਡੇ ਟ੍ਰਾਂਸਪੋਰਟ ਨਗਰ ਲੁਧਿਆਣਾ ਤੋਂ ਰੋਜ਼ਾਨਾ 500 ਤੋਂ ਵੱਧ ਟਰੱਕ ਮਾਲ ਲੈ ਕੇ ਆਉਂਦੇ ਅਤੇ 500 ਤੋਂ ਵੱਧ ਮਾਲ ਲੈ ਕੇ ਜਾਂਦੇ ਹਨ। ਪਰ ਅੱਜ ਸਿਰਫ਼ ਇੱਕਾ-ਦੁੱਕਾ ਟਰੱਕ ਨੂੰ ਛੱਡ ਕੇ ਬਾਕੀ ਟਰੱਕ ਮਾਲ ਲੈ ਕੇ ਨਾ ਰਵਾਨਾ ਹੋਏ ਅਤੇ ਨਾ ਹੀ ਕਿਸੇ ਹੋਰ ਥਾਂ ਤੋਂ ਟਰਾਂਸਪੋਰਟ ਨਗਰ ਵਿਖੇ ਪੁੱਜੇ। ਭਾਰਤ ਬੰਦ ਕਰਕੇ ਅੱਜ ਮਹਾਨਗਰ ਦੇ ਸਾਈਕਲ ਤੇ ਸਾਈਕਲ ਕਲਪੁਰਜ਼ੇ, ਹੌਜ਼ਰੀ, ਆਟੋ ਕਲਪੁਰਜ਼ੇ, ਟਰੈਕਟਰ ਕਲਪੁਰਜ਼ੇ ਤੇ ਹੋਰ ਸਾਮਾਨ ਦੇਸ਼ ਦੇ ਵੱਖ-ਵੱਖ ਭਾਗਾਂ 'ਚ ਨਹੀਂ ਜਾ ਸਕਿਆ, ਜਿਸ ਕਰਕੇ ਲਗਭਗ 5 ਹਜ਼ਾਰ ਕਰੋੜ ਰੁਪਏ ਦਾ ਸਾਮਾਨ ਸਨਅਤੀ ਇਕਾਈਆਂ ਜਾਂ ਟਰਾਂਸਪੋਰਟਰਾਂ ਦੇ ਗੋਦਾਮਾਂ 'ਚ ਜਮ੍ਹਾਂ ਹੋ ਗਿਆ ਹੈ।

# 6 ਸਾਲਾਂ ਬਾਅਦ ਆਪਣਾ ਜੱਦੀ ਘਰ ਵੇਖਕੇ ਭਾਵੁਕ ਹੋ ਗਈ ਮਲਾਲਾ

ਪੇਸ਼ਾਵਰ – ਨੋਬਲ ਸ਼ਾਂਤੀ ਐਵਾਰਡ ਜੇਤੂ ਮਲਾਲਾ ਯੂਸਫਜ਼ਈ ਇੱਕ ਰੋਜ਼ਾ ਯਾਤਰਾ 'ਤੇ ਜੱਦੀ ਸ਼ਹਿਰ ਸਵਾਤ ਘਾਟੀ ਪੁੱਜੀ। ਆਪਣੇ ਪੁਰਾਣੇ ਦੋਸਤਾਂ ਤੇ ਅਧਿਆਪਕਾਂ ਨੂੰ ਮਿਲਣ ਮੌਕੇ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਹ ਬਹਤ ਭਾਵੁਕ ਹੋ ਗਈ ਤੇ ਕਿਹਾ ਕਿ ਬ੍ਰਿਟੇਨ 'ਚ ਪੜ੍ਹਾਈ ਖਤਮ ਕਰਨ ਪਿੱਛੋਂ ਉਹ ਦੇਸ਼ ਪਰਤੇਗੀ ਕਿਉਂਕਿ ਹੋਰਨਾਂ ਵਾਂਗ ਇਹ ਉਸ ਦੇ ਲਈ ਆਪਣਾ ਦੇਸ਼ ਹੈ, ਜਿਸ ਨੂੰ ਉਹ ਬਹੁਤ ਪਿਆਰ ਕਰਦੀ ਹੈ।




ਕੁੜੀਆਂ ਦੀ ਪੜ੍ਹਾਈ ਦਾ ਪੱਖ ਲੈਣ ਵਾਲੀ ਮਲਾਲਾ 2012 'ਚ ਤਾਲਿਬਾਨ ਦੀ ਗੋਲੀ ਦਾ ਸ਼ਿਕਾਰ ਹੋਈ ਸੀ। ਤਦ ਉਸ ਨੂੰ ਇਲਾਜ ਲਈ ਏਅਰ ਲਿਫਟ ਕਰ ਕੇ ਬ੍ਰਿਟੇਨ ਲਿਜਾਇਆ ਗਿਆ ਸੀ। ਇਸ ਦੇ ਛੇ ਸਾਲ ਬਾਅਦ ਉਹ ਵੀਰਵਾਰ ਨੂੰ ਆਪਣੇ ਪਿਤਾ ਅਤੇ ਛੋਟੇ ਭਰਾ ਨਾਲ ਆਪਣੇ ਦੇਸ਼ ਪਰਤੀ। ਸੁਰੱਖਿਆ ਕਾਰਨਾਂ ਕਰ ਕੇ ਪਹਿਲਾਂ ਉਨ੍ਹਾਂ ਦਾ ਸਵਾਤ ਘਾਟੀ ਆਉਣਾ ਤੈਅ ਨਹੀਂ ਸੀ, ਪਰ ਉਸ ਨੇ ਘਰ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਇਸ ਦੇ ਬਾਅਦ ਸਖਤ ਸੁਰੱਖਿਆ 'ਚ ਉਹ ਹੈਲੀਕਾਪਟਰ ਰਾਹੀਂ ਮਿੰਗੋਰਾ ਦੇ ਮਾਕਨ ਬਾਗ ਵਿੱਚ ਆਪਣੇ ਜੱਦੀ ਘਰ ਪੁੱਜੀ। ਪਾਕਿਸਤਾਨ ਦੀ ਸੂਚਨਾ ਰਾਜ ਮੰਤਰੀ ਮਰੀਅਮ ਔਰੰਗਜ਼ੇਬ ਵੀ ਉਨ੍ਹਾਂ ਨਾਲ ਮੌਜੂਦ ਸਨ।ਪੁਰਾਣੇ ਦੋਸਤਾਂ ਅਤੇ ਅਧਿਆਪਕਾਂ ਨਾਲ ਮੁਲਾਕਾਤ ਪਿੱਛੋਂ ਉਸ ਨੇ ਕੁਝ ਸਮਾਂ ਘਰ ਵਿੱਚ ਬਿਤਾਇਆ ਅਤੇ ਫਿਰ ਸਵਾਤ ਘਾਟੀ ਪੁੱਜੀ। ਉਥੇ ਉਸ ਨੇ ਇੱਕ ਸਮਾਗਮ ਨੂੰ ਸੰਬੋਧਨ ਕੀਤਾ। ਏਥੇ ਸ਼ਾਂਗਲਾ ਜ਼ਿਲ੍ਹੇ ਵਿੱਚ ਕੁੜੀਆਂ ਦਾ ਇੱਕ ਸਕੂਲ ਮਲਾਲਾ ਨੂੰ ਨੋਬਲ ਐਵਰਡ ਤੋਂ ਮਿਲੀ ਇਨਾਮੀ ਰਾਸ਼ੀ ਨਾਲ ਬਣਾਇਆ ਗਿਆ ਸੀ। ਆਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਮਲਾਲਾ ਨੇ ਕਿਹਾ, ਮੈਂ ਆਪਣੇ ਵਤਨ ਨੂੰ ਬਹੁਤ ਯਾਦ ਕਰਦੀ ਹਾਂ। ਪੜ੍ਹਾਈ ਖਤਮ ਹੋਣ ਦੇ ਬਾਅਦ ਮੈਂ ਹਮੇਸ਼ਾ ਲਈ ਪਾਕਿਸਤਾਨ ਆਉਣਾ ਚਾਹੁੰਦੀ ਹਾਂ। ਇਥੇ ਰਹਿ ਕੇ ਮੈਂ ਬੱਚਿਆਂ ਨੂੰ ਯੋਗ ਸਿਖਿਆ ਦਿਵਾਉਣ ਦਾ ਆਪਣਾ ਮਿਸ਼ਨ ਵੀ ਪੂਰਾ ਕਰਾਂਗੀ। ਜ਼ਿਕਰ ਯੋਗ ਹੈ ਕਿ 2014 'ਚ ਮਲਾਲਾ ਨੂੰ 14 ਸਾਲ ਦੀ ਉਮਰ ਵਿੱਚ ਭਾਰਤ ਦੇ ਕੈਲਾਸ਼ ਸਤਿਆਰਥੀ ਨਾਲ ਨੋਬਲ ਇਨਾਮ ਦਿੱਤਾ ਗਿਆ ਸੀ। ਉਸ ਨੇ ਪਾਕਿਸਤਾਨ, ਨਾਈਜੀਰੀਆ, ਜਾਰਡਨ, ਸੀਰੀਆ ਅਤੇ ਕੀਨੀਆ 'ਚ ਸਿਖਿਆ ਦੀ ਵਕਾਲਤ ਕਰਨ ਵਾਲੇ ਗਰੁੱਪਾਂ ਦੇ ਸਹਿਯੋਗ ਨਾਲ ਮਲਾਲਾ ਫੰਡ ਦੀ ਵੀ ਸਥਾਪਨਾ ਕੀਤੀ।

## ਬਟਾਲਾ ਦਾ ਉਮਰਪੁਰਾ ਚੌਕ ਮੁਕੰਮਲ ਬੰਦ ਰਿਹਾ

**ਬਟਾਲਾ (ਨਰਿੰਦਰ ਬਰਨਾਲ)–** ਦਲਿਤ ਜਥੇਬੰਦੀਆਂ ਵੱਲੋ ਭਾਰਤ ਬੰਦ ਨੂੰ ਬਟਾਲਾ ਵਿਚ ਭਰਵਾਂ ਹੁੰਗਾਰਾ ਮਿਲਿਆ ਹੈ। ਭਾਤਰਬੰ ਬੰਦ ਦੌਰਾਨ ਬਟਾਲਾ ਦਾ ਉਮਰਪੁਰਾ ਚੌਕ ਮੁਕੰਮਲ ਤੋਰ ਤੇ ਬੰਦ ਰਿਹਾ ਜਿਸ ਦੌਰਾਨ ਆਮ ਵਰਤੋਂ ਵਾਲੀਆ ਚੀਜਾਂ ਦੀਆ ਦੁਕਾਨਾ ਕਿ-



ਰਆਨਾ, ਸਬਜੀ ਆਦਿ ਮੁਕੰਮਲ ਤੌਰ ਦੇ ਬੰਦ ਰਹੀਆ , ਚਹਿਲ ਪਹਿਲ ਵਾਲੇ ਉਮਰਪੁਰਾ ਚੌਕ ਵਿਚ ਸਿਵਾਏ ਤਿੰਨ ਸਿਪਾਹੀਆਂ ਦੇ ਕੋਈ ਰੌਣਕ ਨਹੀ ਸੀ। ਇਸ ਤੋ ਇਲਾਵਾ ਇੰਟਰਨੈਟ ਸੇਵਾ ਦੇ ਬੰਦ ਹੋਣ ਨਾਲ ਕਾਫੀ ਲੋਕ ਬਿੰਨਾ ਨੈਟ ਤੇ ਕੋਸਦੇ ਵੀ ਰਹੇ ਇਸ ਮਾਮਲੇ ਪੁਲਿਸ ਪ੍ਰਸਾਸਣ ਵੱਲੋ ਇਕ ਦਿਨ ਕੀਤਾ ਗਿਆ ਫਲੈਗ ਮਾਰਚ ਕਾਫੀ ਜਿਕਰਯੋਗ ਹੈ। ਇਸ ਭਾਰਤ ਬੰਦ ਦੌਰਾਨ ਲੋਕ ਆਪਣੇ ਘਰਾਂ ਵਿਚ ਹੀ ਰਹੇ ਤੇ ਬੱਚਿਆਂ ਨਾਲ ਬੰਦ ਦੌਰਾਨ ਖੁਸੀ ਦਾ ਲੁਤਫ ਲਿਆ ।

# ਉੱਘੀ ਹਾਲੀਵੁੱਡ ਫਿਲਮ 'ਦ ਬਲੈਕ ਪ੍ਰਿੰਸ' ਡਿਜੀਟਲ ਤੇ ਡੀਵੀਡੀ ਵਜੋਂ 10 ਅਪਰੈਲ ਨੂੰ ਕੀਤੀ ਜਾਵੇਗੀ ਰਿਲੀਜ਼

## ਹਾਲੀਵੁੱਡ ਦੀ ਉੱਘੀ ਕੰਪਨੀ ਯੂਨੀਗਲੋਬ ਐਂਟਰਟੇਨਮੈਂਟ ਨੇ ਲਿਆ ਡਿਸਟ੍ਰੀਬਿਊਸ਼ਨ ਦਾ ਜ਼ਿੰਮਾ









ਲਾਸ ਏਂਜਲਸ/ਬਿਊਰੋ ਨਿਊਜ਼: ਹਾਲੀਵੁੱਡ ਦੀ ਉੱਘੀ ਕੰਪਨੀ ਯੂਨੀਗਲੋਬ ਐਂ ਟਰਟੇਨਮੈਂਟ ਨੇ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਉੱਤੇ ਬਣੀ ਹਾਲੀਵੁੱਡ ਦੀ ਫਿਲਮ 'ਦ ਬਲੈਕ ਪ੍ਰਿੰਸ' ਦੀ ਵਿਸ਼ਵ ਪੱਧਰ ਉੱਤੇ ਆਨ ਲਾਈਨ ਡਿਸਟ੍ਰੀਬਿਊਸ਼ਨ ਦਾ ਸਾਰਾ ਕੰਮ ਅਪਣੇ ਜ਼ਿੰਮੇ ਲੈ ਲਿਆ ਹੈ। ਯੂਨੀਗਲੋਬ ਐਂਟਰਟੇਨਮੈਂਟ ਇਸ ਖੇਤਰ ਵਿੱਚ ਮੋਹਰੀ ਸਥਾਨ ਰਖਦੀ ਹੈ ਅਤੇ ਇਸ ਵਲੋਂ 'ਦ ਬਲੈਕ ਪ੍ਰਿੰਸ'ਦੇ ਪ੍ਰੋਡਿਊਸਰਾਂ ਨਾਲ ਕੀਤੇ ਲਿਖਤੀ ਸਮਝੌਤੇ ਅਧੀਨ ਅਗਲੇ ਮਹੀਨੇ ਸ਼ੁਰੂ ਹੋਣ ਵਾਲੇ ਵਿਸਾਖੀ ਦੇ ਜਸ਼ਨਾਂ ਦੇ ਮੱਦੇਨਜ਼ਰ ਫਿਲਮ ਦੇ ਡਿਜੀਟਲ ਅਤੇ ਡੀਵੀਡੀ ਰੂਪ 10 ਅਪਰੈਲ 2018 ਨੂੰ ਵੱਡੇ ਪੱਧਰ ਉੱਤੇ ਰਿਲੀਜ ਕੀਤੇ ਜਾਣਗੇ।

ਪਿਛਲੇ ਸਾਲ ਜੁਲਾਈ ਮਹੀਨੇ ਦੌਰਾਨ ਰਿਲੀਜ ਕੀਤੇ ਜਾਣ ਬਾਅਦ 'ਦ ਬਲੈਕ ਪ੍ਰਿੰਸ' ਨੂੰ ਸਭ ਪਾਸਿਆਂ ਤੋਂ ਭਰਵਾਂ ਹੁੰਗਾਰਾ ਮਿਲਿਆ। ਜਿੱਥੇ ਦਰਸ਼ਕਾਂ ਨੇ ਇਸਨੂੰ ਵੇਖਣ ਲਈ ਸਿਨਮਾ ਘਰਾਂ ਵਲ ਵਹੀਰਾਂ ਘੱਤੀਆਂ ਉੱਥੇ ਅਮਰੀਕਾ, ਯੂਰਪ ਅਤੇ ਏਸ਼ੀਆ ਦੇ ਉੱਘੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ ਦੇ ਫਿਲਮ ਸਮੀਖਿਅਕਾਂ ਨੇ ਚੋਟੀ ਦੀਆਂ ਫਿਲਮਾਂ ਨਾਲ ਤੁਲਨਾ ਦਿੰਦਿਆਂ ਅੰਗਰੇਜੀ, ਹਿੰਦੀ ਤੇ ਪੰਜਾਬੀ ਵਿੱਚ ਬਣਾਈ ਇਸ ਖ਼ੂਬਸੂਰਤ ਕਲਾ ਕ੍ਰਿਤ ਦੀ ਬੇਹੱਦ ਸਰਾਹਨਾ ਕੀਤੀ।ਯੂਰਪ ਵਿੱਚ ਇਸਨੇ ਬਾਕਸ ਆਫ਼ਿਸ ਉੱਤੇ 10 ਚੋਟੀ ਦੀਆਂ ਫਿਲਮਾਂ ਵਿੱਚ ਅਪਣਾ ਸਥਾਨ ਬਣਾਇਆ ਸੀ।

ਐਂਗਲੋ ਸਿੱਖ ਇਤਿਹਾਸ 'ਤੇ ਬਣੀ ਫਿਲਮ 'ਦ ਬਲੈਕ ਪ੍ਰਿੰਸ' ਇਤਿਹਾਸ ਦੇ ਪੰਨਿਆਂ ਨੂੰ ਫਿਲਮ 'ਤੇ ਉਜਾਗਰ ਕਰਨ ਦਾਇੱਕ ਇਮਾਨਦਾਰ ਯਤਨ ਹੈ। ਫਿਲਮ ਸਿੱਖਾਂ ਨੂੰ ਆਪਣੇ ਵਿਰਸੇ ਦੀ ਨਜ਼ਰਸ਼ਾਨੀ ਕਰਨ ਲਈ ਮਜ਼ਬੂਰ ਕਰਦੀ ਹੈ। 'ਦਿ ਬਲੈਕ ਪ੍ਰਿੰਸ' ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜ ਦੇ 1947 ਵਿਚ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਵਿਚ ਪਾਏ ਯੋਗਦਾਨ ਦੇ ਲੁਕਵੇਂ ਅਧਿਆਏ ਬਾਰੇ ਪਤਾ ਚਲਦਾ ਹੈ। ਸਿੱਖਾਂ ਦੇ ਆਖ਼ਰੀ ਮਹਾਰਾਜਾ ਵਜੋਂ ਜਾਣੇ ਜਾਂਦੇ ਦਲੀਪ ਸਿੰਘ ਨੂੰ ਬਰਤਾਨਵੀ ਸ਼ਾਸ਼ਕਾਂ ਨੇ ਬਚਪਨ ਉਮਰੇ ਅਪਣੀ ਅਨਐਲਾਨੀ ਹਿਰਾਸਤ ਵਿੱਚ ਰੱਖ ਕੇਉਸ ਕੋਲੋਂ ਸਭ ਕੁਝ ਖੋਹ ਲਿਆ ਸੀ ਜਿਸ ਵਿਰੁਧ ਉਸਨੂੰ ਆਖ਼ਰੀ ਉਮਰੇ ਅੱਤ ਗਰੀਬ ਹਾਲਤ ਵਿੱਚ ਆਪਣੇ ਆਖਰੀ ਸਾਹ ਭਰਣ ਅਤੇ ਬਾਗੀ ਹੋਣਲਈ ਮਜ਼ਬੂਰ ਹੋਣਾ ਪਿਆ।ਮਹਾਰਾਜਾ ਦਲੀਪ ਸਿੰਘ ਨੂੰ ਮਹਿਜ਼ 5 ਵਰ੍ਹਿਆਂ ਦੀ ਉਮਰ ਵਿਚ ਸਿੰਘਾਸਨ 'ਤੇ ਬਿਠਾਇਆ ਗਿਆ ਤਾਂ ਜੋ ਉਨ੍ਹਾਂ ਦੇ ਭਰੋਸੇਮੰਦ ਦਰਬਾਰੀਆਂ ਹੱਥੋਂ ਖ਼ੂਨੀ ਰਾਜਧਰੋਹ ਰਾਹੀਂ ਸਿੰਘਾਸਨ ਲੁੱਟਿਆ ਜਾ ਸਕੇ। 15 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ ਆਪਣੀ ਮਾਂ ਮਹਾਰਾਣੀ ਜਿੰਦਾਂ ਕੋਲੋਂ ਖੋਹ ਕੇ ਇੰਗਲੈਂਡ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੁਲਾਕਾਤ ਮਹਾਰਾਣੀ ਵਿਕਟੋਰੀਆ ਨਾਲ ਕਰਵਾਈ ਗਈ, ਜਿਸ ਨੇ ਪਹਿਲੇ ਨਜ਼ਰੇ ਤਕਦਿਆਂ ਹੀ ਉਨ੍ਹਾਂ ਨੂੰ ਦਿ ਬਲੈਕ ਪ੍ਰਿੰਸ' ਕਹਿ ਕੇ ਸੱਦਿਆ ਸੀ।

ਪੰਜਾਬ ਦੀ ਅਮੀਰ ਰਿਆਸਤ ਦੇ ਆਖ਼ਰੀ ਵੰਸ਼ਜ ਮਹਾਰਾਜਾ ਦਲੀਪ ਸਿੰਘ ਦੀ ਅਣਕਹੀ ਦਾਸਤਾਨ ਨੂੰ ਫ਼ਿਲਮ 'ਦਿ ਬਲੈਕ ਪ੍ਰਿੰਸ' ਨੇ ਬਾਖ਼ੂਬੀ ਪਰਦੇ 'ਤੇ ਉਤਾਰਿਆ ਹੈ। ਇਹ ਗੱਲ ਘੱਟ ਲੋਕ ਹੀ ਜਾਣਦੇ ਹੋਣਗੇ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਪਿਛੇ ਮਹਾਰਾਜਾ ਦਲੀਪ ਸਿੰਘ ਪ੍ਰੇਰਣਾ ਸ਼ਕਤੀ ਸਨ ਕਿਉਂਕਿ ਉਸ ਵੇਲੇ ਬਰਤਾਨਵੀ ਹਾਕਮ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਖ਼ੌਫ਼ਜ਼ਦਾ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਜਨਮ ਭੂਮੀ ਤੋਂ ਦੂਰ ਰੱਖਣ ਦੇ ਇਰਾਦੇ ਨਾਲ ਬਰਤਾਨੀਆ ਦੇ ਮਾਹੌਲ ਵਿਚ ਹੀ ਪਲਣ ਦਿੱਤਾ।

ਇਸ ਯਾਦਗਾਰੀ ਫਿਲਮ 'ਚ ਉੱਘੇ ਕਲਾਕਾਰਾਂ ਨੇ ਆਪਣੀਆਂ ਅਦਾਕਾਰੀਆਂ ਰਾਹੀਂ ਗਲੋਬਲ ਫ਼ਿਲਮ ਫੈਸਟੀਵਲਾਂ ਵਿਚ ਆਲੋਚਕਾਂ ਦੀ ਵਾਹ-ਵਾਹ ਖੱਟੀ ਅਤੇ ਪਹਿਲੀ ਵਾਰ ਫ਼ਿਲਮ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਅਦਾਕਾਰੀ ਨੂੰ ਵੀ ਬੇਹੱਦ ਸਲਾਹਿਆ ਗਿਆ। ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦੇ ਕਿਰਦਾਰ ਨੂੰ ਬਾਖ਼ੂਬੀ ਪਰਦੇ ਉੱਤੇ ਨਿਭਾਅ ਕੇ ਵਾਹਵਾ ਖੱਟੀ ਸੀ। ਮਾਹਾਰਾਜਾ ਦੇ ਅੰਗਰੇਜ ਮਾਪਿਆਂ ਵਜੋਂ ਉੱਘੇ ਬ੍ਰਿਟਿਸ਼ ਐਕਟਰ ਜੋਸਨ ਫਲੇਮਿੰਗ ਵਜੋਂ ਡਾ.ਲੋਗਿਨ ਦੇ ਕਿਰਦਾਰ ਨੂੰ ਪਰਦੇ ਉੱਤੇ ਪੇਸ਼ ਕਰਨਾ ਫਿਲਮ ਦੀ ਮਹੱਤਤਾ ਦਾ ਸਬੂਤ ਸੀ।

ਯੂਨੀਗਲੋਬ ਐਂਟਰਟੇਨਮੈਂਟ ਦਾ ਫਿਲਮਾਂ ਬਣਾਉਣ, ਡਿਸਟ੍ਰੀਬਿਊਸ਼ਨ ਅਤੇ ਮਾਰਕੀਟਿੰਗ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਅਤੇ ਉੱਘਾ ਨਾਂਅ ਹੈ। ਇਸਨੇ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਨੂੰ ਵੀ ਹਮੇਸ਼ਾਂ ਤਰਜੀਹ ਦਿੱਤੀ ਹੈ।

'ਦਿ ਬਲੈਕ ਪ੍ਰਿੰਸ' ਦੀ ਪ੍ਰੋਡੱਕਸ਼ਨ ਟੀਮ ਨਾਲ ਹੋਏ ਸਹਿਯੋਗ ਬਾਰੇ ਯੂਨੀਗਲੋਬ ਐਂਟਰਟੇਨਮੈਂਟ ਦੇ ਪ੍ਰੈਜੀਡੈਂਟ ਨਮਰਤਾ ਸਿੰਘ ਗੁਜਰਾਲ ਦਾ ਕਹਿਣਾ ਹੈ, 'ਵਿਸਾਖ਼ੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਅਦ ਖਾਲਸਾ ਪੰਥ ਦੀ ਸਾਜਨਾ ਦਾ ਇਤਿਹਾਸਕ ਦਿਹਾੜਾ ਹੈ। ਮੈਂ ਜਦੋਂ ਇਹ ਫਿਲਮ ਵੇਖੀ ਤਾਂ ਮੇਰਾ ਰੋਣ ਨਹੀਂ ਸੀ ਥੰਮ ਰਿਹਾ। ਸਿੱਖ ਹੋਣ ਦੇ ਨਾਤੇ ਮੈਨੂੰ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਸੰਘਰਸ਼ ਨੂੰ ਬੜੇ ਮਾਰਮਿਕ ਢੰਗ ਨਾਲ ਪੇਸ਼ ਕਰਦੀ ਇਹ ਫਿਲਮ ਵਿਸ਼ਵ ਭਰ ਵਿੱਚ ਸਿੱਖਾਂ ਤੇ ਹੋਰਨਾਂ ਭਾਈਚਾਰਿਆਂ ਤੱਕ ਪੁੱਜਦੀ ਕਰਨ ਦਾ ਮੌਕਾ ਮਿਲਣ ਉੱਤੇ ਬੜਾ ਮਾਣ ਮਹਿਸੂਸ ਹੋਇਆ। ਇਸ ਫਿਲਮ ਨੂੰ ਵੇਖ ਕੇ ਸਿੱਖ ਬੱਚੇ ਇਹ ਜਾਣ ਸਕਣਗੇ ਕਿ ਬਹਾਦਰ ਸਿੱਖ ਕੌਮ ਨੇ ਕਿਸ ਤਰ੍ਹਾਂ ਧਾਰਮਿਕ ਅਸ਼ਹਿਣਸ਼ੀਲਤਾ ਤੇ ਸਿੱਖਾਂ ਉੱਤੇ ਜੁਲਮ ਤੇ ਜਬਰ ਦਾ ਵਿਰੋਧ ਕਰਦਿਆਂ ਦੁਸ਼ਮਣਾਂ ਨਾਲ ਲੋਹਾ ਲੈਣ ਅਤੇ ਕੁਰਬਾਨੀਆਂ ਦੇਣ ਦਾ ਸਿਲਸਿਲਾ ਬਰਕਰਾਰ ਰੱਖਿਆ ਹੋਇਆ ਹੈ। 'ਦਿ ਬਲੈਕ ਪ੍ਰਿੰਸ' ਦੇ ਨਿਰਦੇਸ਼ਕ ਕਵੀ ਰਾਜ਼ ਨੇ ਯੂਨੀਗਲੋਬ ਐਂਟਰਟੇਨਮੈਂਟ ਨਾਲ ਸਹਿਯੋਗ ਉੱਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖ ਵਿਰਸੇ ਨੂੰ ਦਰਸਾਉਂਦੀ ਇਸ ਫਿਲਮ ਨੂੰ ਵਿਸਾਖੀ ਮੌਕੇ ਆਨ ਲਾਈਨ ਤੇ ਡੀਵੀਡੀ ਰਿਲੀਜ ਕਰਨਾ ਬੜਾ ਢੁਕਵਾਂ ਸਮਾਂ ਹੈ।ਇਸ ਮੌਕੇ ਸਿੱਖ ਅਪਣੇ ਯੋਧਿਆਂ ਦੀਆਂ ਘਾਲਨਾਵਾਂ ਦੇ ਜਸ਼ਨ ਮਨਾਉਂਦੇ ਹਨ ਤੇ ਇਹੋ ਕਾਰਜ 'ਦਿ ਬਲੈਕ ਪ੍ਰਿੰਸ' ਕਰਦੀ ਹੈ।

ਐਗਜੀਕਿਊਟਿਵ ਪ੍ਰੋਡਿਊਸਰ ਜਸਜੀਤ ਸਿੰਘ ਦਾ ਕਹਿਣਾ ਹੈ ਕਿ ਮੇਰਾ ਯਤਨ ਇਸ ਇਤਿਹਾਸਕ ਕਹਾਣੀ ਨੂੰ ਸਾਡੇ ਬੱਚਿਆਂ ਤੱਕ ਵੱਡੀ ਪੱਧਰ ਉੱਤੇ ਪਹੁੰਚਾਉਣ,ਦੱਸਣ ਅਤੇ ਸੁਣ-ਾਉਣ ਦਾ ਹੈ ਤਾਂ ਕਿ ਉਹ ਅਪਣੀ ਕੌਮ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਸੰਘਰਸ਼ ਤੋਂ ਪ੍ਰੇਰਣਾ ਲੈ ਕੇ ਅਪਣੇ ਭਵਿੱਖ ਪ੍ਰਤੀ ਸੁਚੇਤ ਹੋਣ। ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਿੱਖ ਰਾਜ ਦੀ ਬਹਾਲੀ ਲਈ ਮਹਾਰਾਜਾ ਦਲੀਪ ਸਿੰਘ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉੱਸ ਵੇਲੇ ਸਿੱਖਾਂ ਦਾ ਕੀ ਹੁੰਗਾਰਾ ਤੇ ਪ੍ਰਤੀਕਰਮ ਸੀ। ਉਸ ਵਲੋਂ ਆਰੰਭਿਆ ਯਤਨ ਗਦਰ ਲਹਿਰ ਦੇ ਰੂਪ ਵਿੱਚ ਉਭਰ ਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਅਤੇ ਵੱਡੇ ਯੋਗਦਾਨ ਵਜੋਂ ਸਾਹਮਣੇ ਆਇਆ। ਦੁੱਖ ਇਸ ਗੱਲ ਦਾ ਹੈ ਕਿ ਇਸ ਸਾਰਾ ਚੈਪਟਰ ਭਾਰਤੀ ਇਤਿਹਾਸ ਵਿਚੋਂ ਗੁੰਮ ਹੈ।

ਨਮਰਤਾ ਗੁਜਰਾਲ ਨੇ ਆਸ ਪ੍ਰਗਟਾਈ ਹੈ ਕਿ ਵਿਸ਼ਵ ਭਰ ਵਿੱਚ ਸਿੱਖ 10 ਅਪਰੈਲ ਨੂੰ 'ਦਿ ਬਲੈਕ ਪ੍ਰਿੰਸ' ਦੇ ਆਨ ਲਾਈਨ ਤੇ ਡਿਜੀਟਲ ਤੌਰ ਉੱਤੇ ਰਿਲੀਜ ਕੀਤੇ ਜਾਣ ਨੂੰ ਤਕੜਾ ਹੁੰਗਾਰਾ ਦੇ ਕੇ ਸਿੱਖ ਇਤਿਹਾਸ ਦੇ ਅਹਿਮ ਦਸਤਾਵੇਜ ਦੀ ਕਦਰ ਪਾਉਣਗੇ।

ਫਿਰਦੌਸ ਪ੍ਰੋਡੱਕਸ਼ਨਜ ਅਤੇ ਬ੍ਰਿਟਿਸ਼ ਐਂਟਰਟੇਨਮੈਂਟ ਪਾਰਟਨਰਜ਼ ਹਾਲੀਵੁੱਡ ਵਲੋਂ ਸਾਂਝੇ ਤੌਰ ਉੱਤੇ ਬਣਾਈ 'ਦਿ ਬਲੈਕ ਪ੍ਰਿੰਸ' ਦੇ ਹਿੰਦੀ ਤੇ ਪੰਜਾਬੀ ਰੂਪਾਂ ਨੂੰ ਭਾਰਤ ਵਿੱਚ ਉੱਘੀ ਕੰਪਨੀ ਸਾਗਾ ਨੇ ਰਿਲੀਜ਼ ਕੀਤਾ ਸੀ।

'ਦਿ ਬਲੈਕ ਪ੍ਰਿੰਸ' ਡਿਜੀਟਲ ਤੇ ਡੀਵੀਡੀ ਰੂਪ ਵਿੱਚ 10 ਅਪਰੈਲ 2018 ਤੋਂ ਪਹਿਲਾਂ ਕੀਤੇ ਆਰਡਰਾਂ ਅਨੁਸਾਰ ਪ੍ਰਾਪਤ ਕੀਤੀ ਜਾ ਸਕੇਗੀ। ਇਹ ਫਿਲਮ Amazon, ITunes,Google Play, FandangoNow, Sony Play Station Microsoft Xbox ਦੇ ਜਰੀਏ ਮਿਲ ਸਕੇਗੀ।'ਦਿ ਬਲੈਕ ਪ੍ਰਿੰਸ' ਦੀ ਡੀਵੀਡੀ ਓਮ ਅਡੋਨ ਡੀਵੀਡੀ ਅਤੇ ਫਿਲਮ ਦੀ ਵੈਬਸਾਈਟ www. The Black-Prince.com ਰਾਹੀਂ ਵੰਡੀ ਜਾਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
Sterling Media
Tel: +44 20 7801 0077
Email:
theblackprince@sterlingmedia.co.uk

# ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਦੀ ਮੀਟਿੰਗ



**ਸੈਕਰਾਮੈਂਟੋ-** ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਦੀ ਮੀਟਿੰਗ ਸੈਕਰਾਮੈਂਟੋ ਵਿਚ ਕੀਤੀ ਗਈ, ਜਿਸ ਵਿਚ ਗਰੀਬ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਜੋ ਕਾਰਜ ਭਾਰਤੀ ਪੰਜਬ ਵਿਚ ਸ਼ੁਰੂ ਕੀਤੇ ਹੋਏ ਹਨ, ਉਹਨਾਂ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾਗਿਆ। ਜੂਨ ਵਿਚ ਜੋ ਕਿ ਪੰਜਵਾਂ ਕੈਂਪ ਚੱਲ ਰਿਹਾ ਹੈ, ਉਹ ਲੜਕੀਆਂ ਜੋ ਵੱਖ-ਵੱਖ ਪ੍ਰਕਾਰ ਦੀਆਂ ਸਿਖਲਾਂਈ ਲੈ ਰਹੀਆਂ ਹਨ, ਉਹਨਾਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਉਹਨਾਂ ਲੜਕੀਆਂ ਦੇ ਗ੍ਰੈਜੂਏਟ ਹੋ ਪਿੱਛੋਂ ਅਗਲਾ ਕੈਂਪ ਕਿੱਥੇ ਲਗਾਇਆ ਜਾਵੇਗਾ, ਉਸ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੀਟਿੰਗ ਵਿਚ ਭਾਰਤ ਵਿਚ ਸੁਪਰੀਮ ਕੋਰਟ ਵੱਲੋਂ ਐਸ. ਸੀ. ਕਾਨੂੰਨ 'ਚ ਸੋਧਾਂ ਵਿਰੁੱਧ ਦਿੱਤੇ ਫੈਸਲੇ ਦੀ ਸਾਰੇ ਹੀ ਹਾਜ਼ਰ ਮੈਂਬਰਾਂ ਵੱਲੋਂ ਪੁਰਜ਼ੋਰ ਨਿਖੇਧੀ ਕੀਤੀ ਗਈ। ਜਿਸ ਵਿਚ ਮਹਿੰਦਰ ਸਿੰਘ ਧਾਮੀ, ਜਸਵੰਤ ਸ਼ੀਮਾਰ, ਜੋਗਿੰਦਰ ਚੁੰਬਰ, ਲਛਕਰ ਸਿੰਘ ਬੱਧਣ, ਦਰਸ਼ਨ ਵਿਰਕ, ਕਰਨੈਲ ਵਿਰਕ, ਬਲਜੀਤ ਸਿੰਘ ਕਾਹਮਾ, ਕੇਵਲ ਬੋਲੀਨਾ ਸ਼ਾਮਲ ਸਨ।

**ਰਿਪੋਰਟ- ਜਸਵੰਤ ਸ਼ੀਮਾਰ, ਸੈਕਰਾਮੇਂਟੋ**

# ਅੰਤਰ ਰਾਸ਼ਟਰੀ ਔਰਤ ਦਿਵਸ ਤੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮੀਟਿੰਗ





**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ/ਯੂਬਾ ਸਿਟੀ ਯੂਨਿਟ ਦੀ ਮੀਟਿੰਗ 25 ਮਾਰਚ ਦਿਨ ਐਤਵਾਰ ਨੂੰ ਮਾਉਂਟੇਨ ਮਾਈਕ ਪੀਜ਼ਾ ਸੈਕਰਾਮੈਂਟੋ ਵਿਖੇ ਹੋਈ, ਜਿਹੜੀ ਕਿ ਅੰਤਰ ਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਸੀ। ਸਭ ਤੋਂ ਪਹਿਲਾਂ ਕਲਾ ਅਤੇ ਸਾਹਿਤ ਨਾਲ ਜੁੜੀਆਂ ਸ਼ਖਸੀਅਤਾਂ ਦੇ ਦੁਨੀਆਂ ਤੋਂ ਤੁਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਸਭਾ ਦੇ ਹਾਜ਼ਰ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੌਨ ਧਾਰਿਆ ਗਿਆ। ਇਹਨਾਂ ਵਿਛੜੀਆਂ ਰੂਹਾਂ ਦੇ ਨਾਂ ਹਨ: ਸੂਰਜ ਸ਼ਰਮਾ, ਗਾਇਕ ਕਰਮਲਜਤੀ ਧੂਰੀ, ਗਾਇਕ ਪਿਆਰੇ ਲਾਲ ਵਡਾਲੀ।

ਇਸ ਪਿੱਛੋਂ ਅੰਤਰ ਰਾਸ਼ਟਰੀ ਔਰਤ ਦਿਵਸ ਤੇ ਹਾਜ਼ਰ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਕਿ ਆਦਿ ਕਾਲ, ਮੱਧ ਕਾਲ ਅਤੇ ਅਜੋਕੇ ਸਮੇਂ ਵਿਚ ਔਰਤ ਦੀ ਕੀ ਦਸ਼ਾ ਹੈ। ਕਿਸ ਤਰ੍ਹਾਂ ਪਹਿਲਾਂ ਔਰਤ ਨੂੰ ਲਤਾੜਿਆ ਗਿਆ ਹੁਣ ਕਿਵੇਂ ਔਰਤ ਹਰ ਵਰਗ ਵਿਚ ਅੱਗੇ ਆ ਰਹੀ ਹੈ ਅਤੇ ਬੁਲੰਦੀਆਂ ਛੂਹ ਰਹੀ ਹੈ। ਜਿਹਨਾਂ ਕਵੀਂ ਨੇ ਇਯ ਵਿਸ਼ੇ 'ਤੇ ਆਪਣੇ ਵਿਚਾਰ ਰੱਖੇ ਅਤੇ ਕਵੀ ਦਰਬਾਰ ਵਿਚ ਹਾਜ਼ਰੀ ਲਗਵਾਈ, ਉਹਨਾਂ ਦੇ ਨਾਂ ਹਨ: ਪਰਮਿੰਦਰ ਰਾਏ ਖਾਨਖਾਨਾ, ਇੰਦਰਜੀਤ ਗਰੇਵਾਲ, ਜਸਵੰਤ ਜੱਸੀ ਸ਼ੀਮਾਰ, ਮਹਿੰਦਰ ਸਿੰਘ ਘੱਗ, ਮਨਜੀਤ ਸੇਖੋਂ, ਦਿਲ ਨਿੱਜਰ, ਹਰਭਜਨ ਢੇਰੀ, ਫਕੀਰ ਸਿੰਘ। ਸਟੇਜ ਦੀ ਸੇਵਾ ਆਪਣੇ ਵੱਖਰੇ ਹੀ ਅੰਦਾਜ਼ ਵਿਚ ਮਨਜੀਤ ਸੇਖੋਂ ਨੇ ਬਾਖ਼ੂਬੀ ਨਿਭਾਈ।

**ਰਿਪੋਰਟ- ਜਸਵੰਤ ਸ਼ੀਮਾਰ**

ਦੇਸ਼ ਦੁਆਬਾ

# ਰਾਸ਼ਟਰਪਤੀ ਦਾ ਭਾਸ਼ਣ

ਦੁਨੀਆਂ ਇਸ ਵਕਤ ਕਿਸ ਪਾਸੇ ਨੂੰ ਵੱਧ ਰਹੀ ਹੈ, ਇਸ ਬਾਰੇ ਅੰਦਾਜ਼ੇ ਤਾਂ ਲਗਾਏ ਜਾ ਸਕਦੇ ਹਨ ਪਰ ਇਸ ਵਕਤ ਏਸ਼ੀਆ ਵਿਚ ਕਈ ਕਿਸਮ ਦੇ ਸ਼ੰਕੇ ਉਭਰ ਰਹੇ ਹਨ। ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਆਪਣੇ ਪੰਜਾਬ ਦੌਰੇ ਦੌਰਾਨ ਕਿਹਾ ਸੀ ਕਿ ਭਾਰਤ ਆਪਣੀ ਰਾਸ਼ਟਰੀ ਪ੍ਰਭੂਸੱਤਾ ਦੀ ਰਾਖੀ ਲਈ ਤਾਕਤ ਵਰਤਣ ਤੋਂ ਬਿਲਕੁਲ ਗੁਰੇਜ਼ ਨਹੀਂ ਕਰੇਗਾ ਅਤੇ ਸਰੱਦ ਪਾਰ ਤੋਂ ਕਿਸੇ ਵੀ ਕਿਸਮ ਦੀ ਵਧੀਕੀ ਸਹਿਣ ਨਹੀਂ ਕੀਤੀ ਜਾਵੇਗੀ। ਉਹ ਬੀਤੇ ਦਿਨੀਂ ਪੰਜਾਬ ਦੇ ਹਲਵਾਰਾ ਹਵਾਈ ਅੱਡੇ ਤੇ ਆਏ ਸਨ, ਜਿੱਥੇ ਉਹਨਾਂ ਨੇ ਹਵਾਈ ਫੌਜ ਦੇ ਇਕ ਸਮਾਗਮ ਵਿਚ ਸ਼ਿਰਕਤ ਕੀਤੀ। ਉਹਨਾਂ ਕਿਹਾ ਕਿ ਭਾਰਤ ਹੁਣ ਇਕ ਵੱਡੀ ਤਾਕਤ ਵਜੋਂ ਉਭਰ ਕੇ ਸਾਹਮਣੇ ਆ ਚੁੱਕਾ ਹੈ। ਰਾਸ਼ਟਰਪਤੀ ਦਾ ਇਹ ਇਸ਼ਾਰਾ ਕਿਹੜੇ ਦੇਸ਼ਾਂ ਵੱਲ ਸੀ, ਇਹ ਪੂਰੀ ਦੁਨੀਆਂ ਜਾਣਦੀ ਹੈ। ਇਹਨਾਂ ਲੁਕਵੇਂ ਤੇ ਸਿੱਧੇ ਦੁਸ਼ਮਣਾਂ ਨੂੰ ਰਾਸ਼ਟਰਪਤੀ ਦੀ ਸਿੱਧੀ ਚੁਣੌਤੀ ਤੋਂ ਪਹਿਲਾਂ ਵੀਰਵਾਰ ਨੂੰ ਹੀ ਭਾਰਤ ਵੱਲੋਂ ਬ੍ਰਹਮੋਸ ਸੁਪਰਸਾਨਿਕ ਮਿਜ਼ਾਇਲ ਦਾ ਤਜਰਬਾ ਕੀਤਾ ਗਿਆ। ਭਾਰਤ ਦੀ ਘਰੇਲੂ ਤਕਨੀਕ ਨਾਲ ਬਣੀ ਮਿਜ਼ਾਇਲ ਦਾ ਤਜਰਬਾ ਪਹਿਲੀ ਵਾਰ ਕੀਤਾ ਗਿਆ ਹੈ।

ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਇਸ ਬਿਆਨ ਤੋਂ ਸਪਸ਼ਟ ਹੋ ਗਿਆ ਕਿ ਦੱਖਣੀ ਏਸ਼ੀਆ ਵਿਚ ਗੜਬੜ ਅਤੇ ਜੰਗ ਦੇ ਬੱਦਲ ਲਗਾਤਾਰ ਮੰਡਰਾਉਂਦੇ ਜਾ ਰਹੇ ਹਨ। ਭਾਰਤ ਦੁਆਰਾ ਚੀਨ ਦੀ ਘੇਰਾਬੰਦ ਤੋੜਨ ਦੀਆਂ ਕੋਸ਼ਿਸ਼ਾਂ ਆਰੰਭ ਕਰਨ ਤੋਂ ਬਾਅਦ ਅਜਿਹੀਆਂ ਪ੍ਰਸਥਿਤੀਆਂ ਤੇਜ਼ੀ ਨਾਲ ਬਣਨੀਆਂ ਅਰੰਭ ਹੋ ਗਈਆਂ ਹਨ। ਇਸ ਕਰਕੇ ਲਗਾਤਾਰ ਰੱਖਿਆ ਖੇਤਰ ਦਾ ਖਰਚਾ ਵਧਦਾ ਜਾ ਰਿਹਾ ਹੈ। ਚੀਨ ਦੁਆਰਾ ਦੂਜੇ ਮੁਲਕਾਂ ਦੀ ਜ਼ਮੀਨ ਹੜੱਪਣ ਦੀਆਂ ਸਾਜਿਸ਼ਾਂ ਦੇ ਕਾਰਨ ਏਸ਼ੀਆ ਵਿਚ ਜੰਗੀ ਹਾਲਾਤ ਬਣ ਰਹੇ ਹਨ ਅਤੇ ਇਸ ਦਾ ਸਭ ਤੋਂ ਜ਼ਿਆਦਾ ਅਸਰ ਭਾਰਤ ਉਤੇ ਹੋਵੇਗਾ। ਇਸੇ ਲਈ ਰਾਸ਼ਟਰਪਤੀ ਨੂੰ ਇਹ ਕਹਿਣਾ ਪਿਆ ਕਿ ਚੀਨ ਜਾਂ ਕਿਸੇ ਹੋਰ ਦੇਸ਼ ਦੇ ਸਾਰੇ ਜੰਗੀ ਜਹਾਜ਼ ਭਾਰਤ ਦੇ ਰਡਾਰਾਂ 'ਤੇ ਹਨ। ਉਹਨਾਂ ਦੀ ਕੋਈ ਵੀ ਗਤੀਵਿਧੀ ਭਾਰਤ ਰਡਾਰ ਪ੍ਰਣਾਲੀ ਤੋਂ ਲੁਕੀ ਨਹੀਂ ਰਹਿ ਸਕਦੀ। ਉਹਨਾਂ ਦੱਸਿਆ ਕਿ ਭਾਰਤ ਸਰਕਾਰ ਹਵਾਈ ਫੌਜ ਲਈ 40 ਰਾਫੇਲ ਜੰਗੀ ਜੈਟ ਜਹਾਜ਼ ਖਰੀਦ ਰਹੀ ਹੈ। ਦਰਅਸਲ ਚੀਨ ਦੀ ਫੌਜ ਡੋਕਲਾਮ ਖੇਤਰ ਵਿਚ ਪਿਛਲੇ ਕੁਝ ਸਮੇਂ ਤੋਂ ਤੇਜ਼ੀ ਨਾਲ ਇਕੱਠੀ ਹੋ ਰਹੀ ਹੈ। ਪਿਛਲੇ ਵਰ੍ਹੇ ਵੀ ਲਗਾਤਾਰ ਦੋ ਮਹੀਨਿਆਂ ਤੱਕ ਉਸੇ ਖਿੱਤੇ ਵਿਚ ਦੋਵੇਂ ਦੇਸ਼ਾਂ ਵਿਚਾਲੇ ਵੱਡਾ ਤਣਾਅ ਬਣਿਆ ਰਿਹਾ ਸੀ। ਇਸੇ ਲਈ ਰਾਸ਼ਟਰਪਤੀ ਨੇ ਸਮੁੱਚੇ ਵਿਸ਼ਵ ਨੂੰ ਮਜ਼ਬੂਤ ਸੁਨੇਹਾ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਆਪਣੇ ਮੁਲਕ ਦੇ ਜੰਗੀ ਯੋਧਿਆਂ 'ਤੇ ਮਾਣ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-65

## ਗੁਰਬਾਣੀ ਚਾਨਣ 'ਚ ਸ਼੍ਰੀ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ ਸ਼੍ਰੀ ਸੰਸਕ੍ਰਿਤ ਦਾ ਲਫਜ਼ ਹੈ। ਪ੍ਰਕਰਣ ਅਨੁਸਾਰ ਵੱਖ ਵੱਖ ਅਰਥ ਹਨ-ਲਛਮੀ, ਸ਼ੋਭਾ (ਸ਼੍ਰੀ ਸਤਿਗੁਰ ਸੁਪ੍ਰਸੰਨ) ਸੰਪਦਾ, ਵਿਭੂਤੀ, ਜਾਇਦਾਦ, ਛੇ ਰਾਗਾਂ ਚੋਂ ਪਹਿਲਾ ਰਾਗ, ਵੈਸ਼ਨਵਾਂ ਦਾ ਇੱਕ ਫਿਰਕਾ, ਜਿਸ ਵਿੱਚ ਲਛਮੀ ਦੀ ਪੂਜਾ ਮੁੱਖ ਹੈ, ਇਸ ਮਤ ਦੇ ਲੋਕ ਲਾਲ ਰੰਗ ਦਾ ਤਿਲਕ ਮੱਥੇ ਕਰਦੇ ਹਨ। ਇਸ ਸੰਪ੍ਰਦਾਇ ਦਾ ਪ੍ਰਚਾਰਕ ਰਾਮਾਨੁਜ ਸਵਾਮੀ ਹੋਇਆ ਹੈ। ਇੱਕ ਛੰਦ, ਸਰਸਵਤੀ, ਕੀਰਤੀ, ਆਦਰ ਬੋਧਕ ਸ਼ਬਦ ਜੋ ਬੋਲਣ ਅਤੇ ਲਿਖਣ ਚ ਵਰਤਿਆ ਜਾਂਦਾ ਹੈ ਜਿਵੇਂ ਧਰਮ ਦੇ ਆਚਾਰੀਆ ਅਤੇ ਮਹਾਂਰਾਜੇ ਲਈ ੧੦੮ ਵਾਰ, ਮਾਤਾ ਪਿਤਾ ਵਿਦਿਆ ਗੁਰੂ ਲਈ ੬ ਵਾਰ, ਆਪਣੇ ਮਾਲਕ ਵਾਸਤੇ ੫ ਵਾਰ, ਵੈਰੀ ਨੂੰ ੪ ਵਾਰ, ਮਿਤ੍ਰ ਨੂੰ ੩ ਵਾਰ, ਨੌਕਰ ਨੂੰ ੨ ਵਾਰ, ਪੁੱਤ੍ਰ ਤਥਾ ਇਸਤਰੀ ਨੂੰ ੧ ਵਾਰ ਸ਼੍ਰੀ ਸ਼ਬਦ ਵਰਤਨਾ ਚਾਹੀਏ, ਸੁੰਦਰ, ਯੋਗ, ਲਾਇਕ, ਸ਼੍ਰੇਸ਼ਟ ਉੱਤਮ ਆਦਿਕ।

ਡਾ. ਹਰਜਿੰਦਰ ਸਿੰਘ ਦਿਲਗੀਰ ਮੁਤਾਬਿਕ-ਸ਼੍ਰੀ, ਸ੍ਰੀ ਅਤੇ ਸਿਰੀ ਹਿੰਦੂਆਂ ਦੀ ਦੌਲਤ ਤੇ ਕਿਸਮਤ ਦੀ ਮਿਥਿਹਾਸਕ ਦੇਵੀ ਦਾ ਨਾਂ ਹੈ ਜੋ ਮਿਥਿਹਾਸਕ ਦੇਵਤੇ ਵਿਸ਼ਨੂੰ ਦੀ ਪਤਨੀ ਹੈ। ਹਿੰਦੀ ਇਸ ਨੂੰ ਲਕਸ਼ਮੀ ਵੀ ਕਹਿੰਦੇ ਹਨ। ਹਿੰਦੂ ਕਿਸੇ ਵੀ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਇਸ ਦੀ ਪੂਜਾ ਕਰਦੇ ਹਨ ਤਾਂ ਜੋ ਇਸ ਦੇ ਵਰ ਨਾਲ, ਉਸ ਕੰਮ ਚ ਖੂਬ ਦੌਲਤ ਕਮਾਈ ਜਾ ਸਕੇ। ਗਣੇਸ਼ ਜਿਹੜਾ ਅੱਧਾ ਹਾਥੀ ਤੇ ਅੱਧਾ ਇਨਸਾਨ ਹੈ ਨੂੰ ਹਿੰਦੂ ਇਸ ਦੇਵੀ ਦਾ ਪੁੱਤ੍ਰ ਆਖਦੇ ਹਨ। ਦੌਲਤ ਦੇ ਲਾਲਚ ਕਰਕੇ ਬਿਨਾ ਮਤਲਬ ਜਾਣੇ, ਹਿੰਦੂ ਹੁਣ ਇਸ ਲਫਜ਼ ਨੂੰ ਹਰੇਕ ਨਾਂ ਨਾਲ ਅਗੇਤ੍ਰ ਵਜੋਂ ਵਰਤਦੇ ਹਨ ਕਿਉਂਕਿ ਉਹ ਯਕੀਨ ਕਰਦੇ ਹਨ ਕਿ ਐਸਾ ਕਰਨ ਨਾਲ ਸ਼੍ਰੀ ਦੀ ਮਿਹਰ (ਮਿਹਨਤ ਨਾਲ ਨਹੀ ਸਗੋਂ ਉਸ ਦੇ ਯਾਦੂ ਜਾਂ ਵਰ ਨਾਲ) ਅਮੀਰ ਬਣ ਜਾਵੇਗਾ।

ਇੱਕ ਸਿੱਖ ਵਾਸਤੇ ਲਫਜ਼ ਸਿਰਦਾਰ (ਹਿੰਦੀ ਤੇ ਉਰਦੂ ਸਰਦਾਰ) ਟਾਈਟਲ ਵਜੋਂ ਵਰਤਿਆ ਜਾਂਦਾ ਹੈ। ਸ਼੍ਰੀ ਲਫਜ਼ ਮਹਾਂਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਗੁਰੂ ਸਹਿਬਾਨ, ਸਿੱਖਾਂ ਨਾਲ ਸਬੰਧਤ ਸ਼ਹਿਰਾਂ, ਗੁਰਦੁਵਾਰਿਆਂ, ਸਿੱਖ ਅਦਾਰਿਆਂ ਅਤੇ ਜਮਾਤਾਂ ਵਗੈਰਾ ਦੇ ਨਾਵਾਂ ਨਾਲ ਵਰਤਿਆ ਜਾਣ ਲੱਗ ਪਿਆ ਸੀ। ਲਗਦਾ ਹੈ ਕਿ ਇਹ ਨਿਰਮਲਿਆਂ ਅਤੇ ਸਿੱਖ ਰਾਜਿਆਂ ਦੇ, ਹਿੰਦੂ ਦਰਬਾਰੀਆਂ ਦੇ ਅਸਰ ਹੇਠ ਹੋਇਆ ਹੋਵੇਗਾ। ਇਸ ਦੀ ਵਰਤੋਂ ੧੯੯੦ ਤੋਂ ਮਗਰੋਂ ਫਿਰ ਵਧਣੀ ਸ਼ੁਰੂ ਹੋ ਗਈ ਸੀ ਜਦ ਪੰਜਾਬ ਚ ਬਰਬਾਰਾ ਸਿੰਹ ਦੀ ਸਰਕਾਰ ਨੇ ਸਿੱਖਾਂ ਦੇ ਨਾਂ ਨਾਲ ਸਿਰਦਾਰ ਦੀ ਥਾਂ ਤੇ ਸ਼੍ਰੀ ਲਾਉਣ ਦਾ ਸਰਕੂਲਰ ਜਾਰੀ ਕਰ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਵਿਖੇ ਸ਼੍ਰੀ ਲਫਜ਼ ਰੱਬ ਦੇ ਨਾਂ ਨਾਲ, ਮਿਥਿਹਾਸਿਕ ਹਿੰਦੂਆਂ ਦੇਵਤਿਆਂ ਨਾਲੋਂ ਵਖਰੇਵਾਂ ਦਰਸਾਉਣ ਲਈ ਵਰਤਿਆ ਗਿਆ ਹੈ। ਹਿੰਦੂਆਂ ਚ 33 ਕਰੋੜ ਦੇਵਤੇ ਮੰਨੇ ਗਏ ਹਨ। ਅੱਜ ਕੱਲ ਹਿੰਦੂ ਮਤ ਦੇ ਅਸਰ ਹੇਠ ਬਹੁਤ ਸਾਰੇ ਸਿੱਖ ਗ੍ਰੰਥੀ, ਬੇਸਮਝ ਆਗੂ ਅਤੇ ਕਚਘਰੜ ਲਿਖਾਰੀ ਵੀ ਸ਼੍ਰੀ ਲਫਜ਼ ਨੂੰ ਇਸ ਦਾ ਪਿਛੋਕੜ ਜਾਣੇ ਬਿਨਾ, ਇਸ ਦੀ ਵਰਤੋਂ ਵੱਧ ਚੜ ਕੇ ਕਰਦੇ ਅਤੇ ਹਰੇਕ ਗੁਰੂ, ਹਰੇਕ ਬਾਣੀ, ਹਰੇਕ ਗੁਰੂ ਨਗਰ, ਤੇ ਹੁਣ ਤਾਂ ਸਾਧਾਂ ਦੇ ਪਿੰਡਾਂ ਤੇ ਹੋਰ ਕਈ ਚੀਜਾਂ ਦੇ ਨਾਲ ਵੀ (ਜਿਵੇਂ ਸ਼੍ਰੀ ਅਖੰਡ ਪਾਠ, ਸ਼੍ਰੀ ਪੀੜਾ ਸਾਹਿਬ, ਸ਼੍ਰੀ ਰੁਮਾਲਾ ਤੇ ਚੰਦੋਆ ਸਾਹਿਬ ਅਤੇ ਸ਼੍ਰੀ ਚੌਰ ਸਾਹਿਬ ਵਗੈਰਾ ਨਾਲ ਵੀ) ਹਿੰਦੂ ਦੇਵੀ ਦਾ ਨਾਂ ਸ਼੍ਰੀ ਲਾਉਣ ਲੱਗ ਪਏ ਹਨ। ਇਹ ਸਿੱਖੀ ਦਾ ਬ੍ਰਾਹਮਣੀ ਕਰਣKਹਿੰਦੂਕਰਣ ਹੀ ਹੋ ਰਿਹਾ ਹੈ।

ਨੋਟ-ਗੁਰਸਿੱਖਾਂ ਨੂੰ ਇਹ ਸ਼ਬਦ ਨਹੀਂ ਵਰਤਣਾ ਚਾਹੀਦਾ ਪਰ ਸਿੱਖ ਤਾਂ ਤਲਵਾਰ ਨੂੰ ਵੀ ਹੁਣ ਸ਼੍ਰੀ ਸਾਹਿਬ ਕਹਿਣ ਲੱਗ ਪਏ ਹਨ। ਅਖੌਤੀ ਦਸਮ ਗ੍ਰੰਥ ਚ ਅਜਿਹੇ ਨਾਮ ਬਹੁਤੇ ਵਰਤੇ ਹਨ ਤਾਂ ਕਿ ਸਿੱਖਾਂ ਦਾ ਵੀ ਹਿੰਦੂਕਰਣ ਕੀਤਾ ਜਾ ਸੱਕੇ। ਸਕੂਲੀ ਪੁਸਤਕਾਂ, ਅਖਬਾਰਾਂ, ਰੇਡੀਓ, ਰਸਾਲੇ, ਟੀ ਵੀ ਆਦਿਕ ਇਲੈਕਟ੍ਰੋਨਕ ਮੀਡੀਏ ਵਿੱਚ ਵੀ ਬ੍ਰਾਹਮਣੀ ਲਫਜ਼ ਘਸੋੜੇ ਜਾ ਰਹੇ ਹਨ। ਸਿੱਖ ਸਿਰਦਾਰ, ਭਾਈ, ਭੈਣ, ਬੀਬੀ, ਸਿੰਘਣੀ ਜਾਂ ਵਡੇਰੀ ਉਮਰ ਕਰਕੇ ਬਾਬਾ ਜਾਂ ਮਾਤਾ ਲਿਖਦੇ ਹਨ ਨਾ ਕਿ ਨਾਮ ਦੇ ਪਹਿਲੇ ਸ਼੍ਰੀ। ਸਿੱਖ ਅਕਾਲ ਤੇ ਉਪਾਸ਼ਕ ਹਨ ਨਾ ਕਿ ਸ਼੍ਰੀ ਦੇਵੀ, ਦੁਰਗਾ (ਭਗੌਤੀ) ਆਦਿਕ ਦੇਵੀਆਂ ਦੇ, ਜਰਾ ਸੋਚੋ ਅੰਨ੍ਹੇ ਵਾਹ ਗੁਰਮਤਿ ਨਾ ਵਿਗਾੜੀ ਜਾਓ!

# ਵਿਰਸਾ- ਅਲੋਪ ਹੋ ਗਈ ਰੱਸੀਆਂ ਵੱਟਣੀ ਕੁੰਡੀ





ਤਸਵਿੰਦਰ ਸਿੰਘ ਬੜੈਚ
98763-22677

ਪੰਜਾਬ 'ਚ ਜਦੋਂ ਖੇਤੀਬਾੜੀ ਦੇ ਧੰਦੇ ਦਾ ਮਸ਼ੀਨੀ ਕਰਨ ਨਹੀਂ ਹੋਇਆ ਸੀ। ਉਸ ਸਮੇਂ ਖੇਤੀ ਦਾ ਸਾਰੇ ਦਾ ਸਾਰਾ ਧੰਦਾ ਹੱਥਾਂ ਨਾਲ ਅਤੇ ਬਲਦਾਂ ਨਾਲ ਕੀਤਾ ਜਾਂਦਾ ਸੀ। ਖੇਤੀ ਦਾ ਕੰਮ ਲਗਭਗ ਸਾਰਾ ਸਾਲ ਚੱਲਦਾ ਰਹਿੰਦਾ ਸੀ। ਹਾੜ੍ਹੀ ਦੇ ਸੀਜਨ ਵਿੱਚ ਜਦੋਂ ਕਣਕ ਵੱਢੀ ਜਾਂਦੀ ਸੀ ਤਾਂ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਸੀ। ਭਰੀਆਂ ਬੰਨ੍ਹਣ ਲਈ ਰੱਸੀਆਂ ਦੀ ਵਰਤੋ ਕੀਤੀ ਜਾਂਦੀ ਸੀ। ਇਹ ਰੱਸੀਆਂ ਸਣ ਤੋਂ ਬਣਦੀਆ ਸਨ। ਸਣ ਦੇ ਬੂਟਿਆਂ ਨੂੰ ਕੱਟਣ ਉਪਰੰਤ ਭਰੀਆਂ ਬਣਾ ਕੇ ਪਿੰਡ ਦੇ ਟੋਭੇ ਜਾਂ ਛੱਪੜ ਵਿੱਚ ਦੋ ਹਫ਼ਤਿਆਂ ਲਈ ਡੁਬੋ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਇਸ ਦੇ ਰੇਸ਼ੇ ਪੋਲੇ ਹੋ ਕੇ ਛਿੱਲਣ ਯੋਗ ਹੋ ਜਾਂਦੇ ਸਨ। ਜਿਮੀਦਾਰ ਆਪਣੇ ਵਿਹਲੇ ਸਮੇਂ ਵਿੱਚ ਰੇਸ਼ੇਦਾਰ ਬੂਟਿਆਂ ਵਿੱਚੋਂ ਰੇਸ਼ਾ ਛਿੱਲ ਕੇ ਜੁਦਾ ਕਰ ਲੈਂਦੇ ਸਨ। ਫਿਰ ਇਸ ਰੇਸ਼ੇ ਨੂੰ ਰੱਸੀਆਂ ਵੱਟਣੀ ਕੁੰਡੀ ਨਾਲ ਦੂਹਰਾ, ਤੀਹਰਾ ਜਾਂ ਚੌਹਰਾ ਕੀਤਾ ਜਾਂਦਾ ਸੀ। ਇੱਕ ਜਣਾ ਰੱਸੀਆਂ ਵੱਟਣੀ ਕੁੰਡੀ ਨੂੰ ਹੱਥ 'ਚ ਫੜ੍ਹ ਕੇ ਘੁੰਮਾਈ ਜਾਂਦਾ ਤੇ ਪਿਛਾਂਹ ਹਟਦਾ ਜਾਂਦਾ, ਦੂਜਾ ਜਣਾ ਰੇਸ਼ਿਆਂ ਨੂੰ ਰੇਸ਼ਿਆਂ ਨਾਲ ਜੋੜੀ ਜਾਂਦਾ। ਇਸ ਤਰ੍ਹਾਂ ਇੱਕ ਵੱਡੀ ਸਾਰੀ ਰੰਸੀ ਬਣਾ ਲਈ ਜਾਂਦੀ। ਫਿਰ ਉਸ ਵੱਡੀ ਰੱਸੀ ਨੂੰ ਕੱਟ ਕੇ ਛੋਟੀਆਂ ਰੱਸੀਆਂ ਬਣਾ ਲਈਆਂ ਜਾਂਦੀਆਂ ਤੇ ਫਿਰ ਉਨ੍ਹਾਂ ਛੋਟੀਆਂ ਰੱਸੀਆਂ ਨਾਲ ਭਰੀਆਂ ਬੰਨ੍ਹ ਲਈਆਂ ਜਾਂਦੀਆਂ। ਰੱਸੀਆਂ ਵੱਟਣੀ ਕੁੰਡੀ ਤਾਰ ਅਤੇ ਦੋ ਬਾਂਸ ਜਾਂ ਲੱਕੜ ਦੇ ਟੁਕੜਿਆਂ ਦੀ ਬਣਾਈ ਜਾਂਦੀ ਸੀ। ਜਿਸ ਤਰ੍ਹਾਂ ਤੁਸੀਂ ਤਸਵੀਰ 'ਚ ਦੇਖ ਰਹੇ ਹੋ।

ਦੇਖਣ ਨੂੰ ਇਹ ਸੰਦ ਬਹੁਤ ਛੋਟਾ ਲੱਗਦਾ ਹੈ ਪਰ ਕੰਮ ਇਹ ਬਹੁਤ ਵੱਡਾ ਕਰਦੀ ਸੀ। ਤਕਨੀਕ ਦੇ ਇਸ ਦੌਰ ਵਿੱਚ ਨਾ ਤਾਂ ਪਹਿਲਾਂ ਵਰਗੀਆਂ ਚੀਜ਼ਾਂ ਰਹੀਆਂ ਨੇ ਤੇ ਨਾ ਹੀ ਚੀਜ਼ਾਂ ਦੀ ਵਰਤੋ ਕਰਨ ਵਾਲੇ।

ਮਸ਼ੀਨੀ ਦੌਰ ਵਿੱਚ ਹੱਥੀਂ ਕੰਮ ਕਰਨਾ ਘਟ ਗਿਆ ਹੈ। ਜਿਸ ਕਰਕੇ ਹੱਥ ਨਾਲ ਚੱਲਣ ਵਾਲੀਆਂ ਚੀਜ਼ਾਂ ਅਲੋਪ ਹੋ ਰਹੀਆਂ ਹਨ। ਹੋਰਨਾ ਚੀਜ਼ਾਂ ਵਾਂਗ ਇਹ ਰੱਸੀਆਂ ਵੱਟਣੀ ਕੁੰਡੀ ਵੀ ਹੁਣ ਅਲੋਪ ਹੋ ਗਈ ਹੈ।

# ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ. ਵਿਖੇ ਨੈਸ਼ਨਲ ਸਿੱਖ ਡੇ ਪਰੇਡ (ਸਿੱਖ ਫ਼ਰੀਡਮ ਮਾਰਚ) 7 ਅਪ੍ਰੈਲ ਨੂੰ

**ਨਿਊਯਾਰਕ, (ਹੁਸਨ ਲੜੋਆ ਬੰਗਾ)-** ਯੂ.ਐਸ.ਏ. ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜੱਥੇਬੰਦੀਆਂ ਵੱਲੋਂ ਬਣਾਈ ਸਾਂਝੀ ਸੰਸਥਾ, ਸਿੱਖ ਕੋਆਰਡੀਨੇਸ਼ਨ ਕਮੇਟੀ, ਈਸਟ ਕੋਸਟ (ਯੂ.ਐਸ.ਏ.) ਵੱਲੋਂ 7 ਅਪ੍ਰੈਲ, 2018, ਦਿਨ ਛਨਿੱਚਰਵਾਰ ਨੂੰ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਕੱਢਣਾ ਉਲੀਕੀਆ ਹੈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ., ਪਾਰਲੀਮੈਂਟ ਦੇ ਸਾਹਮਣੇ ਖ਼ਾਲਸਾ ਪ੍ਰਗਟ ਦਿਵਸ (ਵਿਸਾਖੀ) ਨੂੰ ਸਮਰਪਿਤ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਕੱਢਣਾ ਸਾਰੀ ਦੁਨੀਆਂ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ।

ਇਹ ਜਾਣਕਾਰੀ ਦਿੰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਸ੍ਰ: ਹਿੰਮਤ ਸਿੰਘ ਕੋਆਰਡੀਨੇਟਰ, ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ, ਵੀਰ ਸਿੰਘ ਮਾਂਗਟ, ਦਵਿੰਦਰ ਸਿੰਘ ਦਿਓ ਨੇ ਦੱਸਿਆ ਕਿ ਖ਼ਾਲਸਾ ਪ੍ਰਗਟ ਦਿਵਸ ਵਿਸਾਖੀ ਦੇ ਦਿਹਾੜੇ ਨੂੰ ਨੈਸ਼ਨਲ ਸਿੱਖ ਡੇਅ ਦੇ ਤੌਰ ਤੇ ਮਨਾਉਣ ਦੀ ਅਮਰੀਕੀ ਰਾਜ ਦੀਆਂ ਕਈ ਸੂਬਾ ਸਰਕਾਰਾਂ ਵੱਲੋਂ ਮਾਨਤਾ ਮਿਲੀ ਹੈ। ਇਸੇ ਦਿਨ ਦੀ ਮਹੱਤਤਾ ਨੂੰ ਮੁੱਖ ਰੱਖ ਸਿੱਖ ਪੰਥਕ ਜੱਥੇਬੰਦੀਆਂ ਵੱਲੋਂ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ 7 ਅਪ੍ਰੈਲ, 2018, ਦਿਨ ਛਨਿੱਚਰਵਾਰ ਨੂੰ ਦੁਪਹਿਰ 12 ਵਜੇ ਤੋਂ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਕੈਪੀਟਲ ਹਿੱਲ ਵਾਸ਼ਿੰਗਟਨ ਡੀ.ਸੀ., ਪਾਰਲੀਮੈਂਟ ਦੇ ਸਾਹਮਣੇ ਕੱਢਣਾ ਨੀਅਤ ਕੀਤਾ ਗਿਆ ਹੈ। ਇੱਥੇ ਜਿਕਰਯੋਗ ਹੈ ਕਿ ਸੰਨ 2017 ਵਿੱਚ ਸਿੱਖ ਕੌਕਸ ਦੇ ਸਹਿਯੋਗ ਨਾਲ ਖ਼ਾਲਸਾ ਸਾਜਨਾ ਦਿਵਸ ਨੂੰ ਅਮਰੀਕੀ ਪਾਰਲੀਮੈਂਟ ਵਿੱਚ ਸਪੀਕਰ ਪਾਲ ਰਾਅਨ ਦੀ ਮੌਜੂਦਗੀ ਵਿੱਚ ਬਿੱਲ 189 ਤਹਿਤ ਪ੍ਰਵਾਨਿਤ ਕਰਾਉਣਾ; ਇਸੇ ਲੜੀ ਵਿੱਚ ਅੱਗੇ ਤੁਰਦਿਆਂ ਸੂਬਾਈ ਸਰਕਾਰਾਂ ਕਨੈਕ-ਟੀਕੱਟ, ਮੈਸਾਚੂਸੈਸ, ਪੈਨਸੈਲਵੇਨਿਆ, ਡੈਲਾਵੇਅਰ ਅਤੇ ਇੰਡਿਆਨਾ ਨੇ ਵੀ 14 ਅਪ੍ਰੈਲ ਨੂੰ ਸਿੱਖ ਨੈਸ਼ਨਲ ਡੇਅ ਦੀ ਮਾਣਤਾ ਦਿੱਤੀ ਹੈ। ਇਸੇ ਮਾਰਚ ਮਹੀਨੇ ਵਿੱਚ ਨਿਊ ਜਰਸੀ ਸੂਬਾਈ ਸਰਕਾਰ ਨੇ ਵੀ 14 ਅਪ੍ਰੈਲ ਨੂੰ ਸਿੱਖ ਨੈਸ਼ਨਲ ਡੇਅ ਅਤੇ ਹਰ ਸਾਲ ਦੇ ਅਪ੍ਰੈਲ ਦੇ ਮਹੀਨੇ ਨੂੰ ਪੱਕੇ ਤੌਰ ਤੇ ਸਿੱਖ ਅਵੇਅਰਨੈਸ ਮਹੀਨਾ ਪ੍ਰਵਾਨ ਕੀਤਾ ਹੈ। ਯਾਦ ਰਹੇ ਕਿ ਇਸੇ ਸਾਲ ਅਮਰੀਕਾ ਦੇ 96 ਗੁਰ-ਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਭਾਰਤੀ ਸਰਕਾਰ ਦੇ ਨੁਮਾਇੰਦਿਆਂ ਦੀ ਗੁਰਦੁਆਰਿਆਂ ਵਿੱਚ ਸਰਕਾਰੀ ਤੌਰ ਤੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਹਾਜਰੀ ਭਰਣ ਤੇ ਪੂਰਣ ਪਾਬੰਦੀ ਲਾਉਣ ਵਿੱਚ ਵੀ ਸਿੱਖ ਕੋਆਰਡੀਨੇਸ਼ਨ ਕਮੇਟੀ, ਈਸਟ ਕੋਸਟ (ਯੂ.ਐਸ.ਏ.) ਵੱਲੋਂ ਮੁੱਖ ਭੂਮਿਕਾ ਜਿੰਮੇਵਾਰੀ ਸਹਿਤ ਨਿਭਾਈ ਗਈ। ਕੋਆਰਡੀਨੇਸ਼ਨ ਕਮੇਟੀ ਦੇ ਸ੍ਰ: ਹਿੰਮਤ ਸਿੰਘ ਨੇ ਕਿਹਾ ਕਿ ਇਸ ਮਾਰਚ ਦੇ ਕੱਢਣ ਦਾ ਮੁੱਖ ਉਦੇਸ਼ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਲਗਾਤਾਰ ਹੋ ਰਹੀ ਬੇਹੁਰਮਤੀ ਨੂੰ ਠੱਲ ਪਾਉਣ ਲਈ ਜਾਗਰਿਤ ਕਰਨਾ, ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਨਿਰਮਲ ਪੰਥ ਦਾ ਦੇਸ਼-ਵਿਦੇਸ਼ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨਾ, ਪੰਜਾਬ ਦੇਸ਼ ਦੀ ਅਜਾਦੀ, ਖ਼ਾਲਸਾ ਰਾਜ ਦੀ ਸਥਾਪਨਾ, ਸਿੱਖਾਂ ਦੀ ਪਹਿਚਾਣ, ਨਸ਼ਲੀ ਹਮਲਿਆਂ ਦੀ ਰੋਕਥਾਮ, ਸਿੱਖ ਨੌਜਵਾਨੀ ਨੂੰ ਅਮਰੀਕੀ ਰਾਜਨੀਤੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਸ੍ਰ: ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਇਸ ਤਰਾਂ ਦੇ ਪੰਥਕ ਇਕੱਠ ਕਰ ਕੇ ਜਿੱਥੇ ਸੰਮੂਹ ਦੁਨਿਆਂ ਨੂੰ ਸਿੱਖ ਇਤਿਹਾਸ ਦਾ ਸੰਦੇਸ਼ ਦਿੱਤਾ ਜਾਵੇਗਾ ਉੱਥੇ ਨਾਲ ਹੀ ਹੋਰਨਾਂ ਕੌਮਾਂ ਨੂੰ ਵੀ ਸਿੱਖੀ ਅਤੇ ਸਿੱਖ ਫ਼ਲਸਫੇ ਤੋਂ ਵੀ ਜਾਣੂੰ ਕਰਵਾਇਆ ਜਾਵੇਗਾ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨਜਾਤੀਆਂ ਬਾਰੇ ਅਤਿਆਚਾਰ ਰੋਕੂ ਕਨੂੰਨ 'ਚ ਬਦਲਾਅ ਦਾ ਸਖਤ ਨੋਟਿਸ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜਿਲ੍ਹਾ ਇਕਾਈ ਬਠਿੰਡਾ ਨੇ ਅਨਸੂਚਿਤ ਜਾਤੀਆ ਤੇ ਅਨਸੂਚਿਤ ਜਨਜਾਤੀਆਂ ਬਾਰੇ ਲਾਗੂ ਅਤਿਆਚਾਰ ਰੋਕੂ ਕਨੂੰਨ ਵਿੱਚ ਸੁਪਰੀਮ ਕੋਰਟ ਵਲੋਂ ਕੀਤੇ ਦਲਿਤ ਵਿਰੋਧੀ ਬਦਲਾਅ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਨੂੰ ਦਲਿਤਾਂ ਦੇ ਸੰਵਿਧਾਨਕ ਹੀ ਨਹੀਂ ਜਮਹੂਰੀ ਅਧਿਕਾਰ ਤੇ ਸਿੱਧਾ ਹਮਲਾ ਦੱਸਿਆ ਹੈ।ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਪਿੰ ਬੱਗਾ ਸਿੰਘ ਤੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਐਸਸੀ/ਐਟੀ ਐਕਟ ਵਿੱਚ ਤਬਦੀਲੀ ਮੰਨੂਵਾਦੀ ਸੰਸਕ੍ਰਿਤੀ ਦੇ ਦਬਾਅ ਹੇਠ ਕੀਤੀ ਗਈ ਹੈ। ਦਲਿਤਾਂ ਤੇ ਅੱਤਿਆਚਾਰ ਦੇ ਮਾਮਲਿਆਂ ਵਿੱਚ ਪਿਛਲੇ ਸਮੇਂ ਦੌਰਾਨ 68 ਫ਼ੀਸਦੀ ਦਾ ਵਾਧਾ ਹੋਇਆ ਹੈ। 2 ਅਪਰੈਲ ਦੇ ਭਾਰਤ ਬੰਦ ਦੀ ਹਮਾਇਤ ਕਰਦਿਆਂ ਇਸ ਸਬੰਧੀ ਸੂਬਾ ਕਮੇਟੀ ਮੈਂਬਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਕਿਹਾ ਹੈ ਕਿ ਸਿਰਫ 23.8 ਫੀਸਦੀ ਜੁਰਮਾਂ ਦੇ ਕੇਸਾਂ ਵਿੱਚ ਸਜ਼ਾ ਦਾ ਐਲਾਨ ਹੁੰਦਾ ਹੈ। ਬਾਕੀ ਦੇ 76 ਫੀਸਦੀ ਸਾਫ਼ ਬਰੀ ਹੋ ਜਾਂਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸ ਐਕਟ ਦੀ ਦੁਰਵਰਤੋਂ ਤਾਂ ਉੱਕਾ ਹੀ ਨਹੀਂ ਹੋ ਰਹੀ ਬਲਕਿ ਇਸ ਐਕਟ ਰਾਹੀਂ ਸੀਮਤ ਨਿਆਂ ਮਿਲਣ ਦੀ ਸੰਭਾਵਨਾ ਜੋ ਪਹਿਲਾਂ ਸੀ ਉਹ ਵੀ ਸੁਪਰੀਮ ਕੋਰਟ ਦੇ ਬੈਂਚ ਨੇ ਖਤਮ ਕਰ ਦਿੱਤੀ ਹੈ। ਹੁਣ ਐਸਸੀ/ਐਸ ਟੀ ਐਕਟ ਦੀ ਉਲੰਘਣਾ ਬਦਲੇ ਕਿਸੇ ਦੋਸ਼ੀ ਤੇ ਸਿੱਧੀ ਐਫ ਹਜ਼ਾਰ ਦਰਜ ਨਹੀਂ ਹੋਵੇਗੀ ਬਲਕਿ ਇਸ ਐਫ ਆਈ ਆਰ ਦਰਜ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਪੁਲਿਸ ਮੁਖੀ ਤੋਂ ਮਨਜ਼ੂਰੀ ਲੈਣੀ ਪਵੇਗੀ ਅਤੇ ਜੇ ਦੋਸ਼ੀ ਸਰਕਾਰੀ ਮੁਲਾਜ਼ਮ ਹੈ ਤੋਂ ਉਸ ਦੇ ਮਹਿਕਮੇ ਦੀ ਮੰਜ਼ੂਰੀ ਲਾਜ਼ਮੀ ਕਰ ਕਰ ਦਿੱਤੀ ਗਈ ਹੈ। ਇਸ ਤੋਂ ਵੀ ਅੱਗੇ ਮੁਲਜ਼ਮ ਦੀ ਅਗਾਊਂ ਜ਼ਮਾਨਤ ਹੋਣ ਦੀ ਵਿਵਸਥਾ ਕਰ ਦਿੱਤੀ ਗਈ ਹੈ।ਇਸ ਤੋਂ ਭਾਵ ਹੈ ਕਿ ਐਸ ਸੀ/ਐਸ ਟੀ ਐਕਟ ਨੂੰ ਪੂਰੀ ਤਰ੍ਹਾਂ ਪ੍ਰਭਾਵਹੀਣ ਕਰ ਦਿੱਤਾ ਗਿਆ ਹੈ। ਇਸ ਨਾਲ ਮਨੂੰਵਾਦੀ ਭਾਵਨਾ ਨੂੰ ਸ਼ਹਿ ਮਿਲੀ ਹੈ ਅਤੇ ਪਹਿਲਾਂ ਹੀ ਦਲਿਤਾਂ ਤੇ ਹੁੰਦੇ ਅੱਤਿਆਚਾਰ ਵਿੱਚ ਵਾਧਾ ਹੋ ਦੀ ਸੰਭਾਵਨਾ ਵੱਧ ਗਈ ਹੈ। ਜਮਹੂਰੀ ਅਧਿਕਾਰ ਸਭਾ ਇਸ ਨੂੰ ਦਲਿਤਾਂ ਦੇ ਬੁਨਿਆਦੀ ਤੇ ਸੰਵਿਧਾਨਕ ਹੱਕ ਤੇ ਸਿੱਧਾ ਹਮਲਾ ਮੰਨਦੀ ਹੈ ਅਤੇ ਇਸ ਹਮਲੇ ਵਿਰੁੱਧ 2 ਅਪ੍ਰੈਲ ਦੇ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਦਾ ਡੱਟਵਾਂ ਹਮਾਇਤ ਕਰਦੀ ਹੈ ਅਤੇ ਆਪਣੀ ਸਮੁੱਚੀ ਮੈਂਬਰਸ਼ਿਪ ਨੂੰ ਇਸ ਬੰਦ ਵਿੱਚ ਸਰਗਰਮੀ ਨਾਲ ਆਪਣੇ ਪੱਧਰ ਤੇ ਆਪਣੇ ਤਰੀਕਿਆਂ ਨਾਲ ਹਿੱਸਾ ਲੈਣ ਦਾ ਸੱਦਾ ਦਿੰਦੀ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਭਰਾਤਰੀ ਜਥੇਬੰਦੀਆ ਨਾਲ ਮਿਲ ਕੇ ਕਲ੍ਹ 2 ਵਜੇ ਟੀਚਰ ਹੋਮ ਵਿਖੇ ਇੱਕ ਸਮਾਗਮ ਕਰਨ ਪਿੱਛੋਂ ਸਾਂਝਾ ਮਜਾਹਰਾ ਕਰੇਗੀ। **ਜਾਰੀ ਕਰਤਾ ਡਾਕਟਰ ਅਜੀਤਪਾਲ ਸਿੰਘ**

# ਨਾਟਕਕਾਰ ਅਜਮੇਰ ਔਲਖ ਦੀ ਬੇਟੀ ਸੋਹਜਦੀਪ ਕੌਰ ਦੀ ਅਚਾਨਕ ਮੌਤ ਤੇ ਜਮਹੂਰੀ ਅਧਿਕਾਰ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਉੱਘੇ ਤੇ ਸਿਰਮੌਰ ਨਾਟਕਕਾਰ ਅਜਮੇਰ ਔਲਖ ਸਾਬਕਾ ਸੂਬਾ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਬੇਟੀ ਤੇ ਲੋਕ ਗਾਇਕ ਗੁਰਵਿੰਦਰ ਬਰਾੜ ਦੀ ਪਤਨੀ ਸੋਹਜਦੀਪ ਕੌਰ ਦੀ ਅਚਾਨਕ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਸੂਬਾ ਕਮੇਟੀ ਮੈਂਬਰ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਸੋਹਜਦੀਪ ਕੌਰ ਆਪ ਵੀ ਅਜਮੇਰ ਔਲਖ ਦੇ ਨਾਟਕਾਂ ਵਿੱਚ ਉੱਘਾ ਰੋਲ ਅਦਾ ਕਰਦੀ ਰਹੀ ਹੈ ਅਤੇ ਆਪਣੇ ਪਤੀ ਤੇ ਲੋਕ ਗਾਇਕ ਗੁਰਵਿੰਦਰ ਬਰਾੜ ਨਾਲ ਵੀ ਫ਼ਿਲਮਾਂ ਵਿੱਚ ਉਸ ਦਾ ਰੋਲ ਰਿਹਾ ਹੈ ।ਨਾਟਕਕਾਰ ਅਜਮੇਰ ਵਾਂਗੂੰ ਹੀ ਉਹ ਇੱਕ ਬਹੁਤ ਹੀ ਇਨਕਲਾਬੀ ਤੇ ਸੁਲਝੀ ਹੋਈ ਸੋਚ ਦੀ ਮਾਲਕ ਸੀ। ਅਜਮੇਰ ਔਲਖ ਦਾ ਸਾਰਾ ਹੀ ਪਰਿਵਾਰ ਰੰਗ ਮੰਚ ਨੂੰ ਸਮਰਪਿਤ ਹੈ। ਸੋਹਜਦੀਪ ਕੌਰ ਦੀ ਅਚਾਨਕ ਹੋਈ ਮੌਤ ਨਾਲ ਰੰਗ ਮੰਚ ਨੂੰ ਤਾਂ ਘਾਟਾ ਪਿਆ ਹੀ ਹੈ ਬਲਕਿ ਜਮਹੂਰੀ ਹਲਕਿਆਂ ਵਿੱਚ ਵੀ ਇਸ ਦਾ ਸੋਗ ਮਨਾਇਆ ਜਾ ਰਿਹਾ ਹੈ।ਅਜਮੇਰ ਔਲਖ ਤੇ ਉਸ ਦੇ ਪ੍ਰੀਵਾਰ ਨੇ ਆਪਣੀ ਸਾਰੀ ਜ਼ਿੰਦਗੀ ਰੰਗ ਮੰਚ ਨੂੰ ਸਮਰਪਿਤ ਕੀਤੀ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਨਾਟਕ ਪੇਸ਼ ਕੀਤੇ ਜਾਂਦੇ ਰਹੇ।ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਾਰੇ ਹੀ ਮੈਂਬਰਾਂ ਨੇ ਅੱਜ ਸੁਦੀਪ ਕੌਰ ਦੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



# ਐਸ.ਸੀ/ ਐਸ.ਟੀ.ਐਕਟ ਸਬੰਧੀ ਫੈਡਰੇਸ਼ਨ ਵੱਲੋਂ ਜਲੰਧਰ 'ਚ ਰੋਸ ਮੁਜ਼ਾਹਰਾ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ./ ਬੀ. ਸੀ. ਇੰਪਲਾਈਜ਼ ਫੈਡਰੇਸ਼ਨ ਪੰਜਾਬ ਦੀ ਤਹਿਸੀਲ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਜਨਰਲ ਸਕੱਤਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰਾਏ ਨੇ ਕਿਹਾ ਕਿ ਜਲੰਧਰ ਵਿਚ ਸ. ਜਸਬੀਰ ਸਿੰਘ ਪਾਲ ਤੇ ਸੂਬਾ ਪ੍ਰਧਾਨ ਬਲਰਾਜ ਕੁਮਾਰ ਦੀ ਅਗਵਾਈ ਵਿਚ ਸੂਬਾ ਪੱਧਰੀ ਰੋਸ ਧਰਨਾ ਤੇ ਰੋਸ ਮਾਰਚ ਕੀਤਾ ਗਿਆ, ਜਿਸ ਵਿਚ ਇਕ ਤਹਿਸੀਲ ਹੁਸ਼ਿਆਰਪੁਰ ਤੋਂ ਸੈਂਕੜੇ ਵਰਕਰ ਸ਼ਾਮਲ ਹੋਏ। ਉਹਨਾਂ ਕਿਹਾ ਕਿ ਭਾਰਤ ਸਰਕਾਰ ਦੇ ਗੈਰ ਸੰਜੀਦਾ ਰੁਖ ਕਾਰਨ ਸੁਪਰੀਮ ਕੋਰਟ ਨੇ ਦਲਿਤ ਵਿਰੋਧੀ ਫੈਸਲਾ ਦਿੱਤਾ ਹੈ। ਹਾਈ ਕੋਰਟ ਨੇ ਰੋਕ ਲਗਾ ਦਿੱਤੀ ਹੈ। ਜਿਸ ਕਾਰਨ ਸਾਰੇ ਦਲਿਤ ਵਰਗ ਵਿਚ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਖਿਲਾਫ ਬਹੁਤ ਗੁੱਸਾ ਪਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਪ੍ਰਿੰ. ਜੈ ਸਿੰਘ ਹੀਰਾ, ਯੋਧਾ ਮੱਲ, ਲਖਵਿੰਦਰ ਰਾਮ, ਜਰਨੈਲ ਸਿੰਘ ਸੀਕਰੀ, ਗੁਲਜਾਰੀ ਲਾਲ, ਬਲਵੀਰ ਕੁਮਾਰ, ਰਣਵੀਰ ਕੁਮਾਰ, ਜਤਿੰਦਰ ਕੁਮਾਰ, ਅਮਨਜੀਤ ਸਿੰਘ, ਹੰਸ ਰਾਜ, ਬਲਵਿੰਦਰ ਕੁਮਾਰ, ਪ੍ਰਿਥੀਪਾਲ ਅਤੇ ਕੁਲਦੀਪ ਕੁਮਾਰ ਹਾਜ਼ਰ ਸਨ।

**ਰਿਪੋਰਟ– ਡਾ. ਜਸਵੰਤ ਰਾਏ**

# ਬੰਦ ਦਾ ਸੱਦਾ ਇਤਿਹਾਸਕ ਹੋ ਨਿੱਬੜਿਆ

ਖੰਨਾ– ਸੁਪਰੀਮ ਕੋਰਟ ਵੱਲੋਂ ਐਸ. ਸੀ./ ਐਸ. ਟੀ. ਐਕਟ ਵਿਚ ਬਦਲਾਅ ਅਤੇ ਇਸ ਐਕਟ ਦੇ ਦੁਰਪ੍ਰਯੋਗ ਸਬੰਧੀ ਜੋ ਦਲਿਤ ਵਰਗ ਵੱਲੋਂ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਸੀ, ਉਹ ਪੂਰਨ ਰੂਪ ਵਿਚ ਇਤਿਹਾਸਕ ਬੰਦ ਹੋ ਨਿੱਬੜਿਆ ਹੈ। ਡਾ. ਅੰ-ਬੇਡਕਰ ਮਿਸ਼ਨ ਸੁਸਾਇਟੀ ਰਜਿ. ਪੰਜਾਬ ਖੰਨਾ ਵੱਲੋਂ ਵੀ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾਵਿਖੇ ਵੀ ਦਲਿਤ, ਭਰਾਤਰੀ ਅਤੇ ਅੰਬੇਡਕਰੀ ਜਥੇਬੰਦੀਆਂ ਅਤੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਜਿਸ ਦ੍ਰਿੜ੍ਹਤਾ ਅਤੇ ਇਮਾਨਦਾਰੀ ਨਾਲ 2 ਅਪ੍ਰੈਲ ਨੂੰ ਭਾਰਤ ਬੰਦ ਅਤੇ ਰੋਸ ਮਾਰਚ ਕਰਕੇ ਰਾਸ਼ਟਰਪਤੀ ਸਾਹਿਬ ਨੂੰ ਮੰਗ ਪੱਤਰ ਦਿੱਤਾ, ਬੇਹੱਦ ਸ਼ਲਾਘਾਯੋਗ ਅਤੇ ਕ੍ਰਾਂਤੀਕਾਰੀ ਜਿੱਤ ਹੈ। ਸੁਸਾਇਟੀ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਜਿੱਥੇ ਦਲਿਤ ਜਥੇਬੰਦੀਆਂ ਦਾ ਬਹੁਤ ਧੰਨਵਾਦ ਕੀਤਾ ਹੈ, ਉਥੇ ਖੰਨਾ ਸ਼ਹਿਰ ਦੀ ਪ੍ਰੈਸ, ਪ੍ਰਸ਼ਾਸਨ, ਪੁਲਿਸ ਅਧਿਕਾਰੀਆਂ, ਦੁਕਾਨਦਾਰਾਂ, ਵਪਾਰੀਆਂ ਅਤੇ ਮੁਲਾਜ਼ਮਾਂ ਦਾ ਵੀ ਤਹਿ ਦਿਲੋਂ ਧੰਨਵਾਦ ਕਰਦੀ ਹੈ। ਸੁਸਾਇਟੀ ਹਮੇਸ਼ਾ ਹੀ ਇਕ ਵਿਸ਼ਾਨ ਏਕਾ ਉਸਾਰਨ ਦੇ ਹੱਕ ਵਿਚ ਰਹੀ ਹੈ। ਸ਼ਹਿਰ ਦੀਆਂ 26 ਜਥੇਬੰਦੀਆਂ ਨੇ ਜੋ ਇਕ ਵਿਸ਼ਾਲ ਮਾਰਚ ਅਤੇ ਰੋਸ ਮਾਰਚ ਕਰਨ ਤੇ ਧਰਨੇ ਨੂੰ ਸਫਲ ਬਣਾਉਣ ਲਈ ਸਾਰਿਆਂ ਨੂੰ ਬਹੁਤ-ਬਹੁਤ ਵਧਾਈਆਂ ਦਿੱਤੀਆਂ। ਇਸ ਮੀਟਿੰਗ ਵਿਚ ਦਿਲਬਾਗ ਸਿੰਘ ਲੱਖਾ, ਜਨਰਲ ਸਕੱਤਰ, ਧਰਮਵੀਰ ਉਪ ਪ੍ਰਧਾਨ, ਸੋਹਣ ਲਾਲ ਸਾਂਪਲਾ, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਅਮਨਪ੍ਰੀਤ, ਅਮਨਿੰਦਰ, ਫੁਲਜਿੰਦਰਸਿੰਘ, ਪ੍ਰਿੰਸ, ਧਰਮਪਾਲ ਸਿੰਘ ਅਤੇ ਘੋਲਾ ਸ਼ਾਮਲ ਸਨ।



# 13 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਲਈ ਬੁਕਿੰਗ

**ਜਲੰਧਰ–** ਜਲੰਧਰ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਹੁਣ ਹਵਾਈ ਯਾਤਰਾ ਕਰਨ ਲਈ ਬਹੁਤੀ ਦੇਰ ਤੇ ਦੂਰੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ । ਜਲੰਧਰ ਨੇੜੇ ਆਦਮਪੁਰ 'ਚ ਬਣ ਰਹੇ ਸਿਵਲ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਲਈ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ 13 ਅਪ੍ਰੈਲ ਤੋਂ ਸਪਾਈਸਜੈਟ ਏਅਰਲਾਈਨਜ਼ ਦੀ ਉਡਾਣ ਲਈ ਬੁਕਿੰਗ ਸ਼ੁਰੂ ਹੋ ਜਾਵੇਗੀ । ਜਲੰਧਰ ਦੇ ਆਦਮਪੁਰ ਹਵਾਈ ਅੱਡੇ 'ਚ ਸੁਰੱਖਿਆ ਲਈ ਲੱਗੀਆਂ ਮਸ਼ੀਨਾਂ, ਆਲੇ-ਦੁਆਲੇ ਲੱਗੇ ਬੋਰਡ ਤੇ ਇਮਾਰਤ ਇਸ ਗੱਲ ਦਾ ਸਬੂਤ ਹੈ ਕਿ ਨਾਗਰਿਕ ਹਵਾਈ ਅੱਡੇ ਦੀ ਸਭ ਤਿਆਰੀਆਂ ਕਰੀਬ ਮੁਕੰਮਲ ਹੋ ਚੁੱਕੀਆਂ ਹਨ । ਦੱਸਣਯੋਗ ਹੈ ਕਿ ਬੀਤੇ ਸਾਲ ਇਸ ਹਵਾਈ ਅੱਡੇ ਨੂੰ ਬਣਾਉਣ ਲਈ ਕੰਮ ਦੀ ਸ਼ੁਰੂਆਤ ਹੋਈ ਸੀ।

# ਅਖਿਲ ਭਾਰਤੀਆ ਮੌਰੀਆ ਮਹਾਂਸੰਘ ਵੱਲੋਂ ਸਮਰਾਟ ਅਸ਼ੋਕ ਮਹਾਨ ਦੀ 2323ਵੀਂ ਜਯੰਤੀ ਮਨਾਈ ਗਈ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਅਖਿਲ ਭਾਰਤੀਆ ਮੌਰੀਆ ਮਹਾਂਸੰਘ ਵੱਲੋਂ ਪ੍ਰੀਦਰਸੀਆ ਚੱਕਰਵਤੀ ਸਮਰਾਟ ਅਸ਼ੋਕ ਮਹਾਨ ਦੀ 2323ਵੀਂ ਜਯੰਤੀ ਭਗਵਾਨ ਵਾਲਮੀਕਿ ਭਵਨ ਜਮਾਲਪੁਰ ਵਿਖੇ ਪ੍ਰਧਾਨ ਰਾਮ ਬਹਾਦਰ ਮੌਰੀਆ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਈ ਗਈ। ਇਸ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਤੇ ਰਾਸ਼ਟਰੀ ਗਾਣ ਅਤੇ ਪੰਚਸ਼ੀਲ ਝੰਡਾ ਤੇ ਲੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਰਾਹੀਂ ਕੀਤਾ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸਮਰਾਟ ਅਸ਼ੋਕ ਦੇ ਜੀਵਨ ਅਤੇ ਸਿਧਾਂਤਾ ਤੇ ਰੋਸ਼ਨੀ ਪਾਈ ਅਤੇ ਕੀਤੇ ਗਏ ਕਲਿਆਣਕਾਰੀ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਬੁਲਾਰਿਆਂ ਨੇ ਸਮਰਾਟ ਅਸ਼ੋਕ ਦੁਆਰਾ ਬੁੱਧ ਧਰਮ ਦੇ ਪ੍ਰਚਾਰ ਪ੍ਰਸਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਅਖੰਡ ਭਾਰਤ ਨੂੰ ਬੁੱਧ ਰਾਸ਼ਟਰ ਆਖਿਆ। ਸਮਾਗਮ ਵਿੱਚ ਜਿਥੇ ਬੱਚਿਆਂ ਨੇ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤਾ ਉਥੇ ਹੀ ਪ੍ਰਗਤੀ ਕਲ੍ਹਾ ਕੇਂਦਰ ਲਾਂਧੜਾ ਦੀ ਟੀਮ ਨੇ ਰਾਣਾ ਸੋਢੀ ਦੀ ਦੇਖਰੇਖ ਵਿੱਚ ਭਾਰਤ ਦੇ ਇਤਿਹਾਸ ਅਤੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਦਰਸ਼ਨ ਤੇ ਨਾਟਕ ਖੇਡੇ। ਉਨ੍ਹਾਂ ਮੌਰੀਆਂ ਲੋਕਾਂ ਨੂੰ ਆਪਣੇ ਮਾਣਮੱਤੇ ਇਤਿਹਾਸ ਤੋਂ ਦਿਸ਼ਾ ਨਿਰਦੇਸ਼ ਲੈ ਕੇ ਮੁੜ ਕੇ ਬੁੱਧ ਰਾਸ਼ਟਰ ਬਣਾਉਣ ਦਾ ਸੱਦਾ ਦਿੱਤਾ। ਰਾਮ ਬਹਾਦਰ ਮੌਰੀਆ ਨੇ ਸਮਾਗਮ 'ਚ ਆਏ ਲੋਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਡਾ: ਅੰਬੇਡਕਰ ਨਵਯੁਵਕ ਦਲ ਦੇ ਪ੍ਰਧਾਨ ਬੰਸੀ ਲਾਲ ਪ੍ਰੇਮੀਂ ਤੋਂ ਇਲਾਵਾ ਭਰਤ ਕੁਸ਼ਵਾਹਾ, ਸ਼ਸ਼ੀ ਕਾਂਤ ਮੌਰੀਆ, ਰਾਮਸ਼ਰਨ ਮੌਰੀਆ, ਓਮ ਪ੍ਰਕਾਸ਼ ਕੁਸ਼ਵਾਹਾ, ਰਾਮ ਨਿਵਾਸ ਮੌਰੀਆ, ਸ਼ੰਕਰ ਮੌਰੀਆ, ਫੂਲਚੰਦ ਮੌਰੀਆ, ਪ੍ਰਮੇਸ਼ ਮੌਰੀਆ, ਵਿਨੋਦ ਕੁਮਾਰ ਮੌਰੀਆ, ਮਦਨ ਮੌਰੀਆ, ਪ੍ਰਮੋਦ ਮੌਰੀਆ, ਮਸਤ ਰਾਮ ਮੌਰੀਆ ਅਤੇ ਵਿਜੇ ਕੁਮਾਰ ਮੌਰੀਆ ਆਦਿ ਹਾਜਰ ਸਨ।



# ਗ਼ਦਰੀ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਯਾਦਗਾਰ 'ਤੇ ਪੋਚੇ ਫੇਰਨ ਦੀ ਨਿੰਦਾ

**ਜਲੰਧਰ–** ਦੇਸ਼ ਅੰਦਰ ਨਵੀਂ ਆਜ਼ਾਦੀ, ਖਰੀ ਜਮਹੂਰੀਅਤ ਅਤੇ ਸਾਂਝੀਵਾਲਤਾ ਭਰਿਆ ਰਾਜ ਅਤੇ ਸਮਾਜ ਸਿਰਜਣ ਲਈ ਉੱਠੀ ਮਹਾਨ ਗ਼ਦਰੀ ਲਹਿਰ 'ਚ 12 ਅਗਸਤ 1915 ਨੂੰ ਲਾਹੌਰ ਸੈਂਟਰਲ ਜੇਲ੍ਹ 'ਚ ਫਾਂਸੀ ਲਗਾਏ ਗਏ ਬੰਤਾ ਸਿੰਘ ਸੰਘਵਾਲ ਦੀ ਯਾਦ 'ਚ ਜਲੰਧਰ ਦੇ ਪਠਾਨਕੋਟ 'ਚ ਲਗਾਏ ਬੁੱਤ ਨਾਲ ਸਬੰਧਤ ਦੀਵਾਰਾਂ ਉਪਰ ਸ਼ਰਾਰਤੀ ਅਨਸਰ ਵੱਲੋਂ ਪੋਚੇ ਫੇਰਕੇ ਸ਼ਹੀਦ ਦੀ ਬੇਹੁਰਮਤੀ ਕਰਨ ਅਤੇ ਇਤਿਹਾਸਕ ਯਾਦਗਾਰ ਨੂੰ ਮਿਟ-ਾਉਣ ਦੇ ਕੀਤੇ ਜਾ ਰਹੇ ਕੋਝੇ ਯਤਨਾਂ ਦੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਿਆਂ ਪੰਜਾਬ ਸਰਕਾਰ ਅਤੇ ਪ੍ਰਸਾਸ਼ਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਅਜੇਹੇ ਤੱਤਾਂ ਨੂੰ ਨੱਥ ਪਾਈ ਜਾਏ ਅਤੇ ਗ਼ਦਰੀ ਬਾਬੇ ਚੌਕ ਦੀ ਇਤਿਹਾਸਕਤਾ ਦਾ ਮਾਣ-ਸਨਮਾਨ ਬਹਾਲ ਕੀਤਾ ਜਾਏ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਸ਼ਹਾਦਤ ਤੋਂ ਇਲਾਵਾ ਸੰਘਵਾਲ ਪਿੰਡ ਦੇ ਹੀ ਸ਼ਹੀਦ ਰੂੜ ਸਿੰਘ ਸੰਘਵਾਲ ਨੂੰ ਵੀ ਫਾਂਸੀ ਦੀ ਸਜ਼ਾ ਤੇ ਲੱਭੂ ਅਤੇ ਸੰਤੂ ਨੂੰ ਉਮਰ ਕੈਦ ਕੀਤੀ ਗਈ ਸੀ। ਲੋੜ ਤਾਂ ਹੈ ਕਿ ਇਸ ਇਤਿਹਾਸਕ ਸਭਿਆਚਾਰਕ ਚਿੰਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਲਿਖਤੀ ਰੂਪ 'ਚ ਸੰਭਾਲਣ, ਖੋਜ਼ ਕਰਨ ਅਤੇ ਅਧਿਐਨ ਕਰਨ ਦਾ ਕੰਮ ਕੀਤਾ ਜਾਏ, ਉਹ ਕੰਮ ਕਰਨਾ ਤਾਂ ਦੂਰ ਦੀ ਗੱਲ ਯਾਦਗਾਰੀ ਬੁੱਤਾਂ, ਚੌਕਾਂ ਅਤੇ ਇਤਿਹਾਸਕ ਥਾਵਾਂ ਨੂੰ ਵੀ ਨਕਸ਼ੇ ਤੋਂ ਮੇਟਣ ਦੇ ਯੋਜਨਾਬੱਧ ਕਦਮ ਚੁੱਕੇ ਜਾ ਰਹੇ ਹਨ। ਜਦੋਂ ਕਿ ਪਠਾਨਕੋਟ ਚੌਕ ਨੂੰ 'ਸ਼ਹੀਦ ਬੰਤਾ ਸਿੰਘ ਸੰਘਵਾਲ ਚੌਕ' ਨਾਂਅ ਦੇਣ ਦੀ ਰਾਸ਼ਟਰੀ ਮਾਰਗ ਅਥਾਰਟੀ ਵੱਲੋਂ ਬਕਾਇਦਾ 1992 ਤੋਂ ਮਾਨਤਾ ਮਿਲੀ ਹੋਈ ਹੈ।




A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਜੀ ਐਸ ਟੀ: ਦੁਨੀਆ 'ਚ ਦੂਜੀ ਸੱਭ ਤੋਂ ਵਧ ਦਰ ਭਾਰਤ ਵਿੱਚ -ਵਰਲਡ ਬੈਂਕ

**ਨਵੀਂ ਦਿੱਲੀ–** ਭਾਰਤ ਵਿਚ ਲੰਘੇ ਸਾਲ ਲਾਗੂ ਕੀਤੇ ਗਏ ਜੀ–ਐਸਟੀ (ਵਸਤੂ ਅਤੇ ਸੇਵਾ ਕਰ) ਨੂੰ ਵਰਲਡ ਬੈਂਕ ਨੇ ਸੱਭ ਤੋਂ ਜ਼ਿਆਦਾ ਮੁਸ਼ਕਲ ਕਰਾਰ ਦਿਤਾ ਹੈ। ਵਰਲਡ ਬੈਂਕ ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ ਜੀਐਸਟੀ ਦਾ ਫ਼ਾਰਮ ਸੱਭ ਤੋਂ ਮੁਸ਼ਕਲ ਹੈ ਅਤੇ ਇਸ ਦੀ ਟੈਕਸ ਦਰਾਂ ਦੁਨੀਆਂ ਵਿਚ ਦੂਜੀ ਸੱਭ ਤੋਂ ਉਚੀ ਹੈ। ਵਿਸ਼ਵ ਬੈਂਕ ਦੀ ਬੁਧਵਾਰ ਨੂੰ ਜਾਰੀ ਰਿਪੋਰਟ ਵਿਚ ਭਾਰਤ ਵਿਚ ਲਾਗੂ ਜੀਐਸਟੀ ਨੂੰ ਪਾਕਿਸਤਾਨ ਅਤੇ ਘਾਨਾ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਦੁਨੀਆਂ ਦੇ 49 ਦੇਸ਼ਾਂ ਵਿਚ ਜੀਐਸਟੀ ਦੇ ਤਹਿਤ ਇਕ ਹੋਰ 28 ਦੇਸ਼ਾਂ ਵਿਚ ਦੋ ਸਲੈਬ ਹਨ। ਭਾਰਤ ਸਮੇਤ ਪੰਜ ਦੇਸ਼ਾਂ ਵਿਚ ਜੀਐਸਟੀ ਦੇ ਪੰਜ ਸਲੈਬ ਹਨ। ਭਾਰਤ ਦੇ ਇਲਾਵਾ ਇਸ ਵਿਚ ਇਟਲੀ, ਲੈਕਜ਼ੰਬਰਗ, ਪਾਕਿਸਤਾਨ ਅਤੇ ਘਾਨਾ ਸ਼ਾਮਲ ਹਨ। ਭਾਰਤ ਸਰਕਾਰ ਨੇ ਲੰਘੇ ਸਾਲ 1 ਜੁਲਾਈ ਨੂੰ ਲਾਗੂ ਕੀਤੇ ਜੀਐਸਟੀ ਢਾਂਚੇ ਵਿਚ ਪੰਜ ਸਲੈਬ (0, 5, 12, 18 ਅਤੇ 28 ਫ਼ੀ ਸਦੀ) ਬਣਾਏ ਗਏ। ਵਿਸ਼ਵ ਬੈਂਕ ਨੇ ਆਪਣੀ ਰਿਪੋਰਟ ਵਿਚ ਟੈਕਸ ਰੇਟ ਘਟ ਕਰਨ ਦੇ ਨਾਲ ਹੀ ਕਾਨੂੰਨੀ ਪ੍ਰਬੰਧਾਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੀ ਸਲਾਹ ਦਿਤੀ ਹੈ। ਰਿਪੋਰਟ ਵਿਚ ਕਰ ਪ੍ਰਣਾਲੀ ਦੇ ਪ੍ਰਬੰਧਾਂ ਨੂੰ ਅਮਲ ਵਿਚ ਲਿਆਉਣ 'ਤੇ ਹੋਣ ਵਾਲੇ ਖ਼ਰਚ




ਨੂੰ ਲੈ ਕੇ ਵੀ ਸਵਾਲ ਚੁਕੇ ਗਏ ਹਨ। ਲੰਘੇ ਸਾਲ ਮੋਦੀ ਸਰਕਾਰ ਦੇ ਜੀਐਸਟੀ ਨੂੰ ਅਮਲ ਵਿਚ ਲਿਆਉਣ ਦੇ ਬਾਅਦ ਹੀ ਇਹ ਕਰ ਪ੍ਰਣਾਲੀ 'ਤੇ ਲਗਾਤਾਰ ਸਵਾਲ ਉਠਦੇ ਰਹੇ ਹਨ, ਵਿਰੋਧੀ ਪੱਖ ਦੇ ਨਾਲ – ਨਾਲ ਮਾਲੀ ਹਾਲਤ ਦੇ ਜਾਣਕਾਰ ਵੀ ਇਸ ਨੂੰ ਬਿਨਾਂ ਤਿਆਰੀ ਦੇ ਲਾਗੂ ਕਰਨ ਦੀ ਗੱਲ ਕਹਿੰਦੇ ਰਹੇ ਹਨ। ਇਸ ਵਿਚ ਖ਼ਜ਼ਾਨਾ–ਮੰਤਰੀ ਅਰੁਣ ਜੇਟਲੀ ਕਈ ਤਬਦੀਲੀਆਂ ਦੀ ਗੱਲ ਕਹਿ ਚੁੱਕੇ ਹਨ।

### ਕੀ ਹੈ ਘੰਠ ?

ਘੰਠ ਦਾ ਮਤਲਬ ਗੁਡਸ ਐਂਡ ਸਰਵਿਸਜ਼ ਟੈਕਸ ਹੈ। ਇਸ ਨੂੰ ਕੇਂਦਰ ਅਤੇ ਸੂਬਿਆਂ ਦੇ 17 ਤੋਂ ਜ਼ਿਆਦਾ ਅਸਿੱਧੇ ਟੈਕਸ ਦੇ ਬਦਲੇ ਵਿਚ ਲਾਗੂ ਕੀਤਾ ਗਿਆ ਹੈ। ਇਹ ਅਜਿਹਾ ਟੈਕਸ ਹੈ ਜੋ ਦੇਸ਼ ਭਰ ਵਿਚ ਕਿਸੇ ਵੀ ਗੁਡਸ ਜਾਂ ਸਰਵਿਸਜ ਦੀ ਮੈਂਨਯੁਫੈਕਚਰਿੰਗ, ਵਿਕਰੀ ਅਤੇ ਇਸਤੇਮਾਲ 'ਤੇ ਲਾਗੂ ਹੁੰਦਾ ਹੈ।

ਇਸ ਨਾਲ ਆਬਕਾਰੀ ਡਿਊਟੀ, ਸੈਂਟਰਲ ਸੇਲਸ ਟੈਕਸ (ਸੀਐਸਟੀ), ਸਟੇਟ ਦੇ ਸੇਲਸ ਟੈਕਸ ਯਾਨੀ ਵੈਟ, ਐਂਟਰੀ ਟੈਕਸ, ਲਾਟਰੀ ਟੈਕਸ, ਸਟੈਂਪ ਡਿਊਟੀ, ਟੈਲੀਕਾਮ ਲਾਇਸੈਂਸ ਫ਼ੀਸ, ਟਰਨਓਵਰ ਟੈਕਸ, ਬਿਜਲੀ ਦੇ ਇਸਤੇਮਾਲ ਜਾਂ ਵਿਕਰੀ ਅਤੇ ਗੁਡਸ ਦੇ ਟਰਾਂਸਪੋਰਟੇਸ਼ਨ 'ਤੇ ਲੱਗਣ ਵਾਲੇ ਟੈਕਸ ਖ਼ਤਮ ਹੁੰਦੇ ਹਨ।

ਸਰਲ ਸ਼ਬਦਾਂ ਵਿਚ ਕਹੋ ਤਾਂ ਜੀਐਸਟੀ ਪੂਰੇ ਦੇਸ਼ ਲਈ ਅਸਿੱਧੇ ਟੈਕਸ ਹੈ, ਜੋ ਭਾਰਤ ਨੂੰ ਇਕ ਸਮਾਨ ਬਾਜ਼ਾਰ ਬਣਾਉਂਦਾ ਹੈ। ਜੀਐਸਟੀ ਲਾਗੂ ਹੋਣ 'ਤੇ ਸਾਰੇ ਸੂਬਿਆਂ ਵਿਚ ਲਗਭਗ ਸਾਰੇ ਗੁਡਸ ਇਕ ਹੀ ਕੀਮਤ 'ਤੇ ਮਿਲਦੀਆਂ ਹਨ। ਹੁਣ ਇਕ ਹੀ ਵਸਤੂ ਲਈ ਦੋ ਸੂਬਿਆਂ ਵਿਚ ਅਲੱਗ–ਅਲੱਗ ਕੀਮਤ ਚੁਕਾਉਣੀ ਪੈਂਦੀ ਸੀ। ਇਸ ਦੀ ਵਜ੍ਹਾਂ ਵੱਖ – ਵੱਖ ਰਾਜਾਂ ਵਿਚ ਲੱਗਣ ਵਾਲੇ ਟੈਕਸ ਸਨ। ਇਸ ਦੇ ਲਾਗੂ ਹੋਣ ਦੇ ਬਾਅਦ ਦੇਸ਼ ਬਹੁਤ ਹੱਦ ਤਕ ਸਿੰਗਲ ਮਾਰਕੀਟ ਬਣ ਗਿਆ।

# ਸਰਬ ਨੌਜਵਾਨ ਸਭਾ ਨੇ ਸਿਵਲ ਹਸਪਤਾਲ ਫਗਵਾੜਾ ਵਿਖੇ ਲਾਇਆ ਦਵਾਈਆਂ ਦਾ ਲੰਗਰ ਅਤੇ ਖੂਨਦਾਨ ਕੈਂਪ

**ਫਗਵਾੜਾ (ਬੀ.ਕੇ. ਰੱਤੂ)–** ਸਰਬ ਨੌਜਵਾਨ ਸਭਾ ਵਲੋਂ ਚੜ੍ਹਦੀ ਕਲਾ ਸਿੱਖ ਆਰਗਨਾਈਜੇਸ਼ਨ ਯੂ.ਕੇ. ਦੇ ਸਹਿਯੋਗ ਨਾਲ ਆਓ ਪੁੰਨ ਕਮਾਈਏ ਲੜੀ ਤਹਿਤ ਸ਼ੁਰੂ ਕੀਤਾ ਦਵਾਈਆਂ ਦਾ ਲੰਗਰ ਸਥਾਨਕ ਸਿਵਲ ਹਸਪਤਾਲ ਫਗਵਾੜਾ ਵਿਖੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਸਬੰਧੀ ਆਯੋਜਿਤ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਐਸ.ਪੀ. ਫਗਵਾੜਾ ਸ੍ਰੀ ਪਰਮਿੰਦਰ ਸਿੰਘ ਭੰਡਾਲ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨਾ ਵਜੋਂ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਸਾਬਕਾ ਆਈ.ਜੀ. ਪੰਜਾਬ ਪੁਲਿਸ, ਸ੍ਰ. ਪਰਮਿੰਦਰ ਸਿੰਘ ਮੰਡ ਯੂ.ਕੇ., ਬਲਬੀਰ ਸਿੰਘ ਉੱਭੀ ਯੂ.ਕੇ., ਬੀ.ਆਰ. ਕਟਾਰੀਆ ਯੂ.ਕੇ. ਅਵਤਾਰ ਸਿੰਘ ਮੰਡ ਸਾਬਕਾ ਜਿਲ੍ਹਾ ਪਰੀਸ਼ਦ ਮੈਂਬਰ, ਐਸ.ਐਮ.ਓ. ਦਵਿੰਦਰ ਸਿੰਘ, ਸੀਨੀਅਰ ਪੱਤਰਕਾਰ ਟੀ.ਡੀ. ਚਾਵਲਾ ਸ਼ਾਮਲ ਹੋਏ। ਇਸ ਮੌਕੇ ਲੋੜਵੰਦ ਮਰੀਜਾਂ ਨੂੰ ਦਵਾਈਆਂ ਦੀ ਵੰਡ ਕਰਦਿਆਂ ਐਸ.ਪੀ. ਭੰਡਾਲ ਨੇ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿਚ ਸਰਬ ਨੌਜਵਾਨ ਸਭਾ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਇਸ ਪ੍ਰੋਜੈਕਟ ਨਾਲ ਬਹੁਤ ਸਾਰੇ ਲੋੜਵੰਦ ਮਰੀਜਾਂ ਦੀਆਂ ਕੀਮਤੀ ਜਿੰਦਗੀਆਂ ਨੂੰ ਬਚਾਇਆ ਜਾ ਸਕੇਗਾ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਲੋੜਵੰਦ ਮਰੀਜਾਂ ਨੂੰ ਦਵਾਈਆਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ ਤਾਂ ਜੋ ਕੋਈ ਵੀ ਮਰੀਜ ਦਵਾਈ ਦੀ ਘਾਟ ਕਾਰਨ ਜਿੰਦਗੀ ਨਾ ਗੁਆਏ। ਇਸ ਮੌਕੇ ਲਗਾਏ ਗਏ ਖੂਨਦਾਨ ਕੈਂਪ ਦਾ ਉਦਘਾਟਨ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਵਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਸੋਢੀ ਨੇ ਕਿਹਾ ਕਿ ਸਰਬ ਨੌਜਵਾਨ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦਾ ਅੰਤਰ ਰਾਸ਼ਟਰੀ ਪੱਧਰ ਤੇ ਬਹੁਤ ਹੀ ਮਾਣ ਅਤੇ ਸਤਿਕਾਰ ਨਾਲ ਜਿਕਰ ਹੁੰਦਾ ਹੈ। ਐਸ.ਐਮ.ਓ. ਦਵਿੰਦਰ ਸਿੰਘ ਨੇ ਕਿਹਾ ਕਿ ਲੋੜਵੰਦ ਮਰੀਜਾਂ ਲਈ ਦਵਾਈਆਂ ਦਾ ਪ੍ਰਬੰਧ ਬਹੁਤ ਹੀ ਉੱਤਮ ਉਪਰਾਲਾ ਹੈ। ਉਹਨਾਂ ਕਿਹਾ ਕਿ ਸਿਵਲ ਹਸਪਤਾਲ ਵਿਚ ਬਹੁਤ ਹੀ ਲੋੜਵੰਦ ਮਰੀਜ ਆਉਂਦੇ ਹਨ ਜਿਹਨਾਂ ਦੀ ਆਰਥਕ ਸਥਿਤੀ ਮਹਿੰਗੀਆਂ ਦਵਾਈਆਂ ਖਰੀਦਣ ਲਾਇਕ ਨਹੀਂ ਹੁੰਦੀ ਇਸ ਲਈ ਉਹਨਾਂ ਦੀ ਸਹਾਇਤਾ ਬਹੁਤ ਹੀ ਸ਼ਲਾਘਾਯੋਗ ਹੈ। ਸਟੇਜ ਸਕੱਤਰ ਦੀ ਸੇਵਾ ਹਰਜਿੰਦਰ ਗੋਗਨਾ ਨੇ ਬਾਖੂਬੀ ਨਿਭਾਈ। ਇਸ ਮੌਕੇ ਗੁਰਮੀਤ ਪਲਾਹੀ, ਬਲਜਿੰਦਰ ਸਿੰਘ ਸਰਪੰਚ ਫਤਿਹਗੜ੍ਹ, ਮੋਨੂੰ ਸਰਵਟਾ, ਰਵੀ ਚੌਹਾਨ, ਉਂਕਾਰ ਜਗਦੇਵ, ਰਾਜੀਵ ਦੀਕਸ਼ਿਤ, ਪ੍ਰਿਤਪਾਲ ਕੌਰ ਤੁਲੀ, ਸਰਬਜੀਤ ਕੌਰ ਕੌਂਸਲਰ, ਤੇਜਵਿੰਦਰ ਦੁਸਾਂਝ, ਅਨੂਪ ਦੁੱਗਲ, ਸਤੀਸ਼ ਪ੍ਰਭਾਕਰ, ਹਰਜੀਤ ਕੌਰ, ਸ਼ਵਿੰਦਰ ਨਿਸ਼ਚਲ, ਮੈਡਮ ਸੁਮਨ, ਕਰਨੈਲ ਸਿੰਘ ਮਿਊਜਿਕ ਡਾਇਰੈਕਟਰ, ਗਾਇਕ ਮਨਮੀਤ ਮੇਵੀ, ਕੁਨਾਲ ਸ਼ਰਮਾ, ਵਿਨੀਤ ਪੁਰੀ, ਰਾਮ ਚਾਹਲ, ਪਰਮਿੰਦਰ ਜੀਤ ਸਿੰਘ, ਵਿਕਰਮਜੀਤ ਵਾਲੀਆ, ਆਰ.ਪੀ. ਸ਼ਰਮਾ, ਰੌਸ਼ਨ ਲਾਲ ਰੋਸ਼ੀ, ਬਬਲੂ ਕੰਦੋਲਾ, ਜਸਵਿੰਦਰ ਭਗਤਪੁਰਾ, ਅਨੁਰਾਗ ਮਾਨਖੰਡ ਕੋਂਸਲਰ, ਡਾ. ਨਰੇਸ਼ ਬਿੱਟੂ, ਸਰਬਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਹਰਵਿੰਦਰ ਸੈਣੀ, ਨਿਰਮਲਜੀਤ ਕਾਲਾ, ਬੀ.ਕੇ. ਰੱਤੂ ਆਦਿ ਵੀ ਹਾਜਰ ਸਨ।





# ਇਰਾਕ 'ਚ ਮਾਰੇ ਗਏ ਬਟਾਲਾ ਸਬ ਡਵੀਜ਼ਨ ਦੇ ਨੌਜਵਾਨਾਂ ਦਾ ਉਨਾਂ ਦੇ ਜੱਦੀ ਪਿੰਡਾਂ ਵਿਚ ਅੰਤਿਮ ਸਸਕਾਰ

**ਬਟਾਲਾ (ਨਰਿੰਦਰ ਬਰਨਾਲ)–** ਬਟਾਲਾ (ਨਰਿੰਦਰ ਬਰਨਾਲ)– ਇਰਾਕ ਵਿਚ ਮਾਰੇ ਗਏ ਜ਼ਿਲ੍ਹਾ ਗੁਰਦਾਸਪੁਰ ਦੇ ਚਾਰ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਅੱਜ ਉਨ੍ਹਾਂ ਦੇ ਜੱਦੀ ਪਿੰਡ ਪਹੁੰਚ ਗਈਆਂ ਜਿਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰ ਦਿੱਤੀਆਂ ਗਈਆਂ। ਇਰਾਕ ਤੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਵਿਖੇ ਵਿਸ਼ੇਸ਼ ਜਹਾਜ਼ ਰਾਹੀਂ ਪੁੱਜੀਆਂ ਮ੍ਰਿਤਕ ਦੇਹਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਵੱਖ–ਵੱਖ ਟੀਮਾਂ ਬਣਾਈਆਂ ਗਈਆਂ ਸਨ ਜੋ ਪੂਰੇ ਅਦਬ ਨਾਲ ਮ੍ਰਿਤਕ ਦੇਹਾਂ ਨੂੰ ਬਾਅਦ ਦੁਪਹਿਰ ਉਨ੍ਹਾਂ ਦੇ ਪਿੰਡਾਂ ਵਿਚ ਪਹੁੰਚੀਆਂ।

ਬਟਾਲਾ ਨੇੜਲੇ ਪਿੰਡ ਤਲਵੰਡੀ ਝਿਊਰਾਂ ਦੇ ਨੌਜਵਾਨ ਧਰਮਿੰਦਰ ਕੁਮਾਰ ਦੀ ਮ੍ਰਿਤਕ ਦੇਹ ਨੂੰ ਐਸ.ਡੀ.ਐਮ. ਬਟਾਲਾ ਸ੍ਰੀ ਰੋਹਿਤ ਗੁਪਤਾ, ਬੀ.ਡੀ.ਪੀ.ਓ. ਬਟਾਲਾ ਭਗਵਾਨ ਸਿੰਘ, ਨਾਇਬ ਤਹਿਸੀਲਦਾਰ ਵਰਿਆਮ ਸਿੰਘ ਅਤੇ ਡਾਕਟਰਾਂ ਤੇ ਪੁਲਿਸ ਦੀ ਟੀਮ ਪਹੁੰਚੀ। ਧਰਮਿੰਦਰ ਕੁਮਾਰ ਦੀ ਮ੍ਰਿਤਕ ਦੇਹ ਸ਼ਮਸ਼ਾਨਘਾਟ ਪਹੁੰਚਣ 'ਤੇ ਮਹੌਲ ਪੂਰੀ ਤਰਾਂ ਗਮਗੀਨ ਹੋ ਗਿਆ ਅਤੇ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਨੇਹੀਆਂ ਅਤੇ ਪਿੰਡ ਵਾਸੀਆਂ ਨੇ ਨਮ ਅੱਖਾਂ ਨਾਲ ਆਪਣੇ ਪੁੱਤਰ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ।



ਇਸ ਮੌਕੇ ਐਸ.ਡੀ.ਐਮ. ਬਟਾਲਾ ਸ੍ਰੀ ਰੋਹਿਤ ਗੁਪਤਾ, ਬੀ.ਡੀ.ਪੀ.ਓ. ਬਟਾਲਾ ਭਗਵਾਨ ਸਿੰਘ, ਨਾਇਬ ਤਹਿਸੀਲਦਾਰ ਵਰਿਆਮ ਸਿੰਘ ਨੇ ਮ੍ਰਿਤਕ ਦੇਹਾਂ 'ਤੇ ਰੀਥ ਚੜ੍ਹਾ ਕੇ ਸ਼ਰਧਾਂਜਲੀ ਤੇ ਸਤਿਕਾਰ ਭੇਟ ਕੀਤਾ। ਅੰਤਿਮ ਅਰਦਾਸ ਉਪਰੰਤ ਮ੍ਰਿਤਕ ਦੇ ਪਤਾ ਨੇ ਚਖਾ ਨੂੰ ਅਗਨੀ ਦਿਖਾਈ। ਇਸੇ ਤਰਾਂ ਫਤਹਿਗੜ ਚੂੜੀਆਂ ਦੇ ਨਜ਼ਦੀਕੀ ਪਿੰਡ ਰੂਪੋਵਾਲੀ ਦੇ ਨੌਜਵਾਨ ਕੰਵਲਜੀਤ ਸਿੰਘ ਦੀ ਮ੍ਰਿਤਕ ਦੇਹ ਵਧੀਕ ਡਿਪਟੀ ਕਮਿਸ਼ਨਰ ਜਗਵਿੰਦਰਜੀਤ ਸਿੰਘ ਸੰਧੂ, ਨਾਇਬ ਤਹਿਸੀਲਦਾਰ ਲਛਮਣ ਸਿੰਘ ਇੱਕ ਵਿਸ਼ੇਸ਼ ਐਂਬੂਲੈਂਸ ਰਾਹੀਂ ਲੈ ਕੇ ਪਹੁੰਚੇ। ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੇ ਨਮ ਅੱਖਾਂ ਨਾਲ ਆਪਣੇ ਪੁੱਤਰ ਦਾ ਅੰਤਿਮ ਸਸਕਾਰ ਕੀਤਾ। ਵਧੀਕ ਡਿਪਟੀ ਕਮਿਸ਼ਨਰ ਤੇ ਨਾਇਬ ਤਹਿਸੀਲਦਾਰ ਵੱਲੋਂ ਮ੍ਰਿਤਕ ਦੇਹ ਉੱਪਰ ਰੀਥ ਚੜ੍ਹਾਈ ਗਈ। ਬਟਾਲਾ ਦੇ ਮੁਹੱਲਾ ਤੇਲੀਆਂ ਵਾਲ ਦੇ ਮ੍ਰਿਤਕ ਨੌਜਵਾਨ ਮਲਕੀਤ ਸਿੰਘ ਦਾ ਅੰਤਿਮ ਸਸਕਾਰ ਉਸਦੇ ਪਰਵਾਰਕ ਮੈਂਬਰਾਂ ਵੱਲੋਂ ਅੰਮ੍ਰਿਤਸਰ ਵਿਖੇ ਕਰ ਦਿੱਤਾ ਗਿਆ। ਮਲਕੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਤਹਿਸੀਲਦਾਰ ਬਟਾਲਾ ਲਖਵਿੰਦਰ ਸਿੰਘ ਵੱਲੋਂ ਪੂਰੇ ਸਨਮਾਨ ਨਾਲ ਪਰਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ। ਕਾਦੀਆਂ ਦੇ ਨੌਜਵਾਨ ਰਾਕੇਸ਼ ਕੁਮਾਰ ਦੀ ਮ੍ਰਿਤਕ ਦੇਹ ਜ਼ਿਲ੍ਹਾ ਮਾਲ ਅਫ਼ਸਰ ਜਸਵੰਤ ਸਿੰਘ, ਨਾਇਬ ਤਹਿਸੀਲਦਾਰ ਅਮਰਜੀਤ ਸਿੰਘ ਲੈ ਕੇ ਪਹੁੰਚੇ। ਇਸ ਮੌਕੇ ਵਿਧਾਇਕ ਸ. ਬਲਵਿੰਦਰ ਸਿੰਘ ਲਾਡੀ ਅਤੇ ਕਾਦੀਆਂ ਸ਼ਹਿਰ ਦੇ ਵਸਨੀਕ ਪੀੜਤ ਪਰਵਾਰ ਨੂੰ ਧਰਵਾਸ ਦੇਣ ਲਈ ਪਹੁੰਚੇ। ਇਸਾਈਅਤ ਧਰਮ ਦੇ ਅਨੁਸਾਰ ਕਿਰਿਆ ਕਰਮ ਕਰਦੇ ਹੋਏ ਰਾਕੇਸ਼ ਕੁਮਾਰ ਨੂੰ ਕਾਦੀਆਂ ਦੇ ਕਬਰਸਤਾਨ ਵਿਚ ਦਫ਼ਨਾ ਦਿੱਤਾ ਗਿਆ। ਇਸ ਮੌਕੇ ਵਿਧਾਇਕ ਸ. ਬਲਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਦੇ ਨਾਲ ਖੜੀ ਹੈ ਅਤੇ ਸੂਬਾ ਸਰਕਾਰ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਪੰਜ–ਪੰਜ ਲੱਖ ਰੁਪਏ ਅਤੇ ਯੋਗਤਾ ਅਨੁਸਾਰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਪੀੜਤ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਰੱਖਦੀ ਹੈ।

# ਐਸ.ਸੀ/ ਐਸ.ਟੀ. ਐਕਟ ਨੂੰ ਪ੍ਰਭਾਵਹੀਣ ਬਣਾਉਣ ਦੇ ਵਿਰੋਧ 'ਚ ਰਜਿੰਦਰ ਘੇੜਾ ਤੇ ਸਾਥੀ ਬੈਠੇ ਭੁੱਖ ਹੜਤਾਲ 'ਤੇ

**ਫਗਵਾੜਾ (ਰੱਤੂ)–** ਉੱਘੇ ਸਮਾਜ ਸੇਵਕ ਤੇ ਦਲਿਤ ਆਗੂ ਰਜਿੰਦਰ ਘੇੜਾ ਨੇ ਮਾਣਯੋਗ ਸੁਪਰੀਮ ਕੋਰਟ ਵਲੋਂ ਐਸ.ਸੀ./ ਐਸ.ਟੀ. ਐਕਟ ਨੂੰ ਪ੍ਰਭਾਵਹੀਣ ਬਣਾਉਣ ਲਈ ਕੀਤੀ ਗਈ ਸੋਧ ਦੇ ਵਿਰੋਧ 'ਚ ਸਥਾਨਕ ਬੱਸ ਸਟੈਂਡ 'ਤੇ ਭੁੱਖ ਹੜਤਾਲ 'ਤੇ ਬੈਠ ਕੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਆਪਣਾ ਰੋਸ ਜ਼ਾਹਰ ਕੀਤਾ। ਇਸ ਭੁੱਖ ਹੜਤਾਲ 'ਚ ਉਨ੍ਹਾਂ ਦੇ ਨਾਲ ਬੀਬੀ ਪ੍ਰਮਜੀਤ ਕੌਰ ਗੁਰੂ, ਰਾਜਵਿੰਦਰ ਕੌਰ ਘੇੜਾ, ਸੰਤੋਸ਼ ਕੁਮਾਰੀ, ਰੀਨਾ ਕੁਮਾਰੀ ਉਨ੍ਹਾਂ ਨਾਲ ਬੈਠੇ ਸਨ। ਇਸ ਭੁੱਖ ਹੜਤਾਲ ਦੇ ਸਮਰਥਨ 'ਚ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਜੀ ਭਰੋਮਜ਼ਾਰਾ, ਸੰਤ ਦੇਸ ਰਾਜ ਜੀ ਗੋਬਿੰਦਪੁਰਾ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਲਛਮਣ ਦਾਸ ਜੀ, ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ, ਕਮਲ ਲੱਖਪੁਰ, ਜਥੇਦਾਰ ਰਜਿੰਦਰ ਸਿੰਘ ਫੌਜੀ ਅਕਾਲੀ ਦਲ ਅੰਮ੍ਰਿਤਸਰ, ਬਲਜਿੰਦਰ ਸਿੰਘ ਠੇਕੇਦਾਰ ਕੌਂਸਲਰ, ਜਥੇਦਾਰ ਸਰੂਪ ਸਿੰਘ ਖਲਵਾੜਾ, ਮੋਹਣ ਸਿੰਘ ਵਾਹਦ, ਡਾ. ਅਸ਼ੋਕ ਭਾਟੀਆ, ਸਰਪੰਚ ਬਹਾਦਰ ਸਿੰਘ ਸੰਗਤਪੁਰ, ਜਸਵਿੰਦਰ ਸਿੰਘ ਭਗਤਪੁਰਾ, ਚੰਦਰੇਸ਼ ਕੌਲ, ਬਲਵੀਰ ਸਿੰਘ,




ਇਨਸਾਫ਼ ਦੀ ਆਵਾਜ਼ ਜਥੇਬੰਦੀ ਤੋਂ ਡਾ. ਪ੍ਰਮਜੀਤ ਸਿੰਘ ਦੁੱਗ, ਜੋਗਰਾਜ ਸਿੰਘ, ਸੰਦੀਪ ਭਬਿਆਣਾ, ਪਰਸ ਰਾਮ ਸ਼ਿਵਪੁਰੀ, ਬਲਵਿੰਦਰ ਬੌਬੀ, ਪ੍ਰਨੀਸ਼ ਬੰਗਾ, ਰੇਸ਼ਮ ਸਿੰਘ ਰੋਸ਼ੀ, ਤਰਸੇਮ ਚੁੰਬਰ, ਪਿੰਦੀ ਮੱਲ ਕੱਟਾਂ, ਵਿਜੇ ਕੁਮਾਰ, ਸਵਰਨ ਸਿੰਘ ਕਲਸੀ, ਬਾਬਾ ਸੋਖੀ ਸੁੰਨੜੇ ਵਾਲਾ ਗੀਤਕਾਰ, ਗਾਇਕ ਗੁਰਮੇਜ ਮੇਹਲੀ, ਜੁੱਗੂ ਮਹੇ, ਮੌਂਟੀ ਮਹਿਮੀ, ਸੰਦੀਪ ਦੀਪਾ, ਗਣਪੱਤ ਬਿੱਟੂ, ਸੰਦੀਪ ਸੀਪਾ, ਹਰਜਿੰਦਰ ਜੰਡਾਲੀ, ਰੌਕੀ ਮੇਹਲੀ, ਸੁੱਚਾ ਸਿੰਘ ਬਿਸ਼ਨਪੁਰ, ਰੇਸ਼ਮ ਸਿੰਘ ਪੱਪੀ, ਰਾਜੀ ਢੰਡਾ, ਨਿਰਮਲਜੀਤ ਕਾਲਾ, ਡਾ. ਸੋਢੀ, ਕੁਲਵਿੰਦਰ ਕੌਰ ਜਗਪਾਲਪੁਰ, ਪ੍ਰਮਜੀਤ ਕੌਰ ਭਬਿਆਣਾ ਆਦਿ ਤੋਂ ਇਲਾਵਾ ਹੋਰ ਵੀ ਆਗੂਆਂ ਨੇ ਪਹੁੰਚ ਕੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜੀ ਕਰਦਿਆਂ ਉਕਤ ਫ਼ੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਰਜਿੰਦਰ ਘੇੜਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਗਿਣੀਮਿੱਥੀ ਸਾਜ਼ਿਸ਼ ਅਧੀਨ ਐਸ.ਸੀ./ਐਸ.ਟੀ. ਐਕਟ 'ਚ ਸੋਧ ਕਰਵਾ ਕੇ ਦੇਸ਼ ਅੰਦਰ ਭਗਵਾਂ ਰਾਜ ਸਥਾਪਿਤ ਕਰਨ ਦੀ ਨੀਂਹ ਰੱਖੀ ਹੈ ਜੋ ਕਿ ਸਮੁੱਚਾ ਦਲਿਤ ਸਮਾਜ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

# ਐੱਸਸੀ/ ਐੱਸਟੀ.ਐਕਟ ਵਿਚ ਤਬਦੀਲੀਆਂ ਮਨੂਵਾਦੀ ਸੰਸਕ੍ਰਿਤੀ ਤੋਂ ਪ੍ਰੇਰਤ - ਜਮਹੂਰੀ ਅਧਿਕਾਰ ਸਭਾ

**ਜਲੰਧਰ (ਬਿਊਰੋ)–** ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ. ਮਲੇਰੀ ਅਤੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਬੈਂਚ ਵਲੋਂ ਪਿਛਲੇ ਦਿਨਾਂ ਵਿਚ ਐੱਸ.ਸੀ./ ਐੱਸ.ਟੀ. ਐਕਟ ਵਿਚ ਜੋ ਤਬਦੀਲੀਆਂ ਕੀਤੀਆਂ ਗਈਆਂ ਹਨ ਉਹ ਇਸ ਐਕਟ ਦੀ ਮੂਲ ਭਾਵਨਾ ਨੂੰ ਖ਼ਤਮ ਕਰਕੇ ਇਸ ਨੂੰ ਇਕ ਬੇਅਸਰ ਕਾਨੂੰਨ ਬਣਾਉਣ ਵਾਲੀਆਂ ਹਨ ਜੋ ਕਿ ਦਲਿਤਾਂ ਨੂੰ ਉੱਚ ਜਾਤੀਆਂ ਦੇ ਅੱਤਿਆਚਾਰਾਂ ਤੋਂ ਸੁਰੱਖਿਆ ਅਤੇ ਇਨਸਾਫ਼ ਦੇਣ ਦੇ ਮਨੋਰਥ ਨਾਲ ਬਣਾਇਆ ਗਿਆ ਸੀ। ਕਾਨੂੰਨ ਦੀ ਦੁਰਵਰਤੋਂ ਦੇ ਨਾਂ ਹੇਠ ਸੁਪਰੀਮ ਕੋਰਟ ਦੇ ਜੱਜਾਂ ਦਾ ਕਾਨੂੰਨ ਦੀ ਮੂਲ ਭਾਵਨਾ ਨੂੰ ਹੀ ਖ਼ਤਮ ਕਰ ਦੇਣ ਦਾ ਨਿਰਦੇਸ਼ ਕਥਿਤ ਉੱਚ ਜਾਤੀਆਂ ਨੂੰ ਇਹ ਗਾਰੰਟੀ ਦਿੰਦਾ ਹੈ ਕਿ ਉਹਨਾਂ ਵਲੋਂ ਕੀਤੇ ਜਾ ਰਹੇ ਜਾਤਪਾਤੀ ਜੁਰਮਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਪੁਲਿਸ ਅਤੇ ਹੋਰ ਨੌਕਰਸ਼ਾਹੀ ਦੀ ਮਨਜ਼ੂਰੀ ਤੋਂ ਬਿਨਾ ਨਹੀਂ ਹੋ ਸਕੇਗੀ। ਕਿਉਂਕਿ ਇਸ ਨਿਰਦੇਸ਼ ਅਨੁਸਾਰ ਪੁਲਿਸ ਹੁਣ ਜਾਤਪਾਤੀ ਜੁਰਮ ਦੀ ਸ਼ਿਕਾਇਤ ਉੱਪਰ ਤੁਰੰਤ ਐੱਫ.ਆਈ.ਆਰ. ਦਰਜ ਕਰਨ ਲਈ ਪਾਬੰਦ ਨਹੀਂ ਰਹੀ। ਪੁਲਿਸ ਅਧਿਕਾਰੀਆਂ ਨੂੰ ਦਿੱਤਾ ਸ਼ਿਕਾਇਤ ਦੀ ਜਾਂਚ ਦਾ ਅਧਿਕਾਰ ਅਤੇ ਸਰਕਾਰੀ ਮਹਿਕਮਿਆਂ ਵਿਚ ਨਿਯੁਕਤੀ ਕਰਨ ਵਾਲੀ ਅਥਾਰਟੀ ਵਲੋਂ ਮਨਜ਼ੂਰੀ ਦੀ ਲਾਜ਼ਮੀ ਸ਼ਰਤ ਹੀ ਇਹ ਤੈਅ ਕਰੇਗੀ ਕਿ ਮਲਜ਼ੂਮ ਦਲਿਤ ਦੀ ਸ਼ਿਕਾਇਤ ਉੱਪਰ ਐੱਫ.ਆਈ.ਆਰ. ਦਰਜ ਹੋਵੇਗੀ ਜਾਂ ਨਹੀਂ। ਪੇਸ਼ਗੀ ਜ਼ਮਾਨਤ ਦੀ ਨਵੀਂ ਵਿਵਸਥਾ ਨੇ ਜਾਤਪਾਤੀ ਅੱਤਿਆਚਾਰੀਆਂ ਦੀ ਗਰਿਫ਼ਤਾਰੀ ਲਗਭਗ ਅਸੰਭਵ ਬਣਾ ਦਿੱਤੀ ਹੈ। ਸੱਤਾਧਾਰੀ ਧਿਰ ਦੀ ਖ਼ਾਮੋਸ਼ ਸਹਿਮਤੀ ਨਾਲ ਇਹ ਤਬਦੀਲੀਆਂ ਉਸ ਸਮੇਂ ਕੀਤੀਆਂ ਜਾ ਰਹੀਆਂ ਹਨ ਜਦੋਂ ਖ਼ੁਦ ਸਰਕਾਰੀ ਅੰਕੜੇ ਕਹਿ ਰਹੇ ਹਨ ਕਿ ਪਿਛਲੇ ਦਸ ਸਾਲਾਂ ਵਿਚ ਦਲਿਤਾਂ ਉੱਪਰ ਜਾਤਪਾਤੀ ਅੱਤਿਆਚਾਰਾਂ ਵਿਚ 68 ਫ਼ੀਸਦੀ ਵਾਧਾ ਹੋਇਆ ਹੈ ਅਤੇ ਜਾਤਪਾਤੀ ਜੁਰਮਾਂ ਦੇ ਮੁਲਜ਼ਮਾਂ ਨੂੰ ਅਦਾਲਤਾਂ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੀ ਪ੍ਰਤੀਸ਼ਤ ਹੋਰ ਜ਼ਿਆਦਾ ਘਟਕੇ ਮਹਿਜ਼ 23.8ਪ੍ਰਤੀਸ਼ਤ ਰਹਿ ਗਈ ਹੈ। ਦਲਿਤ ਔਰਤਾਂ ਨਾਲ ਬਲਾਤਕਾਰਾਂ, ਦਲਿਤਾਂ ਦੀ ਕੁੱਟਮਾਰ, ਉਹਨਾਂ ਦੇ ਘਰਾਂ ਦੀ ਸਾੜਫੂਕ, ਘੋੜ ਸਵਾਰੀ ਕਰਨ ’ਤੇ ਦਲਿਤ ਨੌਜਵਾਨਾਂ ਦੀਆਂ ਹੱਤਿਆਵਾਂ ਦੀਆਂ ਖ਼ਬਰਾਂ ਰੋਜ਼ ਆ ਰਹੀਆਂ ਹਨ। ਜਦੋਂ 76ਪ੍ਰਤੀਸ਼ਤ ਮਾਮਲਿਆਂ ਵਿਚ ਮੁਲਜ਼ਮ ਪਹਿਲਾਂ ਹੀ ਸਾਫ਼ ਬਰੀ ਹੋ ਰਹੇ ਹਨ, ਇਹਨਾਂ ਹਾਲਤਾਂ ਵਿਚ ਕਾਨੂੰਨ ਦੀ ਦੁਰਵਰਤੋਂ ਦੀ ਅਦਾਲਤੀ ਦਲੀਲ ਪੂਰੀ ਤਰ੍ਹਾਂ ਤਰਕਹੀਣ ਅਤੇ ਤੁਅੱਸਬਾਂ ਤੋਂ ਪ੍ਰੇਰਿਤ ਹੋਣ ਤੋਂ ਬਿਨਾ ਹੋਰ ਕੁਝ ਨਹੀਂ। ਇਸ ਸਮਾਜਿਕ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਸੁਪਰੀਮ ਕੋਰਟ ਦੇ ਜੱਜਾਂ ਵਲੋਂ ਕਾਨੂੰਨ ਦੀ ਦੁਰਵਰਤੋਂ ਦੇ ਬਹਾਨੇ ਉੱਚਜਾਤੀ ਹੰਕਾਰ ਵਿਚ ਗ੍ਰਸਤ ਤਾਕਤਾਂ ਦੇ ਹੱਥ ਮਜ਼ਬੂਤ ਕਰਨ ਵਾਲੇ ਫ਼ਰਮਾਨ ਜਾਰੀ ਕਰਨਾ ਇਹੀ ਸਾਬਤ ਕਰਦਾ ਹੈ ਕਿ ਦੇਸ਼ ਦੀ ਅਦਾਲਤੀ ਪ੍ਰਣਾਲੀ ਉੱਪਰ ਮਨੂਵਾਦੀ ਸੰਸਕ੍ਰਿਤੀ ਦਾ ਡੂੰਘਾ ਪ੍ਰਭਾਵ ਹੈ ਅਤੇ ਇਹ ਨਿਰਦੇਸ਼ ਦੱਬੇ ਕੁਚਲੇ ਅਤੇ ਹਾਸ਼ੀਆਗ੍ਰਸਤ ਲੋਕਾਂ ਨੂੰ ਆਪਣੇ ਮਨੁੱਖੀ ਹੱਕਾਂ ਅਤੇ ਸਮਾਜੀ ਨਿਆਂ ਲਈ ਲੜਨ ਦੇ ਜਮਹੂਰੀ ਹੱਕਾਂ ਤੋਂ ਵਾਂਝੇ ਕਰਨ ਦੇ ਖ਼ਤਰਨਾਕ ਏਜੰਡੇ ਦਾ ਹਿੱਸਾ ਹੈ। ਦਲਿਤ ਸਮਾਜ ਨੂੰ ਉਹਨਾਂ ਤਾਕਤਾਂ ਤੋਂ ਵੀ ਚੌਕਸ ਰਹਿਣਾ ਹੋਵੇਗਾ ਜੋ ਸੱਤਾ ਵਿਚ ਹੋਣ ਸਮੇਂ ਦਲਿਤਾਂ ਅਤੇ ਹੋਰ ਦੱਬੇ ਕੁਚਲਿਆਂ ਦੀ ਹੱਕਜਤਾਈ ਨੂੰ ਦਬਾਉਣ ਲਈ ਕੰਮ ਕਰਦੀਆਂ ਹਨ ਅਤੇ ਵਿਰੋਧੀ ਧਿਰ ਵਿਚ ਹੋਣ ਸਮੇਂ ਦਲਿਤਾਂ ਨਾਲ ਹੇਜ ਜਤਾਉਣਾ ਸ਼ੁਰੂ ਕਰ ਦਿੰਦੀਆਂ ਹਨ। ਉਹਨਾਂ ਕਿਹਾ ਕਿ ਸਭਾ ਇਸ ਸਬੰਧ ਵਿਚ 2 ਅਪ੍ਰੈਲ ਦੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਕਰਦੀ ਹੈ। ਅਤੇ ਜਥੇਬੰਦੀ ਦੇ ਸਮੂਹ ਮੈਂਬਰਾਂ ਅਤੇ ਹੋਰ ਜਮਹੂਰੀ ਤਾਕਤਾਂ ਨੂੰ ਇਸ ਅਦਾਲਤੀ ਨਿਰਦੇਸ਼ ਦਾ ਵਿਰੋਧ ਕਰਦੇ ਹੋਏ ਜਮਹੂਰੀ ਹੱਕਾਂ ਦੀ ਰਾਖੀ ਲਈ ਸੱਚੀ ਜਮਹੂਰੀ ਧਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦੀ ਹੈ।

# ਐਸ ਸੀ ਐਸ ਟੀ ਐਕਟ ਨੂੰ ਕਮਜੋਰ ਕਰਨ ਦੇ ਵਿਰੋਧ ’ਚ ਮੋਦੀ ਸਰਕਾਰ ਦੇ ਵਿਰੁੱਧ ਬਸਪਾ ਨੇ ਕੀਤਾ ਰੋਸ ਮਾਰਚ



**ਲੁਧਿਆਣਾ–** ਪਿਛਲੇ ਦਿਨੀਂ ਦੇਸ਼ ਦੀ ਸਰਵਉੱਚ ਅਦਾਲਤ ਨੇ ਐਸ ਸੀ ਐਸ ਟੀ ਐਕਟ ਦੇ ਸਬੰਧ ਵਿੱਚ ਜੋ ਫੈਸਲਾ ਦਿੱਤਾ ਉਸ ਦਾ ਪੂਰੇ ਦੇਸ਼ ਵਿੱਚ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗਾਂ ਦੇ ਲੋਕਾਂ ਵੱਲੋਂ ਵਿਰੋਧ ਹੋਣ ਲੱਗਾ ਹੈ। ਬਸਪਾ ਦੀ ਕੌਮੀਂ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਇਸ ਬਦਲਾਅ ਨੂੰ ਵਾਪਸ ਕਰਵਾਉਣ ਅਤੇ ਇਸ ਐਕਟ ਨੂੰ ਹੋਰ ਮਜਬੂਤ ਕਰਨ ਲਈ ਅੱਜ ਦੇਸ਼ ਭਰ ਦੇ ਜਿਲਾ ਹੈਡਕੁਆਟਰਾਂ ਤੇ ਰੋਸ ਮਾਰਚ ਤੋਂ ਬਾਅਦ ਧਰਨੇ ਦੇਣ ਦਾ ਜੋ ਪ੍ਰੋਗਰਾਮ ਦਿੱਤਾ ਗਿਆ ਸੀ ਉਸ ਤਹਿਤ ਜਿਲਾ ਲੁਧਿਆਣਾ ਦੀ ਬਸਪਾ ਲੀਡਰਸ਼ਿਪ ਨੇ ਸਥਾਨਕ ਅੰਬੇਡਕਰ ਚੌਂਕ ਤੋਂ ਡੀ ਸੀ ਦਫਤਰ ਤੱਕ ਪੈਦਲ ਰੋਸ ਮਾਰਚ ਕੱਢਿਆ ਅਤੇ ਇਸ ਉਪੰਰਤ ਡੀ ਸੀ ਦਫਤਰ ਦੇ ਬਾਹਰ ਕਈ ਘੰਟੇ ਧਰਨਾ ਦੇ ਕੇ ਮੋਦੀ ਸਰਕਾਰ ਦਾ ਪਿੱਟ ਸਿਆਪਾ ਕੀਤਾ। ਆਗੂਆਂ ਨੇ ਇਸ ਮੰਗ ਸਮੇਤ 15 ਹੋਰਨਾਂ ਅਹਿਮ ਮੰਗਾਂ ਦਾ ਮੰਗ ਪੱਤਰ ਵੀ ਦੇਸ਼ ਦੇ ਰਾਸ਼ਟਰਪਤੀ ਅਤੇ ਸੂਬੇ ਦੇ ਗਵਰਨਰ ਦੇ ਨਾਮ ਭੇਜਿਆ। ਇਸ ਸੰਬਧੀ ਜਾਣਕਾਰੀ ਦਿੰਦਿਆਂ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ, ਬਲਵਿੰਦਰ ਬਿੱਟਾ, ਜਿਲਾ ਪ੍ਰਧਾਨ ਜੀਤਰਾਮ ਬਸਰਾ ਤੇ ਨਿਰਮਲ ਸਿੰਘ ਸਾਇਆਂ ਅਤੇ ਜਨਰਲ ਸਕੱਤਰ ਪ੍ਰਗਣ ਬਿਲਗਾ ਨੇ ਕਿਹਾ ਕਿ ਆਰ ਐਸ ਐਸ ਦੇ ਇਸਾਰੇ ਤੇ ਭਾਜਪਾ ਦੀ ਮੋਦੀ ਸਰਕਾਰ ਦੇਸ਼ ਦੇ ਸੰਵਿਧਾਨ ਦੇ ਮੂਲ ਢਾਂਚੇ ਨੂੰ ਕਮਜੋਰ ਕਰਨ ਲਈ ਪਿਛਲੇ ਸਮੇਂ ਤੋਂ ਲੱਗੀ ਹੋਈ ਹੈ। ਇਸਨੇ ਐਸ ਸੀ ਐਸ ਟੀ ਐਕਟ ਨੂੰ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਨਾਲ ਮਿਲ ਕੇ ਦੇਸ਼ ਦੀ ਸਰਵਉੱਚ ਅਦਾਲਤ ਦੇ ਜਰੀਏ ਕਮਜੋਰ ਕਰਨ ਦੀ ਕੋਸ਼ਿਸ ਕੀਤੀ ਹੈ। ਉਹਨਾਂ ਕਿਹਾ ਕਿ ਇਸ ਫੈਸਲੇ ਨੂੰ ਵਾਪਸ ਕਰਵਾਉਣ ਲਈ ਮੋਦੀ ਸਰਕਾਰ ਕਾਨੂੰਨੀ ਚਾਰਾਜੋਈ ਕਰੇ ਨਹੀ ਤਾਂ ਇਸਦੇ ਭਿਆਨਕ ਸਿੱਟੇ ਨਿਕਲਣਗੇ। ਇਸ ਮੌਕੇ ਸੰਜੀਵ ਵਿਸ਼ਵਕਰਮਾ, ਸੁਖਵਿੰਦਰ ਕੌਰ, ਬਿੱਕਰ ਸਿੰਘ ਨੱਤ, ਚਰਨ ਸਿੰਘ ਲੁਹਾਰਾ, ਬਲਵੀਰ ਰਾਜਗੜ, ਵਿੱਕੀ ਬਹਾਦਰਕੇ, ਵਿੱਕੀ ਕੁਮਾਰ, ਨਰੇਸ਼ ਬਸਰਾ, ਹੰਸਰਾਜ ਬੰਗੜ, ਪਵਨ ਕੁਮਾਰ, ਸੁਖਦੇਵ ਮਹੇ, ਧਰਮਪਾਲ, ਡਾ: ਸੁਰਿੰਦਰ ਜੱਖੂ, ਰਵੀ ਕਾਂਤ ਜੱਖੂ, ਮਾਸਟਰ ਰਾਮਨੰਦ, ਰਾਜਿੰਦਰ ਨਿੱਕਾ, ਬਿਸੰਬਰ ਦਾਸ, ਚਰਨਦਾਸ ਮਾਂਗਟ, ਬਲਵੀਰ ਪੋਹੀੜ, ਰੌਕੀ ਮੱਲ, ਕਮਲ ਬੌਧ, ਅਜੇ ਬੱਧਣ, ਮਹਿੰਦਰ ਸਿੰਘ, ਸੁਰੇਸ਼ ਸੋਨੂੰ, ਸੁਖਦੇਵ ਭਟੋਏ, ਮਨਜੀਤ ਸਿੰਘ, ਸੋਖੀ, ਖਵਾਜਾ, ਮਾਨ ਸਿੰਘ, ਤੇਜਪਾਲ ਡੋਗਰਾ, ਇੰਦਰੇਸ਼, ਚਮਕੌਰ ਸਿੰਘ, ਜਗਦੀਸ਼ ਅਤੇ ਹੋਰ ਹਾਜਰ ਸਨ।

# ਐਸ.ਸੀ.- ਐਸ.ਟੀ.ਐਕਟ ’ਤੇ ਲਗਾਈ ਜਾਵੇਗੀ ਮੁੜ ਵਿਚਾਰ ਰਿੱਟ

**ਨਵੀਂ ਦਿੱਲੀ–** ਐਸ. ਸੀ.- ਐਸ. ਟੀ. ਐਕਟ ’ਤੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਗਰਮਾਈ ਰਾਜਨੀਤੀ ਨੂੰ ਰੋਕਣ ਦੀ ਪੂਰੀ ਤਿਆਰੀ ਹੋ ਗਈ ਹੈ। ਸਰਕਾਰ ਨੇ ਫੈਸਲਾ ਕੀਤਾ ਕਿ ਉਹ ਇਸ ਫੈਸਲੇ ’ਤੇ ਮੁੜ ਵਿਚਾਰ ਦੀ ਬੇਨਤੀ ਦੇ ਨਾਲ ਸੁਪਰੀਮ ਕੋਰਟ ਜਾਵੇਗੀ। ਹਾਲਾਂਕਿ ਇਸਦੀ ਭਿਣਕ ਪਹਿਲੇ ਹੀ ਦਿਨ ਮਿਲ ਗਈ ਸੀ ਪਰਸਾਰੇ ਕਾਨੂੰਨੀ ਪਹਿਲੂਆਂ ਨੂੰ ਦੇਖਣ ਤੋਂ ਬਾਅਦ ਵੀਰਵਾਰ ਨੂੰ ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਜਨਤਕ ਤੌਰ ਤੇ ਇਸਦੀ ਘੋਸ਼ਣਾ ਵੀ ਕਰ ਦਿੱਤੀ।

ਵਰਣਨਯੋਗ ਹੈ ਕਿ ਪਿਛਲੇ ਇਕ ਹਫਤੇ ਭਰ ਤੇ ਵਿਰੋਧੀ ਧਿਰ ਵੱਲੋਂ ਜਿੱਥੇ ਇਸਦਾ ਠੀਕਰਾ ਸਰਕਾਰ ਦੇ ਸਿਰ ਭੰਨ ਦਿੱਤਾ ਗਿਆ ਸੀ, ਉਥੇ ਖੁਦ ਭਾਜਪਾ ਦੇ ਵੀ ਇਕ ਸਾਂਸਦ ਨੇ ਰਾਜਨੀਤਿਕ ਕਾਰਨਾਂ ਕਰਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਸੀ। ਚੋਣ ਮੌਸਮ ਵਿਚ ਵਿਰੋਧੀ ਇਸਨੂੰ ਵੱਡਾ ਹਥਿਆਰ ਬਣਾ ਰਹੇ ਸਨ। ਵਰਣਨਯੋਗ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਰਿਜ਼ਰਵੇਸ਼ਨ ਦਾ ਇਕ ਅਜਿਹਾ ਹੀ ਸੰਵੇਦਨਸ਼ੀਲ ਮੁੱਦਾ ਆਇਆ ਸੀ, ਜਿਸਨੂੰ ਵਿਰੋਧੀ ਧਿਰ ਨੇ ਹੱਥੋ-ਹੱਥ ਲਿਆ ਸੀ। ਕਾਂਗਰਸ ਦੀ ਅਗਵਾਈ ਵਿਚ ਵਿਰੋਧੀ ਪ੍ਰਤੀਨਿਧੀ ਮੰਡਲ ਨੇ ਰਾਸ਼ਟਰਪਤੀ ਦਾ ਦਰਵਾਜ਼ਾ ਵੀ ਖੜਕਾਇਆ ਸੀ, ਇਹੋ ਕਾਰਨ ਇਯ ਗੱਲ ਦੀ ਪੂਰੀ ਤਿਆਰੀ ਕੀਤੀ ਜਾ ਰਹੀ ਸੀ ਕਿ ਵਿਰੋਧੀ ਧਿਰ ਇਸਦਾ ਸਿਹਰਾ ਨਾਂ ਲੈ ਸਕੇ। ਇਯ ਕਰਕੇ ਕੌਮੀ ਜਮਹੂਰੀ ਗੱਠਜੋੜ ਵਿਚ ਸ਼ਾਮਲ ਪਾਰਟੀਆਂ, ਕੇਂਦਰੀ ਮੰਤਰੀਆਂ ਅਤੇ ਭਾਜਪਾ ਐਸ. ਸੀ. ਮੋਰਚੇ ਨੇ ਇਸਦੀ ਕਮਾਨ ਸੰਭਾਲ ਰੱਖੀ ਸੀ। ਉਹਨਾਂ ਵੱਲੋਂ ਜਨਤਕ ਤੌਰ ਤੇ ਮੁੜ ਵਿਚਾਰ ਰਿੱਟ ਦੀ ਮੰਗ ਹੋ ਰਹੀ ਸੀ ਅਤੇ ਪ੍ਰਧਾਨ ਮੰਤਰੀ ਨਾਲ ਮਿਲ ਕੇ ਰਸਮੀ ਤੌਰ ਬੇਨਤੀ ਵੀ ਕੀਤੀ ਗਈ ਸੀ।

# ਸੁਪਰੀਮ ਕੋਰਟ ਦੇ ਐਸ. ਸੀ./ਐਸ. ਟੀ. ਐਕਟ ਤੇ ਦਿੱਤੇ ਫੈਸਲੇ ਬਾਰੇ ਮੁੱਖ ਮੰਤਰੀ ਨੇ ਦਲਿਤ ਸਮਾਜ ਨੂੰ ਦਿੱਤਾ ਸਹਿਯੋਗ ਦਾ ਭਰੋਸਾ



**ਚੰਡੀਗੜ੍ਹ–** ਦਲਿਤ ਸਮਾਜ ਦੇ ਕੈਬਨਿਟ ਮੰਤਰੀ ਕ੍ਰਿਸ਼ਨ ਲਾਲ ਪਵਾਰ, ਰਾਜ ਮੰਤਰੀ ਕ੍ਰਿਸ਼ਨ ਬੇਦੀ, ਹਰਿਆਣਾ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਅਤੇ ਪ੍ਰਦੇਸ਼ ਪ੍ਰਧਾਨ ਅਨੁਸੂਚਿਤ ਜਾਤੀ ਮੋਰਚਾ ਹਰਿਆਣਾ ਰਾਮ ਅਵਤਾਰ, ਵਾਲਮਕ ਹਰਿਆਣਾ ਬੋਰਡ ਦੇ ਚੇਅਰਮੈਨ ਬਲਵਾਨ ਸਿੰਘ, ਅਨੁਸੂਚਿਤ ਮੋਰਚਾ ਮਹਾਂ ਮੰਤਰੀ ਡਾ. ਧਰਮਿੰਦਰ ਬਬਲੂ ਅਤੇ ਸਰੇਸ਼ ਧਨੋਆ, ਪ੍ਰਦੇਸ਼ ਮੀਡੀਆ ਇੰ-ਚਾਰਜ ਹਿਤੇਂਦਰ ਚੌਧਰੀ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲ ਕੇ ਸੁਪਰੀਮ ਕੋਰਟ ਦੁਆਰਾ ਐਸ. ਸੀ./ ਐਸ. ਟੀ. ਐਕਟ ’ਤੇ ਦਿੱਤੇ ਗਏ ਫੈਸਲੇ ਦੇ ਖਿਲਾਫ ਸੋਧ ਕਰਨ ਦੇ ਲਈ ਮੈਮੋਰੰਡਮ ਦਿੱਤਾ ਅਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਵਿਰੁੱਧ ਆਵਾਜ਼ ਉਠਾਉਂਦੇ ਹੋਏ ਚਰਚਾ ਕੀਤੀ ਅਤੇ ਇਸ ਮੌਕੇ ਤੇ ਦਲਿਤ ਸਮਾਜ ਵਿਚ ਪਾਏ ਜਾਂਦੇ ਰੋਸ ਬਾਰੇ ਉਹਨਾਂ ਨੂੰ ਜਾਣੂ ਕਰਵਾਇਆ ਅਤੇ ਉਹਨਾਂ ਨੂੰ ਦੱਸਿਆ ਕਿ ਅੱਜ ਵੀ ਦਲਿਤ ਸਮਾਜ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਮੌਕੇ ’ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਭਰੋਸਾ ਦਿੱਤਾ ਕਿ ਸੁਪਰੀਮ ਕੋਰਟ ਦੇ ਫੈਸਲੇ ’ਤੇ ਉਹ ਦਲਿਤ ਸਮਾਜ ਦੇ ਨਾਲ ਖੜ੍ਹੇ ਹਨ ਅਤੇ ਹਰ ਸੰਭਵ ਸਹਿਯੋਗਕਰਕੇ ਇਸ ਨੂੰ ਦੁਬਾਰਾ ਮਜ਼ਬੂਤ ਕਰਨ ਅਤੇ ਦਲਿਤਾਂ ਦੇ ਹਿੱਤਾਂ ਦੀ ਰੱਖਿਆ ਕਰਾਂਗੇ।




# ਐਟਰੋਸਿਟੀ ਐਕਟ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਬਸਪਾ ਨੇ ਕੱਢਿਆ ਰੋਸ ਮਾਰਚ

**ਫਗਵਾੜਾ (ਬੀ. ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਵਲੋਂ ਐਸ.ਸੀ./ਐਸ.ਟੀ. ਐਕਟ ਨਾਲ ਛੇੜਛਾੜ ਕਰਨ ਦੇ ਵਿਰੋਧ ਵਿਚ ਇਕ ਰੋਸ ਮਾਰਚ ਹਲਕਾ ਵਿਧਾਨਸਭਾ ਫਗਵਾੜਾ ਦੇ ਪ੍ਰਧਾਨ ਚਿਰੰਜੀ ਲਾਲਾ ਕਾਲਾ ਦੀ ਅਗਵਾਈ ਹੇਠ ਕੱਢਿਆ ਗਿਆ ਅਤੇ ਐਸ.ਡੀ.ਐਮ. ਫਗਵਾੜਾ ਦੇ ਨਾਮ ਇਕ ਮੰਗ ਪੱਤਰ ਨਾਇਬ ਤਹਿਸੀਲਦਾਰ ਸਵਪਨਦੀਪ ਕੌਰ ਨੂੰ ਦਿੱਤਾ ਗਿਆ। ਇਸ ਰੋਸ ਮੁਜਾਹਰੇ ਵਿਚ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਰਾਜੂ, ਪੰਜਾਬ ਸਕੱਤਰ ਬੀਬੀ ਰਚਨਾ ਦੇਵੀ ਤੋਂ ਇਲਾਵਾ ਸੀਨੀਅਰ ਬਸਪਾ ਆਗੂ ਮਾ. ਹਰਭਜਨ ਸਿੰਘ ਬਲਾਲੋਂ ਆਦਿ ਸ਼ਾਮਲ ਹੋਏ। ਉਕਤ ਬੁਲਾਰਿਆਂ ਨੇ ਕਿਹਾ ਕਿ ਆਰ.ਐਸ.ਐਸ. ਦੇ ਇਸ਼ਾਰੇ ਤੇ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਦੇਸ਼ ਦੇ ਸੰਵਿਧਾਨ ਦੇ ਮੂਲ ਢਾਂਚੇ ਨੂੰ ਕਮਜੋਰ ਕਰਨ ਲਈ ਪਿਛਲੇ ਲੰਬੇ ਸਮੇਂ ਤੋਂ ਲੱਗੀ ਹੋਈ ਹੈ ਅਤੇ ਦੇਸ਼ ਦੇ ਐਸ.ਸੀ./ਐਸ.ਟੀ. ਸਮਾਜ ਨਾਲ ਜਾਤੀਗਤ ਅਧਾਰ ਤੇ ਹੁੰਦੀ ਜਿਆਦਤੀ ਨੂੰ ਰੋਕਣ ਲਈ ਬਣਾਏ ਗਏ ਐਟਰੋਸਿਟੀ ਐਕਟ ਨੂੰ ਸੁਪਰੀਮ ਕੋਰਟ ਰਾਹੀਂ ਸੋਧ ਦੇ ਪੜਦੇ ਵਿਚ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਨੂੰ ਦਲਿਤ ਸਮਾਜ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਸੂਬਾ ਪ੍ਰਧਾਨ ਰਸ਼ਪਾਲ ਰਾਜੂ ਨੇ ਦੱਸਿਆ ਕਿ 2 ਅਪ੍ਰੈਲ ਨੂੰ ਭਾਰਤ ਬੰਦ ਦੇ ਸੱਦੇ ਤੇ ਬਹੁਜਨ ਸਮਾਜ ਪਾਰਟੀ ਫਗਵਾੜਾ ਸਮੇਤ ਪੂਰੇ ਪੰਜਾਬ ਵਿਚ ਬੰਦ ਦੇ ਸੱਦੇ ਨੂੰ ਸਫਲ ਬਣਾਏਗੀ। ਇਸ ਮੌਕੇ ਲੇਖਰਾਜ ਜਮਾਲਪੁਰ, ਰਮੇਸ਼ ਕੌਲ ਇੰਚਾਰਜ ਜਲੰਧਰ, ਰਾਮਮੂਰਤੀ ਖੇੜਾ, ਪਰਮਿੰਦਰ ਪਲਾਹੀ ਯੂਥ ਉਪ ਪ੍ਰਧਾਨ ਜਿਲ੍ਹਾ ਕਪੂਰਥਲਾ, ਸੰਤੋਖ ਢੰਡਾ ਇੰਚਾਰਜ ਹਲਕਾ ਫਗਵਾੜਾ, ਸੁਰਜੀਤ ਭੁੱਲਾਰਾਈ ਉਪ ਪ੍ਰਧਾਨ ਫਗਵਾੜਾ, ਪਰਨੀਸ਼ ਬੰਗਾ ਸਕੱਤਰ ਫਗਵਾੜਾ, ਪਰਮਜੀਤ ਖਲਵਾੜਾ, ਕੁਲਵਿੰਦਰ ਕੈਂਥ, ਬੀਬੀ ਪੁਸ਼ਪਿੰਦਰ ਕੌਰ ਅਠੌਲੀ, ਕਮਲ ਕੌਰ, ਧਰਮਿੰਦਰ ਭੁੱਲਾਰਾਈ, ਤੇਜਪਾਲ ਬਸਰਾ, ਚਰਨਦਾਸ ਜੱਸਲ, ਅਸ਼ੋਕ ਸੂਦ, ਚਰਨਜੀਤ ਜੱਖੂ, ਕਾਲਾ ਪ੍ਰਭਾਕਰ ਆਦਿ ਹਾਜਰ ਸਨ।




# ਜਰਨੈਲ ਨੰਗਲ ਦੀ ਅਗਵਾਈ ਹੇਠ ਦਲਿਤ ਜੱਥੇਬੰਦੀਆਂ ਨੇ ਕੀਤਾ ਵਿਧਾਇਕ ਸੋਮ ਪ੍ਰਕਾਸ਼ ਦੀ ਕੋਠੀ ਦਾ ਘਿਰਾਓ

## ਐਸਸੀ/ਐਸਟੀ ਐਕਟ ਨਾਲ ਛੇੜਛਾੜ ਦਾ ਪੁਤਲਾ ਫੂਕ ਕੇ ਜਤਾਇਆ ਰੋਸ

**ਫਗਵਾੜਾ (ਬੀ.ਕੇ. ਰੱਤੂ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਦੀ ਭਾਜਪਾ ਸਰਕਾਰ ਉਪਰ ਐਸ.ਸੀ./ਐਸ.ਟੀ. ਐਕਟ ਨਾਲ ਛੇੜਛਾੜ ਦਾ ਦੋਸ਼ ਲਗਾਉਂਦੇ ਹੋਏ ਲੋਕ ਇਨਸਾਫ ਪਾਰਟੀ ਦੇ ਸੀਨੀਅਰ ਆਗੂ ਜਰਨੈਲ ਨੰਗਲ ਦੀ ਅਗਵਾਈ ਹੇਠ ਵੱਖ ਵੱਖ ਦਲਿਤ ਜੱਥੇਬੰਦੀਆਂ ਵਲੋਂ ਸਥਾਨਕ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਕੈਂਥ ਦੀ ਅਰਬਨ ਅਸਟੇਟ ਕੋਠੀ ਦਾ ਘਿਰਾਓ ਕਰਕੇ ਪੁਤਲਾ ਫੂਕ ਮੁਜਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਸਮੂਹ ਦਲਿਤ ਜੱਥੇਬੰਦੀਆਂ ਦੇ ਆਗੂ ਡਾ. ਅੰਬੇਡਕਰ ਪਾਰਕ ਹਰਗੋਬਿੰਦ ਨਗਰ ਵਿਖੇ ਇਕੱਠੇ ਹੋਏ ਜਿੱਥੋਂ ਜਰਨੈਲ ਨੰਗਲ ਦੀ ਅਗਵਾਈ ਹੇਠ ਰੋਸ ਮਾਰਚ ਰਵਾਨਾ ਹੋਇਆ ਅਤੇ ਆਰ.ਐਸ.ਐਸ., ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਜੋਰਦਾਰ ਨਾਰੇਬਾਜੀ ਕਰਦੇ ਹੋਏ ਇਹ ਰੋਸ ਮਾਰਚ ਵੱਖ ਵੱਖ ਬਜਾਰਾਂ ਅਤੇ ਜੀ.ਟੀ. ਤੋਂ ਹੁੰਦਾ ਹੋਇਆ ਵਿਧਾਇਕ ਸੋਮ ਪ੍ਰਕਾਸ਼ ਦੀ ਕੋਠੀ ਦੇ ਨਜਦੀਕ ਪੁੱਜਾ ਜਿੱਥੇ ਪੁਲਿਸ ਨੇ ਬੈਰੀਕੇਡ ਲਗਾ ਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ। ਪੁਲਿਸ ਨੇ ਮੁਜਾਹਰਾਕਾਰੀਆਂ ਨੂੰ ਬੈਰੀਕੇਡ ਤੋਂ ਅੱਗੇ ਨਹੀਂ ਜਾਣ ਦਿੱਤਾ ਅਤੇ ਸਮੂਹ ਮੁਜਾਹਰਾਕਾਰੀ ਉੱਥੇ ਹੀ ਧਰਨਾ ਦੇ ਕੇ ਬੈਠ ਗਏ ਅਤੇ ਵਿਧਾਇਕ ਸੋਮ ਪ੍ਰਕਾਸ਼ ਨੂੰ ਮਾਈਕ ਰਾਹੀਂ ਸਾਹਮਣੇ ਆ ਕੇ ਗੱਲਬਾਤ ਕਰਨ ਦੀ ਚੁਣੌਤੀ ਦਿੱਤੀ ਪਰ ਕਾਫੀ ਇੰਤਜਾਰ ਤੋਂ ਬਾਅਦ ਵੀ ਸੋਮ ਪ੍ਰਕਾਸ਼ ਆਪਣੀ ਕੋਠੀ ਤੋਂ ਬਾਹਰ ਨਹੀਂ ਆਏ। ਜਿਸ ਤੇ ਮੁਜਾਹਰਾਕਾਰੀਆਂ ਨੇ ਪੁਤਲਾ ਫੂਕ ਕੇ ਜੋਰਦਾਰ ਨਾਰੇਬਾਜੀ ਕੀਤੀ। ਇਸ ਮੌਕੇ ਜਰਨੈਲ ਨੰਗਲ ਨੇ ਕਿਹਾ ਕਿ ਆਰ.ਐਸ.ਐਸ. ਅਤੇ ਭਾਜਪਾ ਦੇ ਆਗੂ ਹਮੇਸ਼ਾ ਕਹਿੰਦੇ ਹਨ ਕਿ ਉਹ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ਪਰ ਦਲਿਤ ਸਮਾਜ ਦੇ ਗੁੱਸੇ ਨੂੰ ਦੇਖਦੇ ਹੋਏ ਇਹ ਸਾਜਿਸ਼ ਸਫਲ ਨਾ ਹੁੰਦੀ ਦੇਖ ਕੇ ਅਸਿੱਧੇ ਤੌਰ ਤੇ ਦਲਿਤਾਂ ਦੇ ਹਿਤਾਂ ਨਾਲ ਸਬੰਧਤ ਕਾਨੂੰਨਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਜਿਸਦਾ ਉਦਾਹਰਣ ਐਸ.ਸੀ./ਐਸ.ਟੀ. ਐਕਟ ਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਰੂਪ ਵਿਚ ਸਾਹਮਣੇ ਹੈ। ਉਹਨਾਂ ਕਿਹਾ ਕਿ ਵਿਧਾਇਕ ਸੋਮ ਪ੍ਰਕਾਸ਼ ਅਤੇ ਹਲਕਾ ਸਾਂਸਦ ਵਿਜੇ ਸਾਂਪਲਾ ਦਲਿਤਾਂ ਦੀਆਂ ਵੋਟਾਂ ਨਾਲ ਜਿੱਤ ਕੇ ਵਿਧਾਨਸਭਾ ਅਤੇ ਲੋਕਸਭਾ ਵਿਚ ਪਹੁੰਚੇ ਹੋਣ ਮਦੇ ਬਾਵਜੂਦ ਇਸ ਦਲਿਤ ਵਿਰੋਧੀ ਮੁੱਦੇ ਤੇ ਮੂੰਹ ਨਹੀਂ ਖੋਲ੍ਹ ਰਹੇ ਜਿਸ ਨਾਲ ਇਹਨਾਂ ਆਗੂਆਂ ਦੇ ਵਿਕਾਊ ਹੋਣ ਦਾ ਪਤਾ ਲੱਗਦਾ ਹੈ।

ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਖਲ ਕਰਕੇ ਇਸ ਦਲਿਤ ਮਾਰੂ ਫੈਸਲੇ ਨੂੰ ਵਾਪਸ ਨਾ ਕਰਾਇਆ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਜਰਨੈਲ ਨੰਗਲ ਤੋਂ ਇਲਾਵਾ ਹਰਭਜਨ ਸੁਮਨ ਸੂਬਾ ਪ੍ਰਧਾਨ ਅੰਬੇਡਕਰ ਸੈਨਾ ਮੂਲ ਨਿਵਾਸੀ, ਬਲਾਕ ਸੰਮਤੀ ਮੈਂਬਰ ਅਮਰਜੀਤ ਖੁੱਤਣ, ਸੁਖਵਿੰਦਰ ਸਿੰਘ ਸ਼ੇਰਗਿਲ, ਵਿਜੇ ਪੰਡੋਰੀ ਆਦਿ ਨੇ ਕਿਹਾ ਕਿ 2 ਅਪ੍ਰੈਲ ਦੇ ਭਾਰਤ ਬੰਦ ਨੂੰ ਪੂਰਾ ਸਮਰਥਨ ਦਿੱਤਾ ਜਾਵੇਗਾ ਅਤੇ ਫਗਵਾੜਾ ਸ਼ਹਿਰ ਵਿਚ ਕੇਂਦਰ ਸਰਕਾਰ ਦੇ ਖਿਲਾਫ ਸ਼ਾਂਤੀ ਪੂਰਵਕ ਰੋਸ ਰੈਲੀ ਕੱਢੀ ਜਾਵੇਗੀ।

ਇਸ ਮੌਕੇ ਇੰਜੀਨੀਅਰ ਪ੍ਰਦੀਪ ਮੱਲ, ਸਰਬਜੀਤ ਸਿੰਘ ਲੁਬਾਣਾ, ਨਰਿੰਦਰ ਸਿੰਘ ਮਾਧੋਪੁਰ, ਮੋਹਨ ਲਾਲ ਖਲਵਾੜਾ, ਬੀਬੀ ਜਸਵਿੰਦਰ ਕੌਰ ਬੱਬੀ, ਬਲਰਾਜ ਬਾਉਜੀ, ਯਸ਼ ਖਲਵਾੜਾ, ਮਾਣਾ ਪਲਾਹੀ ਗੇਟ, ਜਤਿੰਦਰ ਮੋਹਨ ਡੁਮੇਲੀ, ਬਲਵੀਰ ਠਾਕੁਰ, ਬਲਵਿੰਦਰ ਬੋਧ, ਸੁਖਦੇਵ ਚੌਕੜੀਆ, ਡਾ. ਰਜਿੰਦਰ ਕਲੇਰ, ਸ਼ਿੰਦਾ ਮਾਂਗਟ, ਅਜਾਦ ਅਲੀ, ਹਰਭਜ ਨੰਗਲ, ਬੋਬੀ ਖਾਲਸਾ, ਪਲਪਿੰਦਰ ਸਿੰਘ ਜਮਾਲਪੁਰ, ਗਿਆਨੀ ਹੁਸਨ ਲਾਲ, ਬੀਬੀ ਰਸ਼ਪਾਲ ਕੌਰ, ਹਰਭਜਨ ਗੰਢਮ, ਰੋਸ਼ਨ ਸਤਨਾਮਪੁਰਾ, ਅਵਤਾਰ ਸਿੰਘ ਗੰਢਮ, ਸੁਰਜੀਤ ਕੌਲਸਰ, ਸਨੀ ਬੰਗੜ, ਭਿੰਦਾ ਪ੍ਰਧਾਨ, ਹਰਵਿੰਦਰ ਸਿੰਘ, ਜਸਵਿੰਦਰ ਪਾਲ, ਰਾਜਾ ਫਿਲੌਰ, ਸੁਰਜੀਤ ਸਿੰਘ, ਜੋਸ਼ੀ, ਰਾਣਾ, ਰਾਜਕੁਮਾਰ ਅਤੇ ਗੋਲਡੀ ਆਦਿ ਹਾਜਰ ਸਨ।





# ਬਸਪਾ ਵੱਲੋਂ ਸੁਪਰੀਮ ਕੋਰਟ ਦੇ ਫ਼ੈਸਲੇ ਵਿਰੁੱਧ ਰੋਸ ਪ੍ਰਦਰਸ਼ਨ

## ਆਰ.ਐੱਸ.ਐੱਸ.ਦੀ ਸਹਿ 'ਤੇ ਭਾਜਪਾ ਕਰ ਰਹੀ ਦਲਿਤਾਂ 'ਤੇ ਅੱਤਿਆਚਾਰ- ਡਾ.ਮੱਖਣ ਸਿੰਘ







**ਸੰਗਰੂਰ (ਕੁਲਵੰਤ ਸਿੰਘ ਟਿੱਬਾ)–** ਸੁਪਰੀਮ ਕੋਰਟ ਵੱਲੋਂ ਐੱਸ. ਸੀ, ਐੱਸ. ਟੀ ਐਕਟ ਤਹਿਤ ਦਲਿਤ ਅੱਤਿਆਚਾਰਾਂ ਸਬੰਧੀ ਕੇਸਾਂ ਵਿੱਚ ਤੁਰੰਤ ਗ੍ਰਿਫ਼ਤਾਰੀ ਰੋਕ ਦੇਣ ਦੇ ਫ਼ੈਸਲੇ ਤੋਂ ਬਾਅਦ ਸਮੁੱਚੇ ਦੇਸ ਅੰਦਰ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਬਹੁਜਨ ਸਮਾਜ ਪਾਰਟੀ ਦੇ ਸੱਦੇ 'ਤੇ ਪੰਜਾਬ ਭਰ ਵਿੱਚ ਭਰ ਵਿੱਚ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਵਿਰੁੱਧ ਸੰਗਰੂਰ ਵਿਖੇ ਬਸਪਾ ਦੇ ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਗਿਆ।ਸੈਂਕੜੇ ਬਸਪਾ ਵਰਕਰਾਂ ਨੇ ਸੰਗਰੂਰ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਡਿਪਟੀ ਕਮਿਸ਼ਨਰ ਰਾਹੀਂ ਰਾਜਪਾਲ ਪੰਜਾਬ ਦੇ ਨਾਂ ਮੰਗ ਪੱਤਰ ਭੇਜਿਆ ਗਿਆ। ਬਸਪਾ ਆਗੂਆਂ ਵੱਲੋਂ ਕੀਤੇ ਇਸ ਰੋਹ ਭਰਪੂਰ ਪ੍ਰਦਰਸ਼ਨ ਵਿੱਚ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਬਸਪਾ ਦੇ ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ, ਜੋਨ ਇੰਚਾਰਜ ਲੁਧਿਆਣਾ ਚਮਕੌਰ ਸਿੰਘ ਵੀਰ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਆਰ. ਐੱਸ. ਐੱਸ. ਦੀ ਸਹਿ 'ਤੇ ਦਲਿਤਾਂ ਦੇ ਸੰਵਿਧਾਨਿਕ ਹੱਕਾਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ।ਉਨ੍ਹਾਂ ਭਾਜਪਾ 'ਤੇ ਦਲਿਤ ਵਿਰੋਧੀ ਹੋਣ ਦਾ ਦੋਸ ਲਗਾਉਂਦਿਆਂ ਕਿਹਾ ਕਿ ਐੱਸ.ਸੀ, ਐੱਸ.ਟੀ ਐਕਟ ਸਬੰਧੀ ਸੁਪਰੀਮ ਕੋਰਟ ਵਿੱਚ ਕੇਂਦਰ ਸਰਕਾਰ ਨੇ ਸਹੀ ਢੰਗ ਨਾਲ ਦਲਿਤਾਂ ਦਾ ਪੱਖ ਨਹੀਂ ਰੱਖਿਆ,ਜਿਸ ਕਰਕੇ ਇੱਕ ਸੋਚੀ ਸਮਝੀ ਚਾਲ ਤਹਿਤ ਦਲਿਤਾਂ ਦੀ ਸੰਵਿਧਾਨਿਕ ਸੁਰੱਖਿਆ ਨੂੰ ਖ਼ਤਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਕਟ ਦੀ ਦੁਰਵਰਤੋਂ ਸਬੰਧੀ ਸੁਪਰੀਮ ਕੋਰਟ ਦੀ ਦਲੀਲ ਵਾਜਬ ਨਹੀਂ ਹੈ ਕਿਉਂਕਿ ਇਸ ਬਾਰੇ ਕੋਈ ਅੰਕੜੇ ਅਤੇ ਤੱਥ ਪੇਸ਼ ਨਹੀਂ ਕੀਤੇ ਗਏ। ਬਸਪਾ ਆਗੂ ਡਾ. ਮੱਖਣ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਇਹ ਐਕਟ ਪ੍ਰਭਾਵਹੀਣ ਹੋ ਗਿਆ ਹੈ, ਜਿਸ ਕਰਕੇ ਭਵਿੱਖ ਵਿੱਚ ਦਲਿਤਾਂ ਵਿਰੁੱਧ ਅੱਤਿਆਚਾਰਾਂ ਵਿੱਚ ਵਾਧਾ ਹੋਵੇਗਾ। ਬਸਪਾ ਆਗੂਆਂ ਨੇ ਕਿਹਾ ਕਿ ਤੁਰੰਤ ਇਸ ਸਬੰਧੀ ਪਾਰਲੀਮੈਂਟ ਵਿੱਚ ਸੋਧ ਬਿੱਲ ਪਾਸ ਕੀਤਾ ਜਾਵੇ ਤਾਂ ਦਲਿਤਾਂ ਦੇ ਸੰਵਿਧਾਨਿਕ ਹੱਕ ਬਰਕਰਾਰ ਰਹਿ ਸਕਣ।




ਬਸਪਾ ਆਗੂਆਂ ਨੇ ਕਿਹਾ ਕਿ ਤਰੱਕੀਆਂ ਵਿੱਚ ਰਾਖਵਾਂਕਰਨ ਬਿੱਲ ਰਾਜ ਸਭਾ ਵਿਚ ਪਾਸ ਹੋਣ ਦੇ ਬਾਵਜੂਦ ਵੀ ਕੇਂਦਰ ਦੀ ਭਾਜਪਾ ਸਰਕਾਰ ਲੋਕ ਸਭਾ ਇਸ ਬਿੱਲ ਨੂੰ ਪਾਸ ਨਹੀਂ ਪਾਸ ਨਹੀਂ ਕਰ ਰਹੀ, ਜਿਸ ਤੋਂ ਸਪਸ਼ਟ ਹੋ ਚੁੱਕਿਆ ਹੈ ਕਿ ਭਾਜਪਾ ਦਲਿਤਾਂ ਦੇ ਸੰਵਿਧਾਨਿਕ ਹੱਕ ਖ਼ਤਮ ਕਰਕੇ ਸੰਵਿਧਾਨ ਨਾਲ ਛੇੜਛਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਸਪਾ ਨੇ ਹਮੇਸ਼ਾ ਦਲਿਤਾਂ, ਪੱਛੜਿਆਂ ਅਤੇ ਘੱਟ ਗਿਣਤੀਆਂ ਦੇ ਹਿਤਾਂ ਦੀ ਰਾਖੀ ਲਈ ਲੜਾਈ ਲੜੀ ਹੈ ਅਤੇ ਦਲਿਤ ਵਿਰੋਧੀ ਫ਼ੈਸਲੇ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੇ ਜਾਣਗੇ।ਇਸ ਮੌਕੇ ਐਡਵੋਕੇਟ ਜਗਤਾਰ ਸਿੰਘ ਚੰਗਾਲ, ਜ਼ਿਲ੍ਹਾ ਇੰਚਾਰਜ ਧੰਨਾ ਸਿੰਘ ਸ਼ੇਰੋ, ਜ਼ਿਲ੍ਹਾ ਪ੍ਰਧਾਨ ਪਵਿੱਤਰ ਸਿੰਘ ਸੰਗਰੂਰ, ਜ਼ਿਲ੍ਹਾ ਜਨਰਲ ਸਕੱਤਰ ਮੋਤੀ ਲਾਲ ਛਾਛੀਆ, ਕੁਲਵੰਤ ਸਿੰਘ ਟਿੱਬਾ, ਬਲਜੀਤ ਕੌਰ ਵਿਰਕ, ਜੋਰਾ ਸਿੰਘ ਚੀਮਾ, ਬੌਬੀ ਸਿੰਘ ਸੋਲੰਕੀ, ਨਿੱਕਾ ਸਿੰਘ ਹਸਨਪੁਰ, ਅਵਤਾਰ ਸਿੰਘ ਘਨੌਰੀ, ਸ਼ਮਸ਼ਾਦ ਅਨਸਾਰੀ ਮਲੇਰਕੋਟਲਾ, ਮੈਡਮ ਅਲਕਾ ਸਿੰਘ, ਬੰਤਾ ਸਿੰਘ ਕੈਂਪਰ, ਮਹਿੰਦਰ ਸਿੰਘ ਕਲਿਆਣ, ਅਮਨਦੀਪ ਬਿੱਟੂ, ਗੁਰਦੇਵ ਸਿੰਘ ਘਾਬਦਾਂ, ਲਾਲ ਸਿੰਘ ਬਹਾਦਰਗੜ੍ਹ, ਜਗਮੇਲ ਸਿੰਘ ਰੋਗਲਾ, ਗੁਰਚਰਨ ਸਿੰਘ ਲੋਹਾ ਖੇੜਾ, ਗੁਰਬਖ਼ਸ਼ ਸਿੰਘ ਧੂਰੀ ਆਦਿ ਆਗੂ ਵੀ ਹਾਜ਼ਰ ਸਨ।

# ਫਗਵਾੜਾ ਬੰਦ ਨੂੰ ਮਿਲਿਆ ਜ਼ਬਰਦਸਤ ਹੁੰਗਾਰਾ, ਦਲਿਤ ਜਥੇਬੰਦੀਆਂ ਨੇ ਰੋਸ ਮਾਰਚ ਕਰ ਮੋਦੀ ਸਰਕਾਰ ਖ਼ਿਲਾਫ਼ ਕੀਤੀ ਜੰਮ ਕੇ ਨਾਅਰੇਬਾਜੀ

**ਫਗਵਾੜਾ (ਰੱਤੂ)–** ਮਾਣਯੋਗ ਸੁਪਰੀਮ ਕੋਰਟ ਵਲੋਂ ਐਸ.ਸੀ./ ਐਸ.ਟੀ. ਐਕਟ ਨੂੰ ਪ੍ਰਭਾਵਹੀਣ ਬਣਾਉਣ ਦੇ ਵਿਰੋਧ 'ਚ ਵੱਖ ਵੱਖ ਦਲਿਤ ਜਥੇਬੰਦੀਆਂ ਅਤੇ ਦਲਿਤ ਸਮਾਜ ਵਲੋਂ ਦਿੱਤੀ ਫਗਵਾੜਾ ਬੰਦ ਦੀ ਕਾਲ ਨੂੰ ਜਬਰਦਸਤ ਹੁੰਗਾਰਾ ਮਿਲਿਆ। ਫਗਵਾੜਾ ਸ਼ਹਿਰ ਦੇ ਸਾਰੇ ਬਾਜ਼ਾਰ ਮੁਕੰਮਲ ਬੰਦ ਰਹੇ ਅਤੇ ਬਾਜ਼ਾਰਾਂ 'ਚ ਸਨਾਟਾ ਛਾਇਆ ਹੋਇਆ ਸੀ। ਦੂਸਰੇ ਪਾਸੇ ਦਲਿਤ ਜਥੇਬੰਦੀਆਂ ਦੇ ਆਗੂਆਂ ਨੇ ਇੱਕ ਹੋ ਕੇ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਸ਼ਹਿਰ 'ਚ ਰੋਸ ਮਾਰਚ ਕੀਤਾ ਤੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜੀ ਕੀਤੀ ਅਤੇ ਭਾਜਪਾ ਨੂੰ ਕਦੇ ਵੀ ਵੋਟ ਨਾ ਦੇਣ ਦੀ ਅਪੀਲ ਕੀਤੀ। ਜਥੇਬੰਦੀਆਂ ਦੇ ਆਗੂਆਂ ਨੇ ਚਿਤਾਵਨੀ



ਦਿੰਦੇ ਹੋਏ ਕਿਹਾ ਕਿ ਜੇਕਰ ਉਕਤ ਐਕਟ 'ਚ ਕੀਤੀ ਸੋਧ ਨੂੰ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖ਼ਾ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਦੇਸ਼ ਤੇ ਕੇਂਦਰ ਸਰਕਾਰ ਦੀ ਹੋਵੇਗੀ।

ਫਗਵਾੜਾ ਪੁਲਿਸ ਪ੍ਰਸ਼ਾਸ਼ਨ ਵਲੋਂ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ। ਚੱਪੇ - ਚੱਪੇ 'ਤੇ ਪੁਲਿਸ ਤੇ ਅਰਧ ਸੈਨਿਕ ਦਲ ਦੇ ਜਵਾਨ ਤੈਨਾਤ ਸਨ। ਇਸ ਦੀ ਅਗਵਾਈ ਐਸ.ਪੀ. ਫਗਵਾੜਾ ਪਰਮਿੰਦਰ ਸਿੰਘ ਭੰਡਾਲ ਕਰ ਰਹੇ ਸਨ। ਇਸ ਤੋਂ ਪਹਿਲਾਂ ਫਗਵਾੜਾ ਪੁਲਿਸ ਵਲੋਂ ਡੀ.ਆਈ.ਜੀ. ਜਸਕਰਨ ਸਿੰਘ ਦੀ ਅਗਵਾਈ 'ਚ ਸ਼ਹਿਰ ਦੇ ਪ੍ਰਮੁੱਖ਼ ਬਾਜ਼ਾਰਾਂ ਵਿੱਚ ਫ਼ਲੈਗ ਮਾਰਚ ਵੀ ਕੀਤਾ ਗਿਆ।

# 12 ਸਖਸ਼ੀਅਤਾਂ ਦਾ ਸਨਮਾਨ ਅਤੇ ਡਾਇਰੈਕਟਰੀ ਸਮੇਤ 5 ਪੁਸਤਕਾਂ ਲੋਕ-ਅਰਪਣ

**ਚੰਡੀਗੜ੍ਹ–** ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਇਕ ਵਿਸ਼ਾਲ ਸਮਾਗਮ ਦੌਰਾਨ ਗੁਰੂਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁਹਾਲੀ, ਫੇਸ-1 ਵਿਖੇ ਸਾਹਿਤਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖਸ਼ੀਅਤਾਂ ਨੂੰ ਸਨ-ਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਗੀਤਕਾਰ ਸ੍ਰ. ਸ਼ਮਸ਼ੇਰ ਸੰਧੂ ਅਤੇ ਗੀਤਕਾਰ ਰਾਜੂ ਨਾਹਰ ਨੂੰ 'ਨੰਦ ਲਾਲ ਨੂਰਪੁਰੀ ਅਵਾਰਡ-2018', ਕਵਿੱਤਰੀ ਤੇ ਕਹਾਣੀਕਾਰਾ ਕੁਲਵਿੰਦਰ ਕੌਰ ਮਹਿਕ ਅਤੇ ਕਵਿੱਤਰੀ ਤੇ ਕਹਾਣੀਕਾਰਾ ਵਰਿੰਦਰ ਕਰ ਰੰਧਾਵਾ ਨੂੰ, 'ਦਲੀਪ ਕੌਰ ਟਿਵਾਣਾ ਅਵਾਰਡ-2018', ਗ਼ਜ਼ਲਗੋ ਬਲਵੰਤ ਚਿਰਾਗ ਨੂੰ 'ਦੀਪਕ ਜੈਤੋਈ ਅਵਾਰਡ-2018', ਸ਼ਾਇਰ ਰਾਜ ਕੁਮਾਰ ਸਾਹਵਾਲੀਆ ਨੂੰ 'ਹਰਭਜਨ ਹਲਵਾਰਵੀ ਅਵਾਰਡ-2018', ਕਵਿੱਤਰੀ ਰਣਜੀਤ ਕੌਰ ਸਵੀ ਨੂੰ 'ਹੋਣਹਾਰ ਧੀ ਪੰਜਾਬ ਦੀ ਅਵਾਰਡ-2018', ਘੋੜ-ਸਵਾਰ ਅਫਸਰ ਅਤੇ ਸ਼ਾਇਰ ਪ੍ਰੀਤਮ ਸਿੰਘ ਰਾਠੀ ਨੂੰ 'ਮਾਣ ਪੰਜਾਬ ਦਾ ਅਵਾਰਡ-2018', ਲੋਕ-ਗਾਇਕ ਪੂਰਨ ਪਰਦੇਸੀ ਨੂੰ, 'ਲਾਲ ਚੰਦ ਯਮਲਾ ਜੱਟ ਅਵਾਰਡ-2018', ਗੀਤਕਾਰ ਲਾਲੀ ਕਰਤਾਰਪੁਰੀ ਨੂੰ 'ਇੰਦਰਜੀਤ ਹਸਨਪੁਰੀ ਅਵਾਰਡ-2018', ਸ਼ਾਇਰ ਇੰਜੀ. ਜੀ. ਐਸ. ਪਾਹੜਾ ਨੂੰ 'ਦੀਵਾਨ ਸਿੰਘ ਮਹਿਰਮ ਅਵਾਰਡ-2018' ਅਤੇ ਧਾਰਮਿਕ ਸ਼ਾਇਰ ਫਤਹਿ ਸਿੰਘ ਕਮਲ (ਬਾਗੜੀ) ਨੂੰ 'ਸਾਂਈ ਬੁੱਲੇ ਸ਼ਾਹ ਅਵਾਰਡ-2018' ਨਾਲ ਸਨਮਾਨਿਆ ਗਿਆ। ਇਸ ਅਵਸਰ ਤੇ ਕੁਲਵਿੰਦਰ ਕੌਰ ਮਹਿਕ ਦਾ ਕਹਾਣੀ-ਸੰਗ੍ਰਹਿ, 'ਰੌਣਕੀ ਪਿੱਪਲ', ਵਰਿੰਦਰ ਕੌਰ ਰੰਧਾਵਾ ਦਾ ਕਹਾਣੀ-ਸੰਗ੍ਰਹਿ, 'ਬੁਝਦੇ ਦੀਵੇ ਦੀ ਲੋਅ', ਬਲਵੰਤ ਚਿਰਾਗ ਦਾ ਕਾਵਿ-ਸੰਗ੍ਰਹਿ, 'ਉਦਾਸ ਅੱਖਰ', ਅਤੇ ਫਤਹਿ ਸਿੰਘ ਕਮਲ (ਬਾਗੜੀ) ਦਾ ਕਾਵਿ-ਸੰਗ੍ਰਹਿ, 'ਕਲਮ ਕੇ ਵਲਵਲੇ' ਵੀ ਰੀਲੀਜ ਕੀਤਾ ਗਿਆ। ਇਸ ਦੇ ਨਾਲ ਹੀ ਸੰਸਥਾ ਵਲੋ ਤਿਆਰ ਕੀਤੀ ਗਈ 906 ਕਲਾ-ਪ੍ਰੇਮੀਆਂ ਦੀ ਟੈਲੀਫੋਨ ਡਾਇਰੈਕਟਰੀ 'ਵਿਰਸੇ ਦੇ ਪੁਜਾਰੀ' ਵੀ ਰੀਲੀਜ ਕੀਤੀ ਗਈ। ਡਾਇਰੈਕਟਰੀ ਵਿਚ ਛਪੇ ਅਤੇ ਮੌਕੇ ਤੇ ਹਾਜਰ ਕਲਾ-ਪ੍ਰੇਮੀਆਂ ਨੂੰ ਡਾਇਰੈਕਟਰੀ ਦੇ ਨਾਲ ਨਾਲ ਇਕ ਮੈਡਲ ਨਾਲ ਸਨਮਾਨਿਤ ਵੀ ਕੀਤਾ ਗਿਆ।



ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਅਤੇ ਜਨਰਲ ਸਕੱਤਰ ਪ੍ਰੀਤਮ ਲੁ-ਧਿਆਣਵੀ ਨੇ ਦੱਸਿਆ ਕਿ ਇਸ ਅਵਸਰ ਤੇ ਮੁੱਖ ਮਹਿਮਾਨ ਵਜੋਂ" ਜਨਾਬ ਆਰ ਐਲ. ਕਲਸੀਆ, ਆਈ. ਏ. ਐਸ. (ਰਿਟਾ.) ਅਤੇ ਸਮਾਗਮ ਦੇ ਪ੍ਰਧਾਨਗੀ-ਕਰਤਾ ਵਜੋ ਸ੍ਰ. ਸ਼ੰਗਾਰਾ ਸਿੰਘ ਭੁੱਲਰ, ਸੰਪਾਦਕ, ਰੋਜਾਨਾ ਸਪੋਕਸਮੈਨ ਨੇ ਸ਼ਿਰਕਤ ਕੀਤੀ। ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਸ੍ਰ. ਦਲਜੀਤ ਸਿੰਘ, ਡੀ. ਐਸ. ਪੀ., ਡਾ. ਕ੍ਰਿਸਨਾ ਕਲਸੀਆ, ਬਲਵੰਤ ਸੱਲੁਣ ਅਤੇ ਲਛਮਣ ਸਿੰਘ ਮੇਹੋ ਹਾਜਰ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਸਨਮਾਨਿਤ ਕਰਨ ਦੀਆਂ ਰਸਮਾਂ ਜਨਾਬ ਆਰ ਐਲ. ਕਲਸੀਆ, ਆਈ. ਏ. ਐਸ. (ਰਿਟਾ.) , ਸਮਾਗਮ ਦੇ ਪ੍ਰਧਾਨਗੀ-ਕਰਤਾ ਸ੍ਰ. ਸ਼ੰਗਾਰਾ ਸਿੰਘ ਭੁੱਲਰ ਅਤੇ ਪ੍ਰਧਾਨਗੀ ਮੰਡਲ ਨੇ ਇਕੱਠਿਆਂ ਨਿਭਾਈਆਂ। ਸਟੇਜ-ਸਕੱਤਰ ਦੀ ਭੂਮਿਕਾ ਸਟੇਜਾਂ ਦੀ ਧਨੀ, ਦੂਰ-ਦਰਸਨ ਦੀ ਐਕਰ ਸੰਦੀਪ ਕੌਰ ਅਰਸ਼ ਜੀ ਨੇ ਬਾ-ਖੂਬੀ ਨਿਭਾਈ।

ਇਸ ਸਮਾਗਮ ਵਿਚ ਪੰਜਾਬ ਦੇ ਨਾਲ-ਨਾਲ ਭਾਰਤ ਦੇ ਦੂਜੇ ਸੂਬਿਆਂ ਤੋਂ ਵੀ ਕਲਾ-ਪ੍ਰੇਮੀ ਹੁੰਮ-ਹੁੰਮਾਕੇ ਪੁੱਜੇ। ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਪ੍ਰਿੰਸੀਪਲ ਬਲਬੀਰ ਸਿੰਘ ਛਿੱਬਰ ਦੇ ਨਾਲ-ਨਾਲ, ਐਮ. ਐਸ. ਕਲਸੀ, ਸ਼ਮਸ਼ੇਰ ਸਿੰਘ ਪਾਲ, ਕ੍ਰਿਸ਼ਨ ਰਾਹੀ, ਸੁਦਾਗਰ ਮੁੰਡੀ ਖੈੜ, ਅਵਤਾਰ ਸਿੰਘ ਪਾਲ, ਜਰਨੈਲ ਹਸਨਪੁਰੀ, ਵਿਨੋਦ ਪਾਠਕ ਹਠੂਰੀਆ, ਬਾਵਾ ਬੱਲੀ, ਗੁਰਵਿੰਦਰ ਗੁਰੀ, ਸ਼ਿਵ ਬੱਲੀ, ਲਛਮਣ ਦਾਸ ਜੱਖੇ-ਪਲੀਆ, ਤ੍ਰਿਪਤਾ ਵਰਮੌਤਾ, ਛੀਨਾ ਬੇਗਮ ਸੋਹਣੀ, ਬਲਵਿੰਦਰ ਕੌਰ ਲਗਾਣਾ, ਮਨਦੀਪ ਕੌਰ ਢੀਂਡਸਾ, ਸੁੱਖੀ ਫਾਂਟਵਾਂ, ਸਿਕੰਦਰ ਰਾਮਪੁਰੀ ਅਤੇ ਆਰ. ਡੀ. ਮੁਸਾਫਿਰ ਦਾ ਵਿਸੇਸ ਯੋਗਦਾਨ ਰਿਹਾ। ਕੁੱਲ ਮਿਲਾ ਕੇ ਸੰਸਥਾ ਦਾ ਇਹ ਸਮਾਗਮ ਯਾਦਗਾਰੀ ਪੈੜਾਂ ਛੱਡ ਗਿਆ, ਜਿਸਦੇ ਲਈ ਸੰਸਥਾ ਵਧਾਈ ਦੀ ਪਾਤਰ ਬਣਦੀ ਹੈ।

# ਦਲਿਤ ਜੱਥੇਬੰਦੀਆਂ ਦੇ ਭਾਰਤ ਬੰਦ ਸੱਦੇ 'ਤੇ ਫਿਲੌਰ ਰਿਹਾ ਮੁਕੰਮਲ ਬੰਦ

## ਆਰ.ਐਸ.ਐਸ.ਅਤੇ ਭਾਜਪਾ ਦੀ ਬੁਰਛਾਗਰਦੀ ਨਹੀਂ ਚਲਣ ਦਿਆਂਗੇ- ਭੌਂਸਲੇ







**ਫਿਲੌਰ (ਨਿਰਮਲ)** ਦੇਸ਼ ਭਾਰ ਅੰਦਰ ਦਲਿਤ ਜੱਥੇਬੰਦੀਆਂ ਵਲੋਂ ਮਾਣਯੋਗ ਸੁਪਰੀਮ ਕੋਰਟ ਵਲੋਂ ਐਸ.ਸੀ ਐਸ.ਟੀ ਐਕਟ ਬਾਰੇ ਦਿੱਤੇ ਗਏ ਫੈਸਲੇ ਤੋਂ ਬਾਅਦ ਕੀਤੀ ਗਈ ਭਾਰਤ ਬੰਦ ਦੀ ਕਾਲ ਤਹਿਤ ਫਿਲੌਰ ਮੁਕੰਮਲ ਬੰਦ ਰਿਹਾ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੇਕਣ ਲਈ ਬੰਦ ਦੌਰਾਨ ਪ੍ਰਸ਼ਾਸ਼ਨ ਵਲੋਂ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ। ਇਸ ਮੌਕੇ ਦਲਿਤ ਸਮਾਜ ਦੀਆਂ ਸਮਾਜਿਕ, ਧਾਰਮਿਕ ਜਥੇਬੰਦਿਆ ਤੋਂ ਇਲਾਵਾਂ ਰਾਜਨੀਤਕ ਪਾਰਟੀਆਂ ਵਲੋਂ ਕੇਂਦਰ ਸਰਕਾਰ ਅਤੇ ਆਰ.ਐਸ.ਐਸ. ਦੇ ਖਿਲਾਫ਼ ਜਮ ਕੇ ਨਾਅਰੇਬਾਜ਼ੀ ਕਰਦਿਆਂ ਸ਼ਹਿਰ ਅੰਦਰ ਵਿਸ਼ਾਲ ਰੋਸ ਮਾਰਚ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਦੀ ਤਦਾਦ ਵਿੱਚ ਲੋਕ ਸ਼ਾਮਲ ਹੋਏ ਜਿਸ ਵੱਡੀ ਗਿਣਤੀ ਵਿੱਚ ਮਹਿਲਾਵਾਂ ਅਤੇ ਨੌਜਵਾਨ ਸ਼ਾਮਲ ਸਨ। ਇਸ ਮੌਕੇ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ ਨੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਲੰਮੇ ਹੱਥੀਂ ਲੈਦਿਆਂ ਕਿਹਾ ਕਿ ਭਾਜਪਾ ਦੀ ਸਰਕਾਰ ਦਲਿਤ ਵਿਰੋਧੀ ਅਤੇ ਆਰ.ਐਸ.ਐਸ. ਦੇ ਇਸ਼ਾਰੇ ਤੇ ਕੰਮ ਰਹੀ ਹੈ।

ਉਨ੍ਹਾਂ ਕਿਹਾ ਦਲਿਤ ਸਮਾਜ ਇਸ ਦੇਸ਼ ਦਾ ਮੂਲਨਿਵਾਸੀ ਅਤੇ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰੇਗਾ ਅਤੇ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਕਿਸੇ ਵੀ ਹਾਲਤ ਵਿੱਚ ਬਦਲਣ ਨਹੀਂ ਦੇਵੇਗਾ। ਉਨ੍ਹਾਂ ਕਿਹਾ ਭਾਜਪਾ ਅਤੇ ਆਰ.ਐਸ.ਐਸ ਵਲੋਂ ਦੇਸ਼ ਅੰਦਰ ਦਲਿਤ,ਪੱਛੜੇ, ਮੁਸਲਮਾਨ ਅਤੇ ਘੱਟ ਗਿਣਤੀਆਂ ਤੇ ਕੀਤੀ ਜਾਂਦੀ ਬੁਰਛਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਕੇਂਦਰ ਤੋਂ ਮੰਗ ਕਰਦਿਆਂ ਕਿਹਾ ਕਿ ਤੁਰੰਤ ਮਾਣਯੋਗ ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਪਾਈ ਜਾਵੇ ਜਾਂ ਲੋਕ ਸਭਾ ਵਿੱਚ ਐਸਸੀ ਐਸਟੀ ਐਕਟ ਨੂੰ ਹੋਰ ਮਜ਼ਬੂਤ ਕਰਨ ਲਈ ਬਿੱਲ ਲਿਆਂਦਾ ਜਾਵੇ।

ਇਸ ਮੌਕੇ ਅੰਬੇਡਕਰ ਸੈਨਾ ਆਫ਼ ਇੰਡੀਆ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਭਗਵਾਨ ਵਾਲਮੀਕਿ ਸਭਾਵਾਂ ਅਤੇ ਹੋਰ ਅੰਬੇਡਕਰੀ ਜੱਥੇਬੰਦੀਆਂ ਵਲੋਂ ਦੇਸ਼ ਦੇ ਮਾਣਯੋਗ ਰਾਸ਼ਟਰਪਤੀ ਦੇ ਨਾਮ ਇਕ ਮੰਗ ਪੱਤਰ ਐਸ.ਡੀ.ਐਮ. ਫਿਲੌਰ ਸ੍ਰੀ ਵਰਿੰਦਰਪਾਲ ਸਿੰਘ ਬਾਜਵਾ ਨੂੰ ਦਿੱਤਾ ਗਿਆ।

ਇਸ ਮੌਕੇ ਅੰਬੇਡਕਰੀ ਆਗੂ ਅੰਮ੍ਰਿਤਪਾਲ ਭੌਂਸਲੇ, ਤਾਰਾ ਚੰਦ ਜੱਖੂ, ਰਾਏ ਬਰਿੰਦਰ ਕਾਕਾ ਕੌਂਸਲਰ, ਹੰਸ ਰਾਜ ਰਾਣਾ, ਰਾਜ ਕੁਮਾਰ ਸੰਧੂ ਕੌਂਸਲਰ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਭਵਨ), ਮਹਿੰਦਰ ਪਾਲ ਕੌਂਸਲਰ, ਯਸ਼ਪਾਲ ਕੌਂਸਲਰ, ਗੋਲਡੀ ਨਾਹਰ, ਰਾਮ ਕਿਸ਼ਨ ਬੱਛੋਵਾਲ, ਰਜਿੰਦਰ ਕਜ਼ਲੇ ਜਨਰਲ ਸਕੱਤਰ ਅੰਬੇਡਕਰ ਸੈਨਾ ਆਫ਼ ਇੰਡੀਆ, ਦੇਸ ਰਾਜ ਮੱਲ, ਬੁੱਧ ਪ੍ਰਕਾਸ਼ ਗੜ੍ਹਾ, ਰਣਜੀਤ ਸਿੰਘ ਸਰਪੰਚ, ਕਾਂਤੀ ਮੋਹਨ ਸਰਪੰਚ, ਸੁੰਦਰ ਪਾਲ, ਹਰਮੇਸ਼ ਗੜ੍ਹਾ, ਜਰਨੈਲ ਫਿਲੌਰ, ਕਰਨੈਲ ਫਿਲੌਰ, ਡਾ. ਆਸ਼ੂ, ਦੇਸ ਰਾਜ ਜੱਖੂ, ਜੋਗਿੰਦਰ ਛਿੱਛੂਵਾਲ, ਰਣਜੀਤ ਪਵਾਰ, ਬਲਵੀਰ ਪੁਆਰੀ, ਸੋਡੀ ਰਾਣਾ, ਹੁਸਨ ਲਾਲ, ਕੇਵਲ ਕ੍ਰਿਸ਼ਨ ਸਾਂਪਲਾ ਆਦਿ ਵੀ ਸ਼ਾਮਲ ਸਨ।

# ਮਨਪ੍ਰੀਤ ਸਿੰਘ ਬਾਦਲ ਨੇ ਬਾਦਲ-ਮਜੀਠੀਆ ਪਰਿਵਾਰਾਂ ਉੱਤੇ ਨਿੱਜੀ ਹਮਲਿਆਂ ਦੀ ਸਿਖਰ ਛੋਹੀ

**ਚੰਡੀਗੜ੍ਹ –** ਪੰਜਾਬ ਦੇ ਵੱਡੇ ਸਿਆਸੀ ਖਾਨਦਾਨ 'ਬਾਦਲ ਪਰਿਵਾਰ' ਦੀ ਸ਼ਰੀਕੇਬਾਜ਼ੀ ਦਾ ਅਸਲੀ ਰੰਗ ਪੰਜਾਬ ਵਿਧਾਨ ਸਭਾ ਵਿੱਚ ਦੇਖਿਆ ਗਿਆ।

ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਬਜਟ ਉੱਤੇ ਬਹਿਸ ਸ਼ੁਰੂ ਕਰਨ ਲਈ ਕਿਹਾ ਤਾਂ ਅਕਾਲੀ ਵਿਧਾਇਕਾਂ ਨੇ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਮੌਕਾ ਸੰਭਾਲਦੇ ਹੋਏ ਖਜ਼ਾਨਾ ਮੰਤਰੀ ਨੇ ਵੀ ਦੋਵਾਂ ਬਾਦਲ 'ਤੇ ਮਜੀਠੀਆ ਪਰਿਵਾਰਾਂ ਦੇ ਪੋਤੜੇ ਫੋਲ ਦਿੱਤੇ। ਅਕਾਲੀ ਵਿਧਾਇਕਾਂ ਨੇ ਮਨਪ੍ਰੀਤ ਸਿੰਘ ਬਾਦਲ ਦੀ ਸੀਟ ਮੂਹਰੇ ਜਾ ਕੇ ਰੌਲਾ ਪਾਉਂਦਿਆਂ ਉਨ੍ਹਾਂ ਨੂੰ ਬੋਲਣੋਂ ਰੋਕਣ ਦਾ ਯਤਨ ਕੀਤਾ ਪਰ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਬਾਦਲ-ਮਜੀਠੀਆ ਪਰਿਵਾਰਾਂ ਉੱਤੇ ਨਿੱਜੀ ਹਮਲੇ ਜਾਰੀ ਰੱਖੇ। ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਇਸ ਮੌਕੇ ਸਦਨ ਵਿੱਚ ਨਹੀਂ ਸਨ ਤੇ ਅਕਾਲੀ ਮੈਂਬਰਾਂ ਦੀ ਅਗਵਾਈ ਸੁਖਬੀਰ ਸਿੰਘ ਬਾਦਲ ਦੇ ਸਾਲਾ ਤੇ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਕਰ ਰਹੇ ਸਨ। ਸ਼ੋਰ-ਸ਼ਰਾਬੇ ਕਾਰਨ ਸਪੀਕਰ ਨੂੰ ਸਦਨ ਦੀ ਕਾਰਵਾਈ 20 ਮਿੰਟ ਲਈ ਮੁਲਤਵੀ ਕਰਨੀ ਪਈ ਤੇ ਦੋਬਾਰਾ ਜੁੜਨ ਪਿੱਛੋਂ ਅਕਾਲੀ ਆਗੂ ਸਦਨ ਵਿੱਚ ਨਹੀਂ ਪੁੱਜੇ।

ਮਨਪ੍ਰੀਤ ਸਿੰਘ ਬਾਦਲ ਨੇ 'ਸ਼ਰੀਕਾਂ' ਉੱਤੇ ਹਮਲਾਵਰੀ ਵਿੱਚ ਪੰਜਾਬੀ ਕਹਾਵਤ 'ਘਰ ਦਾ ਭੇਤੀ ਲੰਕਾ ਢਾਹੇ' ਦੀ ਹੱਦ ਕਰਦਿਆਂ ਕਿਹਾ, 'ਜਦੋਂ ਮਜੀਠੀਆ ਪਰਿਵਾਰ ਨੇ ਆਪਣੀ ਧੀ ਸਾਡੇ ਘਰ ਵਿਆਹੀ ਤਾਂ ਦਹੇਜ ਦੀ ਕਾਰ ਕਿਸ਼ਤਾਂ ਉੱਤੇ ਲੈ ਕੇ ਦਿੱਤੀ ਸੀ ਅਤੇ ਅੱਜ ਉਹ ਕਰੋੜ-ਕਰੋੜ ਰੁਪਏ ਦੀਆਂ ਕਾਰਾਂ ਵਿੱਚ ਘੁੰਮਦੇ ਹਨ, ਪਰ ਅੱਜ ਵੀ ਸਰਕਾਰੀ ਪੈਟਰੋਲ ਫੂਕਦੇ ਤੇ ਸਰਕਾਰੀ ਕਾਰਾਂ ਵਰਤਦੇ ਹਨ।' ਤਾਏ ਬਾਦਲ ਦੇ ਟੱਬਰ ਉੱਤੇ ਹਮਲਾਵਰੀ ਵਿੱਚ ਮਨਪ੍ਰੀਤ ਸਿੰਘ ਬਾਦਲ ਕਿਹਾ ਕਿ ਬਾਦਲ ਪਰਿਵਾਰ ਨੇ ਗੁੜਗਾਉਂ ਵਿੱਚ ਚੌਧਰੀ ਦੇਵੀ ਲਾਲ ਤੋਂ 18 ਏਕੜ ਜ਼ਮੀਨ ਸਤਲੁਜ ਯਮੁਨਾ ਲਿੰਕ ਨਹਿਰ ਦਾ ਸੌਦਾ ਕਰ ਕੇ ਲਈ ਅਤੇ ਉਥੇ ਸੱਤ-ਤਾਰਾ ਹੋਟਲ ਬਣਾਇਆ ਹੈ। ਉਨ੍ਹਾਂ ਕਿਹਾ, 'ਅਕਾਲੀਆਂ ਨੇ ਮੇਰੇ ਉੱਤੇ ਦੋਸ਼ ਲਾਏ ਹਨ ਕਿ ਇਸ ਨੂੰ ਬਜਟ ਨਹੀਂ ਬਣਾਉਣਾ ਆਉਂਦਾ, ਅਸਲ ਵਿੱਚ ਮੈਨੂੰ ਬੱਸਾਂ ਵਧਾਉਣੀਆਂ ਨਹੀਂ ਆਉਂਦੀਆਂ, ਹੋਟਲ ਚਲਾਉਣੇ ਨਹੀਂ ਆਉਂਦੇ ਤੇ ਮੈਨੂੰ ਪੰਜਾਬ ਲੁੱਟਣਾ ਨਹੀਂ ਆਉਂਦਾ, ਚਿੱਟਾ ਵੇਚਣਾ ਨਹੀਂ ਆਉਂਦਾ।'

ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਤਿਹਾਸ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਮਾੜੇ ਤੋਂ ਮਾੜੇ ਬੰਦਿਆਂ ਨੇ ਵੀ ਲੰਮਾ ਸਮਾਂ ਰਾਜ ਕੀਤਾ ਹੈ ਤੇ ਬਾਦਲ ਪਰਿਵਾਰ ਵਾਲੇ ਉਨ੍ਹਾਂ ਵਿੱਚ ਗਿਣੇ ਜਾ ਸਕਦੇ ਹਨ। ਮਨਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਦੇ 70 ਸਾਲਾ ਇਤਿਹਾਸ ਵਿੱਚ ਇਹ ਇੱਕੋ ਮਿਸਾਲ ਹੈ ਕਿ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਮੁੰਡਾ ਉਪ ਮੁੱਖ ਮੰਤਰੀ, ਮੁੰਡੇ ਦਾ ਸਾਲਾ ਮੰਤਰੀ, ਜਵਾਈ ਮੰਤਰੀ ਤੇ ਨੂੰਹ ਮੰਤਰੀ ਹਨ। ਉਨ੍ਹਾਂ ਕਿਹਾ, 'ਸਾਡਾ ਪਰਿਵਾਰ ਇੱਕੋ ਦਾਦੇ ਦੀ ਔਲਾਦ ਹੈ ਤੇ ਹਾਊਸ ਦੀ ਕਮੇਟੀ ਬਣਾ ਕੇ ਜਾਇਦਾਦ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਸੁਖਬੀਰ ਸਿੰਘ ਬਾਦਲ ਦੇ ਤਾਂ ਨੌਕਰਾਂ ਦੇ ਨੌਕਰਾਂ ਦੀਆਂ ਕੋਠੀਆਂ ਵੀ ਮੇਰੇ ਘਰ ਤੋਂ ਵਧੀਆ ਹਨ।'

******

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Guru Piari Sadh Sangat Ji

Devoted families are requesting entire Sangat to attend the April 2018 functions:

**April 8, 2018**

Sukhmani Sahib Path and Langar Sewa from Gurughar

**April 15, 2018**

**Prakash Utsav of Shri Guru Arjun Dev Ji**

Gurughar will be celebrating Parkash Utsav of Shri Guru Arjun Dev Ji, the fifth of the ten Sikh Gurus, who compiled Sri Guru Granth Sahib. He was born in Goindval, in the Punjab. Shri Sukhmani Sahib Path and Langar Sewa will be hosted by Sangat.

Vaisakhi Celebration date has been postpone by family to next Sunday. The new program detail are:

**April 20-21-22,2018**

**Vaisakhi Festival 2018 by Bhai Kashmiri Bhatia and Bibi Kamaljit Bhatia**

Sri Ahkand Path Sahib and Langar Sewa will be hosted by Bhai Kashmiri Bhatia and Bibi Kamaljeet Bhatia. Vaisakhi is the harvest celebration in India and is an occasion of dancing, singing, music, wearing of festive garments and religious praise. Akhand Path will start on Friday April 20,2018 at 10:00 AM and will conclude with Bhog ceremony on Sunday April 22, 2018.

**April 29, 2018**

**127th Birth Anniversary of Dr. Bhimrao Ambedkar**

Sri Sukhmani Sahib Path and Langar Sewa will be hosted by Gurughar on the occasion of 127th Birth Anniversary of Dr. B R Ambedkar. Baba Saheb was a leader, politician and a scholar. As independent India's first law minister, he was the principal architect of the Constitution of India.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL BIT INSPECTION AND DOT AUDIT COMPLIANCE:

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# ਐਸ ਸੀ ਐਸ ਟੀ ਐਕਟ ਵਿੱਚ ਕੀਤੇ ਬਦਲਾਅ ਕਾਰਨ 'ਭਾਰਤ ਬੰਦ' ਦੇ ਸੱਦੇ ਨੂੰ ਪੰਜਾਬ 'ਚ ਸ਼ਾਂਤੀ ਪੂਰਵਕ ਭਰਵਾਂ ਹੁੰਗਾਰਾ








**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ, ਸੁਖਵਿੰਦਰ ਸਿੰਘ ਗੌਂਸਗੜ੍ਹ)** ਦੇਸ਼ ਦੀ ਮਾਨਯੋਗ ਸਰਵ ਉੱਚ ਅਦਾਲਤ ਵੱਲੋਂ ਐਸ ਸੀ ਐਸ ਟੀਐਕਟਵਿੱਚ 20 ਮਾਰਚ ਨੂੰ ਜੋ ਬਦਲਾਅ ਦਾ ਆਦੇਸ਼ ਦਿੱਤਾ ਗਿਆ ਸੀ ਉਸਦੇ ਲਈ ਕੇਂਦਰ ਦੀ ਮੋਦੀ ਸਰਕਾਰ ਨੂੰ ਜਿੰਮੇਵਾਰ ਮੰਨ ਕੇ ਦੇਸ਼ ਭਰ ਦੀਆਂ ਦਲਿਤ ਜੱਥੇਬੰਦੀਆਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ 'ਚ ਕੰਮ ਕਰਦੇ ਦਲਿਤਵਰਗ ਦੇ ਆਗੂਆਂ ਨੇ ਇਸਦਾ ਤਿੱਖਾ ਵਿਰੋਧ ਕਰਦੇ ਹੋਏ 2 ਅਪ੍ਰੈਲ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਸੀ। ਅੱਜ ਇਸ ਭਾਰਤ ਬੰਦ ਦੇ ਸੱਦੇ ਨੂੰ ਪੰਜਾਬ ਵਿੱਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਰਗਾਂ ਦੇ ਹਰ ਵਿਆਕਤੀ ਵੱਲੋਂ ਦਿੱਤੇ ਸਹਿਯੋਗ ਕਾਰਨ ਭਰਵਾਂ ਸਮੱਰਥਨ ਮਿਲਿਆ ਅਤੇ ਏਹ ਸ਼ਾਤੀਪੂਰਵਕ ਪੂਰੀ ਤਰ੍ਹਾਂ ਸਫਲ ਰਿਹਾ। ਏਨ੍ਹਾਂ ਹੀ ਨਹੀ ਇਸਨੂੰ ਸਫਲ ਬਣਾਉਣ ਲਈ ਹਰਰਾਜਨੀਤਿਕ ਪਾਰਟੀ ਚਾਹੇ ਉਹ ਬਹੁਜਨ ਸਮਾਜ ਪਾਰਟੀ ਹੋਵੇ, ਕਾਂਗਰਸ, ਅਕਾਲੀਦਲ, ਕਮਿਊਨਿਸਟ ਪਾਰਟੀ, ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਾਂ ਕੋਈ ਹੋਰ ਪਾਰਟੀ ਜਾਂ ਇਨ੍ਹਾਂ ਵਰਗਾਂ ਦਾ ਕੋਈ ਵੀ ਹੋਰ ਸੰਗਠਨ ਹਰ ਇੱਕ ਆਗੂ ਨੇ ਸਮਾਜਿਕ ਗਠਜੋੜ ਬਣਾਉਂਦਿਆਂ ਇਸ ਨੂੰ ਸਫਲ ਕੀਤਾ। ਜਿਵੇਂ ਕਿ ਮਿਲੀਆਂ ਖਬਰਾਂ ਨੇ ਭਾਰਤਬੰਦ ਦੇ ਸਫਲ ਹੋਣ ਦੀ ਪੁਸਟੀ ਕੀਤੀ ਉਥੇ ਹੀ ਪਹਿਲੀ ਵਾਰ ਪੰਜਾਬ ਇਤਿਹਾਸਿਕ ਨਜਰੀਏ ਤੋਂ ਬੰਦ ਹੋਇਆ। ਏਹ ਵੀ ਸਾਇਦ ਪਹਿਲੀ ਵਾਰ ਹੀ ਹੋਇਆ ਹੈ ਕਿ ਏਹ ਬੰਦ ਦੇਸ ਦੀਆਂ ਅਦਾਲਤਾਂ ਦੀ ਕਾਰਗੁਜਾਰੀ ਦੇ ਖਿਲਾਫ ਬੰਦ ਦਾ ਸਫਲ ਸੱਦਾ ਸੀ।

ਸਵੇਰੇ ਹੀ ਮੁੰਡੀਆਂ ਕਲ੍ਹਾ ਅਧੀਨ ਪੈਂਦੇ 33 ਫੁੱਟ ਰੋਡ ਤੇ ਵੱਖ ਵੱਖ ਪਾਰਟੀਆਂ ਅਤੇ ਸੰਗਠਨਾਂ ਦੇ ਆਗੂਆਂ ਨੇ ਰਾਮਨਗਰ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰਥੀ ਚੁੱਕ ਜਮਾਲਪੁਰ ਚੌਂਕ ਤੱਕ ਰੋਸ ਮਾਰਚ ਕੀਤਾ ਅਤੇ ਚੌਂਕ ਵਿੱਚ ਜਾ ਪੁਤਲੇ ਨੂੰ ਅੱਗ ਲਗਾਈ। ਇਸ ਮੌਕੇ ਬਸਪਾ ਆਗੂ ਲਾਭ ਸਿੰਘ ਭਾਮੀਆਂ ਮੈਂਬਰ ਬਲਾਕ ਸੰਮਤੀ, ਮਾਸਟਰ ਰਾਮਾ ਨੰਦ, ਰਾਕੇਸ਼ ਕੁਮਾਰ, ਇੰਦਰਜੀਤ, ਰਮੇਸ਼, ਭੀਮ ਸੈਨ, ਜੱਗਾ ਸਿੰਘ ਮੋਗਾ ਕਲੋਨੀ, ਉਮ ਪ੍ਰਕਾਸ ਹਰਿਆਲੇ, ਅਮਨ ਸ੍ਰੀਵਾਸਤਵ, ਪਰਮਹੰਸ, ਸੁਰੇਸ਼ ਫੋਰਮੈਨ, ਜੋਨੀ, ਸਚਿਨ, ਕਾਲਾ, ਮੁਨੀਸ਼, ਸਰਬਜੀਤ ਸਿੰਘ ਸਾਬੀ, ਸੋਨੂੰ ਸਿੰਘ, ਯੋਗੀ ਅਦਿਤਿਆ, ਕਾਰਤਿਕ, ਸੌਰਵ, ਮਨੋਜ, ਨੀਰਜ, ਵਿਜੇ, ਵਿਸ਼ਾਲ, ਗਗਨਦੀਪ ਸਿੰਘ, ਬਿੰਦਰ ਸਿੰਘ, ਸੂਰਜ ਸਿੰਘਾਨੀਆਂ, ਰਾਕੇਸ਼ ਚਨਾਲੀਆਅਤੇ ਹੋਰ ਹਾਜਰ ਸਨ।

ਭਾਮੀਆਂ ਕਲ੍ਹਾਂ ਤੋਂ ਕਾਂਗਰਸੀ ਆਗੂ ਦਰਸ਼ਨ ਸਿੰਘ ਮਾਹਲਾਸਰਪੰਚ, ਕੁਲਦੀਪ ਸਿੰਘ ਕੀਪੀ ਭਾਮੀਆਂ, ਬਸਪਾ ਆਗੂ ਲਾਭ ਸਿੰਘ ਭਾਮੀਆਂ ਤੇ ਨੀਟੂ ਭਾਮੀਆਂ ਨੇ ਵਿਸ਼ਾਲ ਰੋਸ ਮਾਰਚ ਕੱਢਿਆ। ਵਿਸ਼ਾਲ ਰੋਡ ਮਾਰਚ ਨੇ ਸ਼ਾਂਤੀਪੂਰਵਕ ਦੁਕਾਨਾਂ ਬੰਦਕਰਵਾਈਆਂ ਅਤੇ ਬਾਅਦ 'ਚ ਜਮਾਲਪੁਰ ਚੌਂਕ ਵਿੱਚ ਸ਼ਾਮ ਤੱਕ ਧਰਨਾ ਦਿੱਤਾ। ਇਸ ਮੌਕੇ ਬਲਵਿੰਦਰ ਸਿੰਘ ਰੋਡਾ, ਜਰਨੈਲ ਸਿੰਘ ਭਾਮੀਆਂ, ਹਰਿੰਦਰ ਸਿੰਘ, ਲਾਲਾ ਭਾਮੀਆਂ, ਸਿੰਗਲਾ, ਕੇਵਲ ਸਿੰਘ ਭੈਣੀ, ਜੀਤ ਸਿੰਘ, ਅਜੈਬ ਸਿੰਘ, ਨਿਰਮਲ ਸਿੰਘ ਸਾਬਕਾ ਸਰਪੰਚ, ਸੁਖਚੈਨ ਸਿੰਘ, ਹਰਨੂਰ ਸਿੰਘ, ਹੁਕਮ ਸਿੰਘ, ਰਣਧੀਰ ਸਿੰਘ, ਪ੍ਰੀਤਮ ਸਿੰਘ, ਨੱਛਤਰ ਸਿੰਘ, ਜਗਰੂਪ ਸਿੰਘ, ਹਰਪ੍ਰੀਤ ਸਿੰਘ, ਗੁਰਦੀਪ ਸਿੰਘ, ਕੇਹਰ ਸਿੰਘ, ਗੁਰਬਖਸ਼ ਸਿੰਘ, ਰਘੁਵੀਰ ਸਿੰਘ ਅਤੇ ਕੇਸਰ ਸਿੰਘ ਅਤੇ ਹੋਰ ਹਾਜਰ ਸਨ। ਜਮਾਲਪੁਰ ਚੌਂਕ ਵਿੱਚ ਡਾ: ਭੀਮਰਾਓ ਅੰਬੇਡਕਰ ਸਿੱਖ ਫਾਊਂਡੇਸ਼ਨ ਵੱਲੋਂ ਧਰਨੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਾਰੀਆਂ ਸਿਆਸੀਆਂ ਪਾਰਟੀਆਂ ਅਤੇ ਦਲਿਤ ਸੰਗਠਨਾਂ ਦੇ ਆਗੂਆਂ ਨੇ ਹਿੱਸਾ ਲਿਆ ਅਤੇ ਏਕਤਾ ਦਾ ਸਬੂਤ ਦਿੰਦਿਆਂ ਧਰਨੇ ਨੂੰ ਮੁਕੰਮਲ ਸਫਲ ਕੀਤਾ। ਇਸ ਮੌਕੇ ਐਡਵੋਕੇਟ ਹਰਪ੍ਰੀਤ ਸਿੰਘ ਭਾਮੀਆਂ, ਸਾਬਕਾ ਕੌਂਸਲਰ ਸੁਖਵਿੰਦਰ ਸਿੰਘ ਬੱਲੂ ਕਾਂਗਰਸ, ਸੋਹਣ ਸਿੰਘ ਖੋਖਰ ਸਮਾਜ ਚਿੰਤਕ, ਕੇਵਲ ਸਿੰਘ ਜਮਾਲਪੁਰ, ਰਾਮਲੋਕ ਕੁਲੀਏਵਾਲ, ਰਾਮਯਤਨ, ਅਵਦੇਸ਼ ਮੌਰੀਆ, ਰਾਮਬਹਾਦਰ ਮੌਰੀਆ, ਅਸ਼ੋਕ ਕੁਮਾਰ, ਰਾਮਲਲਿਤ, ਵੀਰਪਾਲ, ਹੈਪੀ ਗੌਰੀਆ, ਰਾਜਕੁਮਾਰ ਅਟਵਾਲ, ਜਤਿੰਦਰ ਗੋਰੇਆਨ, ਡਾ: ਗੁਰਦੇਵ ਭੰਗੂ, ਉਮ ਪ੍ਰਕਾਸ, ਤੇਜਪਾਲ ਡੋਗਰਾ, ਮਨਜੀਤਮੀਤਾ, ਪਹਿਲਵਾਨ ਗੁਰਚਰਨ ਸਿੰਘ, ਧਨਰਾਜ ਧੰਨਾ, ਬਲਜੀਤ ਸਿੰਘ, ਇੰਦਰਜੀਤ ਸਿੰਘ ਨਾਹਰ, ਗਾਰੀ, ਬਾਬਾਤਰਸ਼ੇਮ, ਦਰਸ਼ਨ ਸਿੰਘ, ਬਲਜੀਤ ਸਿੰਘ, ਪਰਮਿੰਦਰ ਸਿੰਘ, ਭੁਪਿੰਦਰ ਸਿੰਘ ਸ਼ੇਰਪੁਰੀ, ਬਲਵਿੰਦਰ ਲਾਲੀ ਅਟਵਾਲ, ਪ੍ਰਧਾਨ ਮਨਜੀਤ ਸਿੰਘ, ਬਿੱਟੂਬਿਰਲਾਅਤੇ ਹਜਾਰਾਂ ਦੀ ਗਿਣਤੀਵਿੱਚ ਹੋਰ ਹਾਜਰ ਸਨ।

ਚੰਡੀਗੜ੍ਹ ਰੋਡ ਤੇ ਪੈਂਦੇ ਪਿੰਡ ਝਾਬੇਵਾਲ ਅਤੇ ਰਾਮਗੜ੍ਹ ਵਿਖੇ ਵੀ ਪਿੰਡ ਵਾਸੀਆਂ ਅਤੇ ਭਾਵਾਧਸ ਵੱਲੋਂ ਮੁੱਖ ਮਾਰਗ ਤੇ ਧਰਨਾ ਲਗਾਇਆ ਗਿਆ ਜੋ ਸ਼ਾਮ ਤੱਕ ਜਾਰੀ ਰਿਹਾ। ਇਸ ਮੌਕੇ ਜਗਮੋਹਣ ਸਿੰਘ ਝਾਬੇਵਾਲ, ਦਰਸ਼ਨ ਸਿੰਘ, ਸਾਬਕਾ ਜੇਈ ਰਣਜੀਤ ਸਿੰਘ, ਅਨੋਖ ਸਿੰਘ, ਜਗਦੀਪ ਸਿੰਘ, ਕੁਲਵਿੰਦਰ ਸਿੰਘ, ਗਗਨਦੀਪ ਸਿੰਘ, ਜੁਗਿੰਦਰ ਸਿੰਘ, ਨਿਰਮਲ ਸਿੰਘ, ਰਜਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ, ਮਨਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਚਰਨ ਸਿੰਘ, ਹਰਮੇਲ ਸਿੰਘ, ਜਗਜੀਤ ਸਿੰਘ, ਪਾਲਾ ਸਿੰਘ, ਅਜਮੇਰ ਸਿੰਘ, ਅਮਰਜੀਤ ਸਿੰਘ, ਅਜੇ ਚਨਾਲੀਆ, ਮਨਜੀਤ ਰਾਮਗੜ੍ਹੀਆ, ਸੇਖਰ ਮੰਗਲੀ, ਪ੍ਰਵੀਨ, ਵਿੱਕੀ, ਜਗਰੂਪ ਰਾਮਗੜ੍ਹ ਅਤੇ ਹੋਰ ਹਾਜਰ ਸਨ।ਏਥੇ ਏਹ ਵੀ ਜਿਕਰਯੋਗ ਹੈ ਰਾਮਗੜ੍ਹ ਵਿਖੇ ਪਿੰਡ ਦੇ ਦਲਿਤ ਭਾਈਚਾਰੇ ਨਾਲ ਸਬੰਧਿਤ ਬਹੁਤੇ ਲੋਕ ਡਰ ਕੇ ਘਰਾਂ ਵਿੱਚ ਹੀ ਵੜ੍ਹੇ ਬੈਠੇ ਸਨ ਅਤੇ ਭਾਵਾਧਸ ਦੇ ਵਰਕਰਾਂ ਨੂੰ ਪਿੰਡ ਦੇ ਉੱਚ ਜਾਤੀ ਦੇ ਲੋਕ ਧਮਕਾ ਰਹੇ ਸਨ। ਜਿਸਦੀ ਸੂਚਨਾ ਮਿਲਣ ਤੇ ਕੋਹਾੜਾ ਚੌਂਕ ਵਿੱਚ ਧਰਨਾ ਲਗਾਈ ਬੈਠੇ ਜਿਲ੍ਹਾ ਪ੍ਰੀਸਦ ਦੇ ਸਾਬਕਾ ਚੇਅਰਮੈਨ ਭਾਗ ਸਿੰਘ ਮਾਨਗੜ੍ਹ, ਬਸਪਾ ਆਗੂ ਮਾਘੀ ਸਿੰਘ ਕੂੰਮਕਲ੍ਹਾ ਤੇ ਬਲਦੇਵ ਸਿੰਘ ਕੂੰਮਕਲ੍ਹਾਂ, ਕਾਂਗਰਸੀ ਆਗੂ ਇਕਬਾਲ ਸਿੰਘ ਜੰਡਿਆਲੀ, ਕਾਮਰੇਡ ਅਮਰਨਾਥ ਕੂੰਮਕਲ੍ਹਾਂ ਨੇ ਮੌਕੇ ਤੇ ਪਹੁੰਚ ਗਏ ਜਿਨ੍ਹਾਂ ਪੁਲਿਸ ਨੂੰ ਦੁਕਾਨਾਂ ਬੰਦ ਕਰਵਾਉਣ ਲਈ ਕਿਹਾ ਅਤੇ ਜਦੋਂ ਉਨ੍ਹਾਂ ਬੰਦਨਾ ਕਰਵਾਈਆਂ ਤਾਂ ਸਾਰੇ ਆਗੂਆਂ ਨੇ ਖੁਦ ਅੱਗੇ ਹੋ ਕੇ ਦੁਕਾਨਾਂ ਬੰਦ ਕਰਵਾਈਆਂ।

# ਐਸ. ਸੀ., ਬੀ. ਸੀ. ਫੈਡਰੇਸ਼ਨ ਵੱਲੋਂ ਰੋਸ ਧਰਨਾ ਤੇ ਰੋਸ ਮਾਰਚ






**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ., ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਲਏ ਫੈਸਲੇ ਤਹਿਤ ਤਹਿਸੀਲ ਪ੍ਰਧਾਨ ਤੇ ਜ਼ਿਲ੍ਹਾ ਜਨਰਲ ਸਕੱਤਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਤਹਿਸੀਲ ਹੁਸ਼ਿਆਰਪੁਰ ਦੇ ਜੁਝਾਰੂ ਵਕਰਾਂ ਵੱਲੋਂ ਸੈਂਕੜੇ ਸਾਥੀਆਂ ਨਾਲ ਰੋਸ ਧਰਨਾ ਅਤੇ ਰੋਸ ਮਾਰਚ ਗ੍ਰੀਨ ਪਾਰਕ ਤੋਂ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਤੱਕ ਕੱਢਿਆ ਗਿਆ। ਤਹਿ-ਸੀਲ ਦੇ ਬੁਲਾਰੇ ਡਾ. ਜਸਵੰਤ ਰਾਏ, ਜਰਨੈਲ ਸਿੰਘ ਸੀਕਰੀ ਅਤੇ ਯੋਧਾ ਮੱਲ ਵੱਲੋਂ ਸਾਂਝੇ ਬਿਆਨ ਵਿਚ ਕਿਹਾ ਗਿਆ ਕਿ ਐਸ. ਸੀ., ਐਸ. ਟੀ. ਐਕਟ ਨੂੰ ਖਤਮ ਕਰਨ ਦੇ ਮਨਸ਼ੇ ਨਾਲ ਕੇਂਦਰ ਸਰਕਾਰ ਅਤੇ ਤਰੱਕੀਆਂ ਵਿਚ ਰਾਖਵਾਂਕਰਨ ਖਤਮ ਕਰਕੇ ਪੰਜਾਬ ਸਰਕਾਰ ਦਲਿਤ ਮੁਲਾਜ਼ਮਾਂ ਤੇ ਦਲਿਤ ਸਮਾਜ ਨਾਲ ਧਰੋਅ ਕਮਾ ਰਹੀਆਂ ਹਨ। ਸੰਵਿਧਾਨ ਨੂੰ ਖਤਮ ਕਰਨ ਦੇ ਰਾਹ ਤੁਰੀਆਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇਸਦਾ ਵੱਡਾ ਖਮਿਆਜ਼ਾ ਭੁਗਤਣਾ ਪਵੇਗਾ ਕਿਉਂਕਿ ਹੁਣ ਪੂਰੇ ਦੇਸ਼ ਅੰਦਰ ਬਾਬਾ ਸਾਹਿਬ ਦਾ ਸਮਾਜ ਚੇਤੰਨ ਹੋ ਚੁੱਕਿਆ ਹੈ। ਦਲਿਤ ਅਤੇ ਪੱਛੜੇ ਸਮਾਜ ਨਾਲ ਨਿੱਤ ਹੁੰਦੇ ਜ਼ੁਲਮਾਂ ਦਾ ਬਦਲਾ 2019 ਦੀਆਂ ਚੋਣਾਂ ਵਿਚ ਸਰਕਾਰ ਨੂੰ ਮੂਧੇ ਮੂੰਹ ਸੁੱਟ ਕੇ ਲਿਆ ਜਾਵੇਗਾ। ਐਸ. ਸੀ., ਐਸ. ਟੀ. ਐਕਟ ਪ੍ਰਤੀ ਸੁਪਰੀਮ ਕੋਰਟ ਦੀ ਕਾਰਵਾਈ ਨਾਲ ਦਲਿਤਾਂ ਵਿਚ ਬਹੁਤ ਗੁੱਸਾ ਪਾਇਆ ਜਾ ਰਿਹਾ ਹੈ।

ਇਸ ਮੌਕੇ ਪ੍ਰਿੰ: ਗੁਰਦਿਆਲ ਸਿੰਘ ਫੁੱਲ, ਰਣਵੀਰ ਕੁਮਾਰ, ਗੁਲਜ਼ਾਰੀ ਲਾਲ, ਜਤਿੰਦਰ ਕੁਮਾਰ, ਬਲਵੀਰ ਕੁਮਾਰ, ਬਲਦੇਵ ਕੁਮਾਰ, ਲੈਕਚਰਾਰ ਰਣਜੀਤ ਸਿੰਘ, ਕਿਸ਼ਨ ਅਵਤਾਰ, ਮੋਹਨ ਸਿੰਘ, ਰੇਸ਼ਮ ਲਾਲ, ਜਸਵਿੰਦਰ ਸਿੰਘ, ਜਸਵੀਰ ਸਿੰਘ, ਸੁਰਜੀਤ ਸਿੰਘ, ਸ਼ਸ਼ੀ ਕੁਮਾਰ, ਸੰਦੀਪ ਕੁਮਾਰ ਆਦਿ ਹਾਜ਼ਰ ਸਨ।

**ਰਿਪੋਰਟ– ਡਾ. ਜਸਵੰਤ ਰਾਏ (98158–25999)**

# ਭਾਰਤ ਨੂੰ ਧਾਰਮਿਕ ਅਤੇ ਸਮਾਜਿਕ ਇੱਕ ਖੁਸ਼ਹਾਲ ਰਾਸ਼ਟਰ (ਭਾਰਤ) ਦੀ ਸਥਾਪਨਾ ਕੀਤੀ ਜਾਵੇਗੀ -ਸੰਤ ਸਤਵਿੰਦਰ ਹੀਰਾ

**ਜਲੰਧਰ–** ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਅੱਜ ਜਲੰਧਰ ਦੇ ਪੰਜਾਬ ਪ੍ਰੈਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਸੀ.ਐਸ.ਟੀ. ਐਕਟ ਦੇ ਖਿਲਾਫ਼ ਆਏ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਦੇਸ਼ ਦੇ ਸਮੁੱਚੇ ਐਸ.ਸੀ.Kਐਸ.ਟੀ. ਵਰਗ ਵੱਲੋਂ ਭਾਰਤ ਬੰਦ ਨੂੰ ਸਫ਼ਲ ਬਨਾਉਣ ’ਤੇ ਤੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਫ਼ੈਸਲੇ ’ਤੇ ਜੋ ਰਿਵਿਊ ਪਟੀਸ਼ਨ ਪਾਈ ਗਈ ਹੈ ਉਸ ਦੇ ਨਾਲ ਹੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਫ਼ੈਸਲੇ ਨੂੰ ਸੰਸਦ ਵਿਚ ਰੱਦ ਕਰੇ ਕਿਉਂਕਿ ਕਾਨੂੰਨ ਬਨਾਉਣ ਦਾ ਅਧਿਕਾਰ ਵਿਧਾਨ ਪਾਲਿਕਾ ਨੂੰ ਹੈ ਨਾ ਕਿ ਸੁਪਰੀਮ ਕੋਰਟ ਨੂੰ। ਸੁਪਰੀਮ ਕੋਰਟ ਦਾ ਕੰਮ ਸਿਰਫ਼ ਇਹ ਯਕੀਨੀ ਬਨਾਉਣਾ ਹੁੰਦਾ ਹੈ ਕਿ ਵਿਧਾਨ ਪਾਲਿਕਾ ਵੱਲੋਂ ਬਣਾਏ ਗਏ ਕਾਨੂੰਨ ਦੀ ਪਾਲਣਾ ਹੋ ਰਹੀ ਹੈ ਜਾਂ ਨਹੀਂ, ਜੇ ਨਹੀਂ ਤਾਂ ਸੁਪਰੀਮ ਕੋਰਟ ਨੇ ਉਸ ਨੂੰ ਲਾਗੂ ਕਰਵਾਉਣਾ ਹੁੰਦਾ ਹੈ। ਇਸ ਐਕਟ ਦੇ ਹੁੰਦਿਆਂ ਹੋਇਆਂ ਭੀਮ ਟਾਂਕ ਅਬੋਹਰ ਦੇ ਜਿਊਂਦੇ ਜੀ ਹੱਥ ਅਤੇ ਪੈਰ ਕੱਟ ਦਿੱਤੇ ਗਏ ਸਨ, ਮਾਛੀਵਾੜਾ ਵਿਖੇ ਦੋ ਸਕੇ ਭਰਾਵਾਂ ਨੂੰ ਜਨਰਲ ਕੈਟਾਗਰੀ ਵੱਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਇਸ ਤਰ੍ਹਾਂ ਦੇ ਅਨੇਕਾਂ ਕੇਸ ਹਰ ਰੋਜ਼ ਵਾਪਰ ਰਹੇ ਹਨ, ਜਿਨ੍ਹਾਂ ਵੱਲ ਸਰਕਾਰ ਦਾ ਬਿਲਕੁਲ ਧਿਆਨ ਨਹੀਂ ਹੈ। ਪ੍ਰੈਸ ਕਾਨਫਰੰਸ ਦੌਰਾਨ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਭਾਰਤ ਬੰਦ ਨੂੰ ਸਫ਼ਲ ਬਨਾਉਣ ਲਈ ਧਾਰਮਿਕ ਅਤੇ ਸਮਾਜਿਕ ਸਮੂਹ ਜਥੇਬੰਦੀਆਂ ਨੇ ਏਕਤਾ ਦਿਖਾਈ ਅਤੇ ਸਾਰੇ ਇੱਕ ਮੰਚ ’ਤੇ ਇਕੱਠੇ ਹੋਏ ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਦੇ ਕੌਮੀ ਪ੍ਰਧਾਨ ਸੰਤ ਸਰਵਣ ਦਾਸ, ਮਹਾਂਮੰਡਲੇਸ਼ਵਰ ਸੰਤ ਮੰਡਲ ਪੰਜਾਬ ਦੇ ਚੇਅਰਮੈਨ ਸੰਤ ਜਸਵੰਤ ਦਾਸ, ਇਤਿਹਾਸ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਮਹੰਤ ਪ੍ਰਸ਼ੋਤਮ ਦਾਸ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਜਨ. ਸਕੱਤਰ ਸੰਤ ਇੰਦਰ ਦਾਸ ਸ਼ੇਖੇ, ਸਰਬੱਤ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੰਤ ਜਗੀਰ ਸਿੰਘ, ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨ ਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਅਡੀਟਰ ਸੰਤ ਰਾਮ ਰਤਨ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਅਤੇ ਸਮੁੱਚੇ ਸੰਤ ਸਮਾਜ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 13 ਅਪ੍ਰੈਲ ਤੋਂ ਪਹਿਲਾਂ-ਪਹਿਲਾਂ ਮਨੂੰਵਾਦੀ ਸੋਚ ਨੂੰ ਬਦਲ ਕੇ ਐਸ.ਸੀ. ਐਸ.ਟੀ. ਐਕਟ ਨੂੰ ਪਹਿਲਾਂ ਦੀ ਤਰ੍ਹਾਂ ਬਹਾਲ ਨਾ ਕੀਤਾ ਤਾਂ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਨਾਉਣ ਦੀ ਜਗ੍ਹਾ ਸੰਘਰਸ਼ ਦਾ ਐਲਾਨ ਪੂਰੇ ਭਾਰਤ ਵਿਚ ਕੀਤਾ ਜਾਵੇਗਾ ਅਤੇ ਇੱਕ ਖੁਸ਼ਹਾਲ ਰਾਸ਼ਟਰ (ਭਾਰਤ) ਦੀ ਸਥਾਪਨਾ ਕੀਤੀ ਜਾਵੇਗੀ। ਸੰਤ ਹੀਰਾ ਨੇ ਅੱਗੇ ਹੋਰ ਕਿਹਾ ਕਿ 2 ਅਪ੍ਰੈਲ ਦੇ ਬੰਦ ਨੂੰ ਸਾਡੇ ਸਮੁੱਚੇ ਭਾਰਤੀ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਸਨ। ਪ੍ਰੰਤੂ ਮੱਧ-ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਮਨੂੰਵਾਦੀ ਲੋਕਾਂ ਦੀ ਸ਼ਹਿ ’ਤੇ ਸ਼ਰਾਰਤੀ ਅਨਸਰਾਂ ਨੂੰ ਦਾਖ਼ਲ ਕੀਤਾ ਗਿਆ ਅਤੇ ਸ਼ਾਂਤਮਈ ਸੰਘਰਸ਼ ਨੂੰ ਹਿੰਸਕ ਰੂਪ ਵਿਚ ਬਦਲਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦੌਰਾਨ 8 ਸਾਡੇ ਵੀਰ ਸ਼ਹੀਦ ਹੋ ਗਏ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ ਫ੍ਰੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਿਤ ਕੁਮਾਰ ਪਾਲ, ਗੁਰਮੀਤ ਸਿੰਘ ਰੇਲਵੇ, ਅਮਰੀਕ ਸਿੰਘ ਘੁਲਾਲ, ਭਾਈ ਪ੍ਰਗਟ ਸਿੰਘ, ਰਾਮ ਸਿੰਘ, ਤਰਸੇਮ ਬੱਧਣ, ਸੰਤ ਪ੍ਰਮੇਸ਼ਵਰੀ ਦਾਸ ਤੇ ਆਦਿ ਹਾਜ਼ਰ ਸਨ।

# ਪਰਾਏ ਤਾਂ ਪਰਾਏ, ਆਪਣਿਆਂ ਵੀ ਘਟ ਨਹੀਂ ਗੁਜ਼ਾਰੀ



ਜਸਵੰਤ ਸਿੰਘ 'ਅਜੀਤ'
91 9 827-19890

ਦੇਸ਼ ਦੀ ਅਜ਼ਾਦੀ ਵਿੱਚ ਸਿੱਖਾਂ ਦਾ ਜੋ ਯੋਗਦਾਨ, ਆਪਣੀ ਨਿਗੂਣੀ ਜਿਹੀ ਅਬਾਦੀ ਦੇ ਮੁਕਾਬਲੇ ਦੇਸ਼ ਦੀ ਕੁਲ ਅਬਾਦੀ ਦੀਆਂ ਕੁਰਬਾਨੀਆਂ ਤੋਂ ਕਈ ਗੁਣਾ ਵੱਧ ਕੁਰਬਾਨੀਆਂ ਕਰਨ ਦਾ ਰਿਹਾ, ਅਜ਼ਾਦੀ ਤੋਂ ਬਾਅਦ ਉਸਨੂੰ ਪਰਾਇਆ ਨੇ ਤਾਂ ਮਾਨਤਾ ਨਾ ਤਾਂ ਦੇਣੀ ਸੀ ਤੇ ਨਾ ਹੀ ਦਿੱਤੀ। ਪਰ ਅਜ਼ਾਦੀ ਤੋਂ ਬਾਅਦ ਆਪਣਿਆਂ ਨੇ ਵੀ ਪਰਾਇਆਂ ਦੀਆਂ ਪੈੜਾਂ ਦੇ ਚਲਦਿਆਂ ਸਿੱਖਾਂ ਨੂੰ ਦੂਜਿਆਂ ਨਾਲੋਂ ਅਲਗ-ਥਲਗ ਕਰਨ ਤੇ ਨਿਜ ਰਾਜਸੀ ਸੁਆਰਥ ਲਈ ਉਨ੍ਹਾਂ ਨੂੰ ਰੋਲਣ ਵਿੱਚ ਕੋਈ ਕਸਰ ਨਹੀਂ ਛੱਡੀ। ਉਸੇ ਦਾ ਹੀ ਨਤੀਜਾ ਹੋਇਆ ਕਿ ਸਿੱਖ ਅੱਜ ਵੀ ਆਪਣੇ ਹੀ ਦੇਸ਼ ਵਿੱਚ ਬੇਗਾਨਿਆ ਵਾਂਗ ਰੁਲ ਰਹੇ ਹਨ ਅਤੇ ਆਪਣੀ ਹੋਂਦ ਦੀ ਕਾਇਮੀ ਲਈ ਧਰਤੀ ਦੀ ਭਾਲ ਵਿੱਚ ਧੱਕੇ ਖਾ ਰਹੇ ਹਨ। ਉਨ੍ਹਾਂ ਦਾ ਹਰ ਕਦਮ, ਚਾਹੇ ਉਹ ਦੇਸ਼ ਦੇ ਵੱਡੇ ਹਿਤਾਂ ਵਿੱਚ ਹੀ ਕਿਉਂ ਨਾ ਹੋਵੇ ਸ਼ਕ ਦੀਆਂ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ। ਵਿਸ਼ੇਸ਼ ਰੂਪ ਵਿੱਚ ਨੀਲਾ ਤਾਰਾ ਸਾਕੇ ਅਤੇ ਨਵੰਬਰ-84 ਦੀ ਸਿੱਖ ਨਸਲਕੁਸ਼ੀ, ਜੋ ਸਿੱਖ ਇਤਿਹਾਸ ਦੀਆਂ ਅਜਿਹੀਆਂ ਦੁਖਦਾਈ ਘਟਨਾਵਾਂ ਹਨ, ਜਿਨ੍ਹਾਂ ਨੇ ਇੱਕ ਪਾਸੇ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਲੂਹ ਦਿੱਤਾ ਸੀ ਤੇ ਉਨ੍ਹਾਂ ਦੇ ਦਿਲ ਵਿੱਚ ਨਾ ਕੇਵਲ ਆਪਣੇ ਜਾਨ-ਮਾਲ ਦੀ ਸੁਰਖਿਆ ਪ੍ਰਤੀ ਵਿਸ਼ਵਾਸ ਦੀਆਂ ਜੜ੍ਹਾਂ ਵੀ ਹਿਲਾ ਦਿੱਤੀਆਂ, ਸਗੋਂ ਉਨ੍ਹਾਂ ਦੇ ਦਿਲ ਵਿੱਚ ਆਪਣੇ ਧਰਮ ਦੇ ਇਸ ਦੇਸ਼ ਵਿੱਚ ਸੁਰਖਿਅਤ ਹੋਣ ਤੇ ਰਹਿਣ ਪ੍ਰਤੀ ਵੀ ਸ਼ੰਕਾਵਾਂ ਨੂੰ ਜਨਮ ਦੇ ਦਿੱਤਾ। ਇਨ੍ਹਾਂ ਕਾਲਮਾਂ ਵਿੱਚ ਅਰੰਭ ਤੋਂ ਹੁਣ ਤਕ ਦੇ ਵਰਤਾਰੇ ਦੀ ਰੌਸ਼ਨੀ ਵਿੱਚ, ਸਾਰੀ ਸਥਿਤੀ ਦੀ ਸਾਰਥਕ ਸਮੀਖਿਆ ਕਰਨ ਦੀ ਕੌਸ਼ਿਸ਼ ਕੀਤੀ ਗਈ ਹੈ।

ਗਲ ਪਰਾਇਆਂ ਦੀ: ਹਿੰਦੁਸਤਾਨ-ਪਾਕਿਸਤਾਨ ਦੇ ਨਾਂ 'ਤੇ ਹੋਈ ਵੰਡ ਨਾਲ ਆਜ਼ਾਦ ਹੋਏ ਦੇਸ਼ ਦੀ ਸੱਤਾ ਪੁਰ ਬਿਰਾਜਮਾਨ ਹੋਏ ਕਾਂਗ੍ਰਸੀ ਨੇਤਾ ਦੇਸ਼ ਦੀ ਸੱਤਾ ਨੂੰ ਸਦਾ ਲਈ ਆਪਣੇ ਹੀ ਹਥਾਂ ਵਿਚ ਕੇਂਦ੍ਰਿਤ ਰਖਣ ਦੀ ਲਾਲਸਾ ਵਿਚ ਇਤਨੇ ਗ੍ਰਸੇ ਗਏ, ਕਿ ਉਨ੍ਹਾਂ ਨੇ ਸੱਤਾ ਸੰਭਾਲਦਿਆਂ ਹੀ, ਉਨ੍ਹਾਂ ਸਿੱਖਾਂ ਨੂੰ, ਜਰਾਇਮ ਪੇਸ਼ਾ ਕਰਾਰ ਦੇ, ਦੇਸ਼ ਤੇ ਮਨੁਖਤਾ ਦੇ ਦੁਸ਼ਮਣ ਸਥਾਪਤ ਕਰ, ਭਾਰਤੀ-ਸਮਾਜ ਤੋਂ ਅਲਗ-ਥਲਗ ਕਰ ਦੇਣ ਦੀ ਸਾਜ਼ਿਸ਼ ਰਚਣ ਵਿਚ ਕੋਈ ਝਿਝਕ ਜਾਂ ਦੇਰੀ ਨਹੀਂ ਵਿਖਾਈ, ਜਿਨ੍ਹਾਂ ਨੇ ਨਾ ਕਵੇਲ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਸਨ, ਸਗੋਂ ਆਪਣੀ ਕਿਸਮਤ ਭਾਰਤ ਨਾਲ ਜੋੜਨ ਦੇ ਕੀਤੇ ਗਏ ਫੈਸਲੇ ਲਈ ਵੀ ਉਨ੍ਹਾਂ ਨੂੰ ਸਭ ਤੋਂ ਵਧ ਕੀਮਤ ਚੁਕਾਣੀ ਪਈ ਸੀ। ਦੇਸ਼ ਦੀ ਵੰਡ ਨੇ ਅੱਧੀ ਤੋਂ ਕਿਤੇ ਵੱਧ ਸਿੱਖ ਕੌਮ ਨੂੰ ਤਬਾਹ, ਬਰਬਾਦ ਤੇ ਘਰੋਂ ਬੇਘਰ ਕਰਕੇ ਰਖ ਦਿਤਾ ਸੀ। ਉਹ ਆਪਣੀਆਂ ਜਾਨਾਂ ਤੋਂ ਵੀ ਵਧ ਪਿਆਰੇ ਗੁਰਦੁਆਰੇ, ਉਨ੍ਹਾਂ ਨਾਲ ਲਗੀਆਂ ਤੇ ਆਪਣੀਆਂ ਅਰਬਾਂ-ਖਰਬਾਂ ਰੁਪਇਆਂ ਦੀਆਂ ਜ਼ਮੀਨਾਂ-ਜਾਇਦਾਦਾਂ ਅਤੇ ਖ਼ੂਨ-ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਆਦਿ ਛਡ, ਖਾਲੀ ਹਥ ਆਜ਼ਾਦ ਭਾਰਤ ਵਿਚ, ਇਸ ਵਿਸ਼ਵਾਸ ਨਾਲ ਆਏ ਸਨ ਕਿ ਦੇਸ਼ ਦੀ ਆਜ਼ਾਦੀ ਲਈ ਕੀਤੀ ਗਈ, ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਇਗਾ, ਪਰ ਹੋਇਆ ਕੀ? ਇਧਰ, ਅਜ਼ਾਦ ਦੇਸ਼ ਵਿੱਚ ਪੈਰ ਰਖਦਿਆਂ ਹੀ ਉਨ੍ਹਾਂ ਨੂੰ 'ਜਰਾਇਮਪੇਸ਼ਾ' ਦੇ 'ਸਰਟੀਫਿਕੇਟ' ਨਾਲ ਨਿਵਾਜ ਦਿਤਾ ਗਿਆ।

ਇਉਂ ਜਾਪਦਾ ਹੈ ਜਿਵੇਂ ਇਹ ਸਭ-ਕੁਝ ਇਕ ਗਿਣੀ-ਮਿਥੀ ਸਾਜ਼ਸ਼ ਅਧੀਨ ਕੀਤਾ ਗਿਆ, ਜਿਸਦਾ ਉਦੇਸ਼ ਸ਼ਾਇਦ ਇਹੀ ਸੀ ਕਿ ਆਜ਼ਾਦੀ ਦੀ ਲੜਾਈ ਦੌਰਾਨ ਸਿੱਖਾਂ ਵਲੋਂ ਵਿਖਾਏ ਗਏ ਹੌਸਲੇ ਤੇ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਵੇਖਦਿਆਂ, ਆਜ਼ਾਦੀ ਤੋਂ ਬਾਅਦ ਉਨ੍ਹਾਂ ਦੇ ਸਨਮਾਨ ਨੂੰ ਕਾਇਮ ਰਖਣ ਦੇ ਜੋ ਵਾਇਦੇ ਉਨ੍ਹਾਂ ਦੇ ਨਾਲ ਕਾਂਗ੍ਰਸ ਦੇ ਜ਼ਿਮੇਂਦਾਰ ਆਗੂਆਂ ਵਲੋਂ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਿਆਂ ਕਰਨ ਲਈ, ਉਨ੍ਹਾਂ ਪੁਰ ਦਬਾਉ ਨਾ ਬਣਾਇਆ ਜਾ ਸਕੇ।

ਦੇਸ਼ ਦੀ ਇਜ਼ਤ : ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿੱਚ ਸਿੱਖਾਂ ਦੀ ਭੂਮਿਕਾ, ਜਿਸਨੂੰ ਇਤਿਹਾਸ ਦੇ ਪੰਨਿਆਂ ਵਿਚੋਂ ਗਾਇਬ ਕਰ ਦਿੱਤਾ ਗਿਆ ਹੈ, ਪ੍ਰੰਤੂ, ਜਿਸ ਬਾਰੇ ਮੂਲ ਇਤਿਹਾਸ ਗੁਆਹ ਹੈ ਕਿ ਦੇਸ਼ ਦੀ ਅਜ਼ਾਦੀ ਦੀ ਲੜੀ ਜਾ ਰਹੀ ਲੜਾਈ ਦੌਰਾਨ, ਜਦੋਂ ਕਦੀ ਵੀ ਦੇਸ਼ ਅਤੇ ਕਾਂਗਰਸ ਦੀ ਇਜ਼ਤ ਦਾਅ ਤੇ ਲਗੀ, ਉਸ ਸਮੇਂ ਸਿੱਖ ਹੀ ਉਨ੍ਹਾਂ ਦੀ ਇਜ਼ਤ ਬਚਾਣ ਲਈ ਅਗੇ ਆਏ। ਇਸ ਸੰਬੰਧ ਵਿਚ ਇਥੇ ਇਕ ਘਟਨਾ ਦਾ ਜ਼ਿਕਰ ਕਰਨਾ ਕੁਥਾਉਂ ਨਹੀਂ ਹੋਵੇਗਾ। ਇਕ ਵਾਰ ਬੰਬਈ (ਹੁਣ ਮੁੰਬਈ) ਵਿਖੇ ਕਾਂਗ੍ਰਸ ਦੇ ਹੋਣ ਵਾਲੇ ਜਲਸੇ ਤੇ ਸਰਕਾਰ ਵਲੋਂ ਪਾਬੰਦੀ ਲਾ ਦਿਤੀ ਗਈ ਅਤੇ ਜਲਸੇ ਵਾਲੀ ਥਾਂ ਨੂੰ ਪੁਲਿਸ ਨੇ ਅਪਣੇ ਘੇਰੇ ਵਿਚ ਲੈ ਲਿਆ। ਕੋਈ ਵੀ ਕਾਂਗ੍ਰਸੀ ਨੇਤਾ ਜਾਂ ਵਰਕਰ ਇਸ ਪਾਬੰਦੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਪਾ ਰਿਹਾ। ਉਸ ਸਮੇਂ ਸਿੱਖਾਂ ਦੇ ਇਕ ਜਥੇ ਨੇ, ਜ. ਪ੍ਰਤਾਪ ਸਿੰਘ ਦੀ ਅਗਵਾਈ ਵਿਚ ਮੈਦਾਨ 'ਚ ਨਿਤਰ, ਅਨੇਕਾਂ ਰੋਕਾਂ ਦੇ ਬਾਵਜੂਦ ਜਲਸੇ ਵਾਲੀ ਥਾਂ ਤੇ ਪੁਜ ਕਾਂਗ੍ਰਸ ਤੇ ਦੇਸ਼ ਦੀ ਇਜ਼ਤ ਬਚਾ ਲਈ।

ਕਸ਼ਮੀਰ ਬਨਾਮ ਸਿੱਖ : ਇਤਿਹਾਸ ਵਿੱਚ ਇਹ ਵੀ ਦਸਿਆ ਗਿਆ ਹੈ ਕਿ ਅੱਜ ਜੰਮੂ-ਕਸ਼ਮੀਰ ਦਾ ਜੋ ਹਿਸਾ ਭਾਰਤ ਦਾ ਅੰਗ ਬਣਿਆ ਹੋਇਆ ਹੈ, ਉਹ ਵੀ ਸਿੱਖ ਫੌਜੀਆਂ ਦੀ ਬਦੌਲਤ ਹੀ ਬਚਿਆ ਹੈ। ਮੰਨਿਆ ਜਾਂਦਾ ਹੈ ਕਿ ਜਦੋਂ ਪਾਕਿਸਤਾਨੀ ਫੌਜਾਂ ਕਸ਼ਮੀਰ ਪੁਰ ਹਮਲਾ ਕਰ, ਰਿਆਸਤ ਦੀਆਂ ਫੌਜਾਂ ਨੂੰ ਪਿਛੇ ਧਕਦੀਆਂ ਲਗਾਤਾਰ ਅਗੇ ਵਦਧੀਆਂ ਚਲੀਆਂ ਆ ਰਹੀਆਂ ਸਨ, ਉਸ ਸਮੇਂ ਉਨ੍ਹਾਂ ਨੂੰ ਠਲ੍ਹਣ ਲਈ ਉਥੇ ਪਟਿਆਲਾ ਰਿਆਸਤ ਦੀ ਸਿੱਖ ਫੋਜੀਆਂ ਦੀ ਟੁਕੜੀ ਭੇਜੀ ਗਈ। ਸਿੱਖ ਫੌਜੀਆਂ ਨੇ ਉਥੇ ਪੁਜਦਿਆਂ ਹੀ ਮੋਰਚਾ ਸੰਭਾਲ, ਨਾ ਕੇਵਲ ਅਗੇ ਵਧਦੀ ਚਲੀ ਆ ਰਹੀ ਪਾਕਿਸਤਾਨੀ ਫੌਜ ਨੂੰ ਅੱਗੇ ਵਧਣ ਤੋਂ ਰੋਕਿਆ, ਸਗੋਂ ਉਸਨੂੰ ਪਿਛਾਂਹ ਧਕਣਾ ਵੀ ਸ਼ੁਰੂ ਕਰ ਦਿੱਤਾ। ਸਿੱਖ ਫੌਜੀ ਤਾਂ ਉਸ ਹਿਸੇ ਨੂੰ ਵੀ ਪਾਕਿਸਤਾਨੀ ਫੌਜ ਪਾਸੋਂ ਵਾਪਸ ਲੈਣ ਲਈ ਤਿਆਰ ਸਨ, ਜਿਸ ਪੁਰ ਪਾਕਿਸਤਾਨ ਨੇ ਕਬਜ਼ਾ ਕਰ ਲਿਆ ਹੋਇਆ ਸੀ ਅਤੇ ਜੋ ਅਜ ਵੀ ਪਾਕਿਸਤਾਨੀ ਕਬਜ਼ੇ ਵਿਚ ਹੋਣ ਕਾਰਣ ਭਾਰਤ ਲਈ ਕਦੀ ਵੀ ਦੂਰ ਨਾ ਹੋ ਸਕਣ ਵਾਲਾ ਸਿਰ ਦਰਦ ਬਣਿਆ ਚਲਿਆ ਆ ਰਿਹਾ ਹੈ।

ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ, ਸਿੱਖ ਫੌਜੀਆਂ ਨੂੰ ਅਗੇ ਵਧਣ ਤੋਂ ਰੋਕ, ਮਾਮਲਾ ਯੂ ਐਨ ਓ ਵਿਚ ਲੈ ਗਏ, ਜਿਸ ਨਾਲ ਇਹ ਮਾਮਲਾ ਅਜਿਹਾ ਉਲਝਿਆ ਕਿ ਅਜੇ ਤਕ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਭਾਰਤ ਉਸ ਉਲਝਣ ਵਿਚੋਂ ਨਿਕਲਣ ਲਈ ਲਗਾਤਾਰ ਜਾਨ-ਮਾਲ ਦੀ ਭਾਰੀ ਕੀਮਤ ਚੁਕਾਂਦਾ ਅਤੇ ਹਥ-ਪੈਰ ਮਾਰਦਾ ਚਲਿਆ ਆ ਰਿਹਾ ਹੈ।

ਦੇਸ਼ ਦੀ ਏਕਤਾ ਬਨਾਮ ਭਾਰਤੀ ਰਿਆਸਤਾਂ : ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਲਈ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਦਾ ਜੋ ਸਿਹਰਾ ਸਰਦਾਰ ਪਟੇਲ ਦੇ ਸਿਰ ਬੰਨ੍ਹਿਆ ਜਾਂਦਾ ਚਲਿਆ ਆ ਰਿਹਾ ਹੈ, ਉਸ ਸੰਬੰਧੀ ਸੱਚਾਈ ਇਹ ਹੈ ਕਿ ਅੰਗ੍ਰੇਜ਼ਾਂ ਨੇ ਬੜੀ ਸ਼ਾਤਰਾਨਾ ਚਾਲ ਚਲਦਿਆਂ ਦੇਸ਼ ਦੀ ਆਜ਼ਾਦੀ ਦੇ ਨਾਲ ਜਿਥੇ ਉਸਦੀ ਹਿੰਦੁਸਤਾਨ ਤੇ ਪਾਕਿਸਤਾਨ ਦੇ ਰੂਪ ਵਿੱਚ ਵੰਡ ਕੀਤੀ, ਉਥੇ ਹੀ ਉਸਨੇ ਦੇਸ਼ ਦੀਆਂ ਛੋਟੀਆਂ-ਵੱਡੀਆਂ ਰਿਆਸਤਾਂ, ਜਿਨ੍ਹਾਂ ਦੀ ਗਿਣਤੀ ਤਿੰਨ ਸੌ ਤੋਂ ਵੀ ਕਿਤੇ ਵੱਧ ਸੀ, ਨੂੰ ਵੀ ਇਹ ਅਜ਼ਾਦੀ ਦੇ ਦਿੱਤੀ ਕਿ, ਜੇ ਉਹ ਚਾਹੁਣ ਤਾਂ ਆਪਣੀ ਆਜ਼ਾਦ ਹੋਂਦ ਨੂੰ ਕਾਇਮ ਰਖ ਸਕਦੀਆਂ ਹਨ, ਜਾਂ ਪਾਕਿਸਤਾਨ-ਹਿੰਦੁਸਤਾਨ, ਦੋਹਾਂ ਵਿਚੋਂ ਕਿਸੇ ਨਾਲ ਆਪਣਾ ਨਾਤਾ ਜੋੜ ਸਕਦੀਆਂ ਹਨ।

ਜਿਸਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਰਿਆਸਤਾਂ ਦੇ ਸਰਬਰਾਹ ਕਿਸੇ ਵੀ ਕੀਮਤ ਤੇ ਆਪਣੀਆਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰ, ਉਨ੍ਹਾਂ ਦੀ ਹੋਂਦ ਖਤਮ ਕਰਨ ਲਈ ਤਿਆਰ ਨਹੀਂ ਸੀ ਹੋ ਰਹੇ, ਕਿਉਂਕਿ ਸਰਦਾਰ ਪਟੇਲ ਉਨ੍ਹਾਂ ਵਲੋਂ ਪ੍ਰਗਟ ਕੀਤੀਆਂ ਜਾ ਰਹੀਆਂ ਸ਼ੰਕਾਵਾਂ ਨੂੰ ਦੂਰ ਨਹੀਂ ਕਰ ਪਾ ਰਹੇ ਸਨ। ਇਸ ਪਖੋਂ ਗ੍ਰਹਿ ਮੰਤਰੀ ਸਰਦਾਰ ਵਲਭ ਭਾਈ ਪਟੇਲ ਹੀ ਨਹੀਂ, ਸਗੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੀ ਨਿਰਾਸ਼ ਹੋ ਚੁਕੇ ਸਨ। ਅਜਿਹੇ ਸਮੇਂ 'ਤੇ ਪਟਿਆਲਾ ਰਿਆਸਤ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਅਗੇ ਆ ਉਨ੍ਹਾਂ ਦੀ ਮਦਦ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਆਪ, ਆਪਣੀ ਰਿਆਸਤ ਪਟਿਆਲਾ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਫਿਰ ਉਨ੍ਹਾਂ ਦੂਜੇ, ਆਪਣੇ ਪ੍ਰਭਾਵ ਹੇਠਲੇ ਰਾਜਿਆਂ ਨੂੰ ਭਾਰਤੀ ਸੰਘ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਉਨ੍ਹਾਂ ਦੀ ਪ੍ਰੇਰਨਾ ਸਦਕਾ ਕਈ ਰਾਜੇ ਆਪਣੀਆਂ ਰਿਆਸਤਾਂ ਭਾਰਤੀ ਸੰਘ ਵਿਚ ਸ਼ਾਮਲ ਕਰਨ ਲਈ ਤਿਆਰ ਹੋ ਸਕੇ। ਹੈਦਰਾਬਾਦ ਤੇ ਜੂਨਾਗੜ੍ਹ ਰਿਆਸਤਾਂ ਦੇ ਨਵਾਬਾਂ ਨੇ ਪਾਕਿਸਤਾਨ ਨਾਲ ਆਪਣਾ ਭਵਿਖ ਜੋੜਨ ਦਾ ਐਲਾਨ ਕਰ ਦਿਤਾ। ਇਨ੍ਹਾਂ ਦੋਹਾਂ ਰਿਆਸਤਾਂ ਦੀਆਂ ਫੌਜਾਂ ਪਾਸੋਂ ਹਥਿਆਰ ਸੁਟਾ, ਇਨ੍ਹਾਂ ਦੇ ਨਵਾਬਾਂ ਨੂੰ ਭਾਰਤ ਵਿਚ ਸ਼ਾਮਲ ਹੋਣ ਤੇ ਮਜਬੂਰ ਕਰਨ ਵਿਚ ਵੀ ਸਿੱਖ ਫੌਜੀ ਟੁਕੜੀਆਂ ਦੀ ਹੀ ਮੁਖ ਭੂਮਿਕਾ ਰਹੀ ਸੀ।

ਇਸਦਾ ਮਿਲਿਆ 'ਇਨਾਮ' : ਅੱਜ ਵੀ ਸਿੱਖਾਂ ਨੂੰ ਇਹ ਸ਼ਿਕਵਾ ਹੈ ਕਿ ਉਨ੍ਹਾਂ ਨੇ ਇਸ ਦੇਸ਼ ਲਈ ਕੀ ਕੁਝ ਨਹੀਂ ਕੀਤਾ? ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਤੋਂ ਬਾਅਦ ਮਿਲੇ 'ਜਰਾਇਮਪੇਸ਼ਾ' ਦੇ ਇਨਾਮ ਦੇ ਬਾਵਜੂਦ ਦੁਸ਼ਮਣਾਂ ਪਾਸੋਂ ਦੇਸ਼ ਦੀਆਂ ਸਰਹਦਾਂ ਦੀ ਰਖਿਆ ਲਈ ਵੀ ਸਭ ਤੋਂ ਵਧ ਕੁਰਬਾਨੀਆਂ ਉਨ੍ਹਾਂ ਦਿੱਤੀਆਂ। ਦੇਸ਼ ਲਈ ਇਤਨੀਆਂ ਕੁਰਬਾਨੀਆਂ ਕਰਨ ਬਦਲੇ ਵਿੱਚ ਉਨ੍ਹਾਂ ਨੂੰ ਮਿਲਿਆ ਕੀ? 'ਜਰਾਇਮਪੇਸ਼ਾ' ਹੋਣ ਦਾ 'ਸਰਟੀਫਿਕੇਟ'! ਦੇਸ਼ ਦੇ ਕਰਣਧਾਰਾਂ ਨੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਇਨਸਾਫ ਕਰਨਾ ਵੀ ਉਨ੍ਹਾਂ ਨੂੰ ਗਵਾਰਾ ਨਹੀਂ ਹੋਇਆ।

ਅਤੇ ਅੰਤ ਵਿੱਚ : ਉਸ ਪੰਜਾਬ ਵਿਚ, ਜੋ ਕਦੀ ਗੁਰਾਂ ਦੇ ਨਾਂ ਤੇ ਜੀਂਦਾ ਸੀ ਤੇ ਜਿਥੇ ਸਦਾ ਹੀ ਪਿਆਰ ਤੇ ਆਪਸੀ ਸਾਂਝ ਦੇ ਗੀਤ ਗੂੰਜਦੇ ਸਨ, ਵੈਰ ਤੇ ਨਫਰਤ ਦੇ ਬੀਜ ਬੀਜੇ ਜਾਣ ਲਗੇ। ਗੁਆਂਢੀ, ਗੁਆਂਢੀ ਨੂੰ ਸ਼ਕ ਦੀਆਂ ਨਜ਼ਰਾਂ ਨਾਲ ਵੇਖਣ ਲਗਾ। ਸਿੱਖਾਂ ਨੂੰ ਬੇਗੁਨਾਹਾਂ ਦੇ ਕਾਤਲ ਠਹਿਰਾ, ਪੂਰੇ ਵਿਸ਼ਵ ਵਿੱਚ ਬਦਨਾਮ ਕਰ ਅਲਗ-ਥਲਗ ਕਰ ਦਿੱਤਾ ਗਿਆ। ਨੀਲਾ ਤਾਰੇ ਸਾਕੇ (ਸ੍ਰੀ ਦਰਬਾਰ ਸਾਹਿਬ ਪੁਰ ਫੋਜਾਂ ਚਾੜ੍ਹ ਅਕਾਲ ਤਖਤ ਢਾਹ ਢੇਰੀ ਅਤੇ ਪਿਆਰ ਤੇ ਸਦਭਾਵਨਾ ਦੇ ਸੋਮੇਂ ਦਰਬਾਰ ਸਾਹਿਬ ਦੀਆਂ ਦੀਵਾਰਾਂ ਨੂੰ ਗੋਲੀਆਂ ਨਾਲ ਛਲਨੀ ਕਰ) ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਬੁਰੀ ਤਰ੍ਹਾਂ ਲੂਹਿਆ ਗਿਆ। ਇਤਨਾ ਹੀ ਨਹੀਂ ਇਸਦੇ ਛੇ ਮਹੀਨਿਆਂ ਬਾਅਦ ਹੀ ਇੰਦਰਾ ਗਾਂਧੀ (ਸਮੇਂ ਦੀ ਪ੍ਰਧਾਨ ਮੰਤਰੀ) ਦੇ ਹੋਏ ਕਤਲ ਤੋਂ ਬਾਅਦ ਸਾਰੇ ਦੇਸ਼ ਵਿੱਚ ਬੇਗੁਨਾਹ ਸਿੱਖਾਂ ਪੁਰ ਜਿਸ ਤਰ੍ਹਾਂ ਕਹਿਰ ਬਰਪਾਇਆ ਗਿਆ। ਸਿੱਖਾਂ ਨਾਲ ਇਹ ਕੁਝ ਸੰਸਾਰ ਭਰ ਦੇ ਲੋਕਾਂ ਨੇ ਵੇਖਿਆ ਅਤੇ ਸੁਣਿਆ। ਪ੍ਰੰਤੂ ਸੰਸਾਰ ਦੇ ਕਿਸੇ ਇੱਕ ਵੀ ਕੋਨੇ ਤੋਂ ਸਿੱਖਾਂ ਪ੍ਰਤੀ ਹਮਦਰਦੀ ਦੇ ਦੋ ਸ਼ਬਦ ਤਕ ਸੁਣਨ ਨੂੰ ਨਹੀਂ ਮਿਲੇ।

# ਮਤ ਸਹਿਲ ਹਮੇ ਜਾਣੋ, ਫਿਰਤਾ ਹੈ ਫ਼ਲਕ ਬਰਸੋਂ, ਤਬ ਖਾਕ ਕੇ ਪਰਦੇ ਸੇ ਇਨਸਾਨ ਨਿਕਲਤੇ ਹੈਂ

ਹਰਬੀਰ ਕੌਰ ਬੰਨੂਆਣਾ
9417434085

ਪਾਕਿਸਤਾਨ ਬਣਨ ਤੋਂ ਪਹਿਲਾਂ ਭਾਈ ਬੰਨੋ ਜਿਹੜੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਹੁਤ ਨੇੜਲੇ ਸੇਵਕ ਸਨ ਅਤੇ ਜਿਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨਵਾਉਣ ਲਈ ਲਾਹੌਰ ਭੇਜਿਆ ਸੀ। ਇਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਵੀ ਬੰਨਵਾਈ ਤੇ ਇਸਦਾ ਉਤਾਰਾ ਵੀ ਕੀਤਾ, ਜਿਸ ਕਰਕੇ ਗੁਜਰਾਂਵਾਲਾ ਦੇ ਇਲਾਕੇ ਵਿੱਚ ਭਾਈ ਬੰਨੋ ਦੀ ਬੜੀ ਸਿੱਖੀ ਸੇਵਕੀ ਸੀ। ਸ. ਬਨੂੰਆਣਾ ਜੀ ਭਾਈ ਬੰਨੋ ਦੀ ਵੰਸ਼ ਵਿਚੋਂ ਸਨ ਅਤੇ ਉਹਨਾਂ ਦੇ ਗੱਦੀ ਨਾਸ਼ੀਨ ਵੀ।

ਪਾਕਿਸਤਾਨ ਬਣਨ ਤੋਂ ਬਾਅਦ ਹਾਲਾਤ ਨੇ ਪਲਟਾ ਖਾਧਾ ਤੇ ਕੋਇਲੇ ਦੀ ਭੱਠੀ ਤੋਂ ਆਪਣੇ ਕੰਮ ਦੀ ਸ਼ੁਰੂਆਤ ਕਰਕੇ ਭੁਜੰਗੀ ਸਭਾ ਜੋ ਕਿ ਸ਼੍ਰੋਮਣੀ ਅਕਾਲੀ ਦਲ ਨੇ ਬਣਾਈ ਸੀ ਵਿੱਚ ਸੇਵਾ ਕੀਤੀ। ਇਸਤੋਂ ਬਾਅਦ ਬੀ ਖਾਲਸਾ ਦਲ ਜਿਸਦੇ ਪ੍ਰਧਾਨ ਪ੍ਰਿੰਸੀਪਲ ਇਕਬਾਲ ਸਿੰਘ ਜੀ ਸਨ ਤੇ ਬਨੂੰਆਣਾ ਜੀ ਉਸਦੇ ਜਨਰਲ ਸੈਕਟਰੀ ਸੀ। ਮਾਸਟਰ ਤਾਰਾ ਸਿੰਘ ਜੀ ਨੇ ਇਹਨਾਂ ਦੀ ਵਿਦਵਤਾ ਅਤੇ ਕੰਮ ਤੋਂ ਪ੍ਰਭਾਵਿਤ ਹੋ ਕੇ ਆਪਣਾ ਨਿੱਜੀ ਸਕੱਤਰ ਬਣਾ ਲਿਆ। ਬੰਨੂਆਣਾ ਜੀ ਗੁਰਦਵਾਰਾ ਸਿੰਘ ਸਭਾ ਅੱਡਾ ਹੁਸ਼ਿਆਰਪੁਰ, ਜਲੰਧਰ ਦੇ ਜਨਰਲ ਸੈਕਟਰੀ ਰਹੇ। ਇਸ ਗੁਰਦਵਾਰੇ ਤੋਂ ਹੀ ਪੰਜਾਬੀ ਸੂਬੇ ਮੋਰਚੇ ਵਿੱਚ ਦਫ਼ਾ 44 ਤੋੜਣ ਕਰਕੇ ਕੈਦ ਹੋਏ। ਦੂਜੇ ਮੋਰਚੇ ਵਿੱਚ ਇਹ ਬਜ਼ਾਰ ਸ਼ੇਖਾਂ ਦੇ ਗੁਰਦਵਾਰੇ ਵਿਚੋਂ ਦਫਾ 44 ਤੋੜਦੇ ਹੋਏ ਗ੍ਰਿਫ਼ਤਾਰ ਹੋਏ। ਇਸ ਦੌਰਾਨ ਹੀ ਜਥੇਦਾਰ ਸੰਪੂਰਨ ਸਿੰਘ ਰਾਮਾ ਨੇ ਮਾਸਟਰ ਤਾਰਾ ਸਿੰਘ ਦੇ ਨਾਲ ਇਤਕਲਾਫ਼ ਦੀ ਵਜ੍ਹਾ ਕਰਕੇ ਆਪਣਾ ਨਵਾਂ ਅਕਾਲੀ ਦਲ ਬਣਾ ਲਿਆ। ਪੈਪਸੂ ਪਟਿਆਲਾ ਨੇ ਇਸ ਦਲ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਉਸ ਵਕਤ ਬੰਨੂਆਣਾ ਜੀ ਜਥੇਦਾਰ ਰਾਮਾ ਦਾ ਅਖਬਾਰ ਜਗਤ ਸਿੰਘ ਪਲਾਹੀ ਨਾਲ ਮਿਲ ਕੇ ਪਲਾਹੀ ਤੋਂ ਛਾਪਦੇ ਰਹੇ। ਇਹਨਾਂ ਦੀਆਂ ਲਿਖਤਾਂ ਪੰਜਾਬੀ ਦੇ ਸਾਰੇ ਅਖ਼ਬਾਰ ਪ੍ਰਭਾਤ, ਅਕਾਲੀ ਪੱਤ੍ਰਿਕਾ, ਅਜੀਤ, ਨਵਾਂ ਜ਼ਮਾਨਾ ਆਦਿ ਵਿੱਚ ਛਪਦੇ ਸਨ।

ਰੋਜੀ ਰੋਟੀ ਕਮਾਉਣ ਲਈ ਇਹ ਯੂਨੀਵਰਸਲ ਕਾਲਜ ਵਿੱਚ ਗਿਆਨੀ ਦੀ ਕਲਾਸ ਨੂੰ ਪੜ੍ਹਉਂਦੇ ਸੀ। ਸਾਧੂ ਸਿੰਘ ਹਮਦਰਦ ਇਹਨਾਂ ਨੂੰ ਅਜੀਤ ਅਖ਼ਬਾਰ ਵਿੱਚ ਲੈ ਗਏ। ਪਰ ਇਹਨਾਂ ਨੇ ਜਲਦੀ ਹੀ ਅਜੀਤ ਦੀ ਨੌਕਰੀ ਛੱਡ ਦਿੱਤੀ। ਜਦੋਂ ਕਾਰਣ ਪੁੱਛਿਆ ਤਾਂ ਉਹਨਾਂ ਦਾ ਜੁਆਬ ਸੀ,"ਦੋਸਤੀ ਤੇ ਨੌਕਰੀ ਇਕੱਠੀਆਂ ਨਹੀਂ ਰਹਿ ਸਕਦੀਆਂ। ਮੈਂ ਦੋਸਤੀ ਤੋਂ ਨੌਕਰੀ ਤਾਂ ਕੁਰਬਾਨ ਕਰ ਸਕਦਾ ਹਾਂ ਪਰ ਨੌਕਰੀ ਦੀ ਖਾਤਰ ਦੋਸਤੀ ਦੀ ਬਲੀ ਨਹੀਂ ਦੇ ਸਕਦਾ"। ਅਜੀਤ ਤੋਂ ਬਾਅਦ ਉਹ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਕੰਮ ਕਰਨ ਲੱਗੇ। ਸੁਰਜਨ ਜੀਰਵੀ, ਕ੍ਰਿਸ਼ਨ ਭਾਰਦਵਾਜ ਅਤੇ ਬੰਨੂਆਣਾ ਜੀ ਨਵਾਂ ਜ਼ਮਾਨਾ ਅਖ਼ਬਾਰ ਦੇ ਥੰਮ ਮੰਨੇ ਜਾਂਦੇ ਸਨ। ਉਸ ਸਮੇਂ ਇਹ ਕਮਿਊਨਿਸਟ ਪਾਰਟੀ ਦਾ ਅਖ਼ਬਾਰ ਸੀ ਅਤੇ ਇਸਦਾ ਐਡੀਟੋਰੀਅਲ ਕਾ. ਜੋਸ਼, ਕਾ. ਮਲਹੋਤਰਾ ਅਤੇ ਕਾ. ਆਨੰਦ ਲਿਖਦੇ ਸਨ। ਪਾਰਟੀ ਦੇ ਪੇਪਰ ਛੱਡਣ ਤੋਂ ਬਾਅਦ 'ਨਵਾਂ ਜ਼ਮਾਨਾ' ਅਖ਼ਬਾਰ ਦਾ ਐਡੀਟੋਰੀਅਲ ਬੰਨੂਆਣਾ ਜੀ ਨੇ ਲਿਖਣਾ ਸ਼ੁਰੂ ਕਰ ਦਿੱਤਾ। ਉਹ ਸਿਰਫ਼ ਪੱਤਰਕਾਰ ਹੀ ਨਹੀਂ ਸੀ ਸਗੋਂ ਪ੍ਰੈਸ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਪੱਤਰਕਾਰ ਯੂਨੀਅਨਾਂ ਵਿੱਚ ਕੰਮ ਕਰਦੇ ਸੀ ਅਤੇ ਵੱਖ ਵੱਖ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਲਾਮਬੰਦ ਕਰਨ ਲਈ ਤਤਪਰ ਰਹਿੰਦੇ ਸਨ। ਮੈਂ ਉਸ ਵਕਤ ਟੈਲੀਕਾਮ ਮਹਿਕਮੇ ਵਿੱਚ ਨੌਕਰੀ ਕਰਦੀ ਸੀ ਅਤੇ ਉਹਨਾਂ ਦੀ ਪ੍ਰੇਰਣਾ ਨਾਲ ਹੀ ਮੈਂ ਟਰੇਡ ਯੂਨੀਅਨ ਵਿੱਚ ਆਈ ਸੀ।

ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਸੈਂਟਰ ਲੱਧੇਵਾਲੀ ਵਿੱਚ ਸ੍ਰੀਮਤੀ ਸ. ਸ. ਮੀਸ਼ਾ ਦੀ ਮੱਦਦ ਨਾਲ ਪੱਤਰਕਾਰੀ ਵਿਭਾਗ ਸ਼ੁਰੂ ਕਰਵਾਇਆ। ਜੋ ਹੁਣ ਤਕਰੀਬਨ ਸਾਰੇ ਕਾਲਜਾਂ ਵਿੱਚ ਚੱਲ ਰਿਹਾ ਹੈ।

ਆਪਣਾ ਕੰਮ ਉਹਨਾਂ ਨੂੰ ਆਪਣੀ ਜ਼ਿੰਦਗੀ ਤੋਂ ਜਿਆਦਾ ਪਿਆਰਾ ਸੀ। ਪੰਜਾਬ ਦੇ ਕਾਲੇ ਦੌਰ ਵਿੱਚ ਪੰਜਾਬ ਦੇ ਡੀ.ਜੀ.ਪੀ. ਰਬੈਰੋ ਦੇ ਖਿਲਾਫ਼ ਇਹਨਾਂ ਦੇ ਲਿਖੇ ਇੱਕ ਲੇਖ ਦੀ ਲਾਈਨ ਸੰਪਾਦਕ ਨੇ ਕੱਟ ਦਿੱਤੀ। ਜਦੋਂ ਅਗਲੇ ਦਿਨ ਛਪਿਆ ਆਰਟੀਕਲ ਪੜ੍ਹਿਆਂ ਤਾਂ ਰੋਜ਼ੀ ਰੋਟੀ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਵਿਚਾਰਾਂ 'ਤੇ ਪਹਿਰਾ ਦਿੰਦਿਆਂ ਅਖ਼ਬਾਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹਨਾਂ ਕਦੇ ਜਨਰਲਿਸਟ ਹੋਣ ਦਾ ਨਜਾਇਜ ਫਾਇਦਾ ਲੈਣ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਬੰਨੂਆਣਾ ਜੀ ਦੇ ਸਿਆਸੀ ਵਿਚਾਰ ਕਦੇ ਵੀ ਸਮਾਜਿਕ ਰਿਸ਼ਤਿਆਂ ਵਿੱਚ ਰੁਕਾਵਟ ਨਹੀਂ ਬਣੇ, ਇਸੇ ਕਰਕੇ ਵੱਖ ਵੱਖ ਪਾਰਟੀਆਂ ਦੇ ਰਾਜਨੀਤਕਾਂ ਨਾਲ ਉਹਨਾਂ ਦਾ ਵਧੀਆ ਮੇਲ ਮਿਲਾਪ ਸੀ ਤੇ ਉਹ ਸਭ ਨਾਲ ਵਿਚਾਰ ਵਟਾਂਦਰਾ ਕਰਦੇ ਸਨ।

ਨਵਾਂ ਜ਼ਮਾਨਾ ਛੱਡਣ ਤੋਂ ਬਾਅਦ ਉਹਨਾਂ ਨੇ ਆਪਣਾ ਸਾਰਾ ਧਿਆਨ ਦੇਸ਼ ਭਗਤ ਯਾਦਗਾਰ ਹਾਲ ਵਿੱਚ ਇਤਿਹਾਸ ਦੀ ਖੋਜ ਵਿੱਚ ਲਗਾ ਦਿੱਤਾ। ਸਭ ਤੋਂ ਪਹਿਲਾਂ ਇਹਨਾਂ ਨੇ 'ਗ਼ਦਰੀ ਗੂੰਜਾਂ' ਛਾਪੀਆ। ਉਹ ਲਾਲਾ ਹਰਦਿਆਲ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਿਤ ਸਨ। ਲਾਲਾ ਹਰਦਿਆਲ ਨੇ ਜਾਤ ਪਾਤ, ਬ੍ਰਾਹਮਣਵਾਦ ਅਤੇ ਔਰਤਾਂ ਬਾਰੇ ਜੋ ਲੇਖ ਲਿਖੇ ਉਹ ਸਾਰੇ ਲੇਖ ਬੰਨੂਆਣਾ ਜੀ ਨੇ 'ਨਵੇਂ ਜ਼ਮਾਨੇ ਦੇ ਨਵੇਂ ਆਦਰਸ਼' ਨਾਂ ਦੀ ਕਿਤਾਬ ਦੇ ਰੂਪ ਵਿੱਚ ਛਪਵਾਏ। ਉਹਨਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮਦਨ ਲਾਲ ਢੀਂਗਰਾ ਦੀ ਬਰਸੀ ਮਨਾਈ ਅਤੇ ਉਸ ਬਾਰੇ ਇਕ ਪੈਂਫਲਿਟ ਵੀ ਲਿਖਿਆ। ਜਦੋਂ ਸਰਕਾਰ ਨੇ ਕਾਮਾਗਾਟਾਮਾਰੂ ਲਹਿਰ ਨੂੰ ਆਜ਼ਾਦੀ ਲਹਿਰ ਦਾ ਹਿੱਸਾ ਮੰਨਣ ਤੋਂ ਇਨਕਾਰ ਕੀਤਾ ਤਾਂ ਇਹਨਾਂ ਨੇ ਇਕ ਪੈਂਫਲਿਟ 'ਇਤਿਹਾਸ ਬੋਲਦਾ' ਹੈ ਲਿਖਿਆ, ਜਿਸ ਨੂੰ ਪੜ੍ਹ ਕੇ ਲੋਕਾਂ ਵਿੱਚ ਰੋਹ ਪੈਦਾ ਹੋਇਆ ਅਤੇ ਕਾ. ਡਾਂਗ ਦੀ ਅਗਵਾਈ ਵਿੱਚ ਅੰਮ੍ਰਿਤਸਰ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਬਾਜਪਾਈ ਅਤੇ ਅਡਵਾਨੀ ਦੇ ਆਉਣ 'ਤੇ ਮੁਜਾਹਰਾ ਕੀਤਾ ਤਾਂ ਬੰਨੂਆਣਾ ਜੀ ਖਾਸ ਤੌਰ 'ਤੇ ਚੰਡੀਗੜ੍ਹ ਤੋਂ ਮੁਜ਼ਾਹਰੇ ਵਿੱਚ ਸ਼ਾਮਿਲ ਹੋਣ ਲਈ ਆਏ ਅਤੇ ਆਪਣੀ ਗ੍ਰਿਫ਼ਤਾਰੀ ਵੀ ਦਿੱਤੀ।



ਇਹਨਾਂ ਨੇ ਕਾ. ਐਨ. ਕੇ. ਜੋਸ਼ੀ, ਕਾ. ਹਰਦਿਆਲ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਹਾਲ ਅੰਦਰ ਸੈਮੀਨਾਰ ਤੇ ਸਪੋਜ਼ੀਅਮ ਆਰਗੇਨਾਈਜ਼ ਕੀਤੇ।

ਜਦੋਂ ਮੇਲਾ ਗ਼ਦਰੀ ਬਾਬਿਆਂ ਦਾ ਸ਼ੁਰੂ ਹੋਇਆ ਤਾਂ ਮੇਲੇ ਦੇ ਪ੍ਰੇਰਨਾ ਸਰੋਤ ਬੰਨੂਆਣਾ ਜੀ ਸਨ। ਔਰਤਾਂ ਦੇ ਹੱਕ ਲਈ ਅਤੇ ਸਮਾਜ ਦੇ ਹਰ ਖੇਤਰ ਵਿੱਚ ਉਸਦੀ ਬਰਾਬਰਤਾ ਦੀ ਗੱਲ ਉਹ ਬੜੇ ਜੋਸ਼ ਨਾਲ ਕਰਦੇ।

ਉਹਨਾਂ ਦੀ ਪੀੜ੍ਹੀ ਦੇ ਪੱਤਰਕਾਰ ਉਹਨਾਂ ਨੂੰ ਪੱਤਰਕਾਰੀ ਦਾ 'ਬਾਬਾ ਬੋਹੜ' ਕਹਿੰਦੇ ਸਨ। ਜਦੋਂ ਜਲੰਧਰ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਬਣੀ ਤਾਂ ਬੰਨੂਆਣਾ ਜੀ ਇਸਦੇ ਜਨਰਲ ਸਕੱਤਰ ਚੁਣੇ ਗਏ। ਇਹਨਾਂ ਨੇ ਤੇਰਾ ਸਿੰਘ ਚੰਨ ਨਾਲ ਮਿਲ ਕੇ ਪੰਜਾਬ ਦੇ ਵਿੱਚ ਬਹੁਤ ਥਾਵਾਂ 'ਤੇ ਲੇਖਕ ਸਭਾਵਾਂ ਬਣਾਈਆ। ਪੰਜਾਬੀ ਭਾਸ਼ਾ ਕਨ-ਵੈਨਸ਼ਨ ਰਾਹੀਂ ਪੰਜਾਬੀ ਤੇ ਪੰਜਾਬੀਅਤ ਦੀ ਉਹਨਾਂ ਬਹੁਤ ਸੇਵਾ ਕੀਤੀ। ਉਹਨਾਂ ਨੇ ਪੱਤਰਕਾਰਾਂ ਦੀ ਬਹੁਤ ਪਨੀਰੀ ਤਿਆਰ ਕੀਤੀ। ਅੱਜ ਉਹਨਾਂ ਦੇ ਦੇ ਲਾਏ ਬੂਟੇ ਵੱਖ ਵੱਖ ਅਖ਼ਬਾਰੀ ਅਦਾਰਿਆਂ ਵਿੱਚ ਵੱਡੀਆਂ ਜਿੰ-ਮੇਵਾਰੀਆਂ ਨਿਭਾ ਰਹੇ ਹਨ।

ਮਾਣ ਨਾਲ ਸਿਰ ਉਚਾ ਹੋ ਜਾਂਦਾ ਹੈ ਜਦੋਂ ਉਹਨਾਂ ਦੀ ਮੌਤ ਤੋਂ 10 ਸਾਲ ਬਾਅਦ ਵੀ ਉਹਨਾਂ ਦੇ ਪ੍ਰਸੰਸਕ ਸਤਨਾਮ ਸਿੰਘ ਮਾਣਕ (ਜਨਰਲ ਸਕੱਤਰ, ਪੰਜਾਬ ਜਗ੍ਰਿਤੀ ਮੰਚ), ਦੀਪਕ ਬਾਲੀ (ਸਕੱਤਰ ਜਾਗ੍ਰਿਤੀ ਮੰਚ), ਡਾ. ਲਖਵਿੰਦਰ ਜੌਹਲ (ਪ੍ਰਧਾਨ ਪੰਜਾਬ ਪ੍ਰੈਸ ਕਲੱਬ ਜਲੰਧਰ) ਅਤੇ ਹੋਰ ਪੱਤਰਕਾਰ ਮਿਲ ਕੇ ਉਹਨਾਂ ਦੀ ਯਾਦ ਵਿੱਚ ਸਮਾਗਮ ਕਰ ਰਹੇ ਹਨ ਅਤੇ ਪੱਤਰਕਾਰਾਂ ਦਾ ਸਨਮਾਨ ਕਰਦੇ ਹਨ। ਮੈਂ ਇਹਨਾਂ ਸਾਰੇ ਪੱਤਰਕਾਰ ਸਾਥੀਆਂ 'ਤੇ ਆਸ ਰੱਖਦੀ ਹਾਂ ਕਿ ਉਹ ਬੰਨੂਆਣਾ ਜੀ ਦੀ ਪੱਤਰਕਾਰਤਾ ਵਿਚ ਨਿਭਾਈ ਭੂਮਿਕਾ ਨੂੰ ਜ਼ਿੰਦਾ ਰੱਖਣਗੇ ਅਤੇ ਲੋਕਾਂ ਦੀ ਆਵਾਜ਼ ਬਣਕੇ ਕੰਮ ਕਰਨਗੇ।

# ਭਾਰਤੀ ਸੰਵਿਧਾਨ ਅਤੇ ਬਾਬਾ ਸਾਹਿਬ ਦਾ ਭਾਸ਼ਨ

ਕੁਝ ਲੋਕਾਂ ਦੁਆਰਾ ਦੋਸ਼ ਲਗਾਇਆ ਜਾ ਰਿਹਾ ਹੈ ਸੰਵਿਧਾਨ ਬਣਾਉਣ ਵਿਚ ਜਿਆਦਾ ਵਕਤ ਲਗਾ, ਮਿਸਟਰ ਤਾਜਮਲ ਹੁਸੈਨ ਸਭਾ ਵਿਚ ਕਹਿੰਦੇ ਹਨ। ਮੈ ਉਹਨਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਦੋ ਮੁਲਕ ਤਕਰੀਬਨ ਇਕੋ ਦਿਨ ਅਜ਼ਾਦ ਹੋਏ ਪਰ ਦੂਜਾ ਮੁਲਕ ਹਾਲੇ ਤਕ ਸੰਵਿਧਾਨ ਬਣਾਉਣ ਦੇ ਪਹਿਲੇ ਕਰਮ ਤੋਂ ਅੱਗੇ ਨਹੀਂ ਵਧ ਪਾਇਆ। ਪਾਕਿਸਤਾਨ ਦਾ ਸੰਵਿਧਾਨ ਬਣਨ ਨੂੰ 25 ਸਾਲ ਦਾ ਸਮਾਂ ਲੱਗਿਆ ਇਹ 1972 ਵਿਚ ਬਣ ਕੇ ਤਿਆਰ ਹੋਇਆ ।

29 ਅਗਸਤ 1947 ਨੂੰ, ਡਰਾਫਟ ਕਮੇਟੀ ਦੀ ਨਿਯੁਕਤੀ ਕੀਤੀ ਗਈ, ਜਿਸਦੇ ਨਾਲ ਡਾ. ਬੀ.ਆਰ ਅੰਬੇਦਕਰ ਨੂੰ ਚੇਅਰਮੈਨ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਅਤੇ ਛੇ ਹੋਰ ਮੈਂਬਰਾਂ ਨੇ ਸੰਵਿਧਾਨਿਕ ਸਲਾਹਕਾਰ ਦੀ ਮਦਦ ਕੀਤੀ । ਇਹ ਮੈਂਬਰ ਪੰਡਤ ਗੋਵਿੰਦ ਵੱਲਭ ਪੰਤ, ਕਨ੍ਹਈਆ ਲਾਲ ਮਾਨਕ ਲਾਲ ਮੁਨਸ਼ੀ (ਕੇ.ਐਮ ਮੁਨਸ਼ੀ, ਸਾਬਕਾ ਗ੍ਰਹਿ ਮੰਤਰੀ, ਬੰਬਈ), ਅੱਲਾਡੀ ਕ੍ਰਿਸ਼ਨਾਸਵਾਮੀ ਅਇਅਰ (ਸਾਬਕਾ ਐਡਵੋਕੇਟ ਜਨਰਲ ਮਦਰਾਸ ਸਟੇਟ), ਐਨ ਗੋਪਾਲ ਸਵਾਮੀ ਅਇੰਗਰ (ਸਾਬਕਾ ਪ੍ਰਧਾਨ ਮੰਤਰੀ, ਜੰਮੂ ਅਤੇ ਕਸ਼ਮੀਰ ਅਤੇ ਬਾਅਦ ਦੇ ਮੈਂਬਰ, ਨਹਿਰੂ ਕੈਬਨਿਟ), ਬੀ. ਐਲ. ਮਿੱਤਰ (ਸਾਬਕਾ ਐਡਵੋਕੇਟ ਜਨਰਲ, ਇੰਡੀਆ), ਮੁਹੰਮਦ ਸਾਦੁੱਲਾ (ਅਸਾਮ ਦੇ ਸਾਬਕਾ ਮੁੱਖ ਮੰਤਰੀ, ਮੁਸਲਿਮ ਲੀਗ ਮੈਂਬਰ) ਅਤੇ ਡੀ.ਪੀ. ਖੇਤਾਨ (ਖੇਤਾਨ ਵਪਾਰਕ ਪਰਿਵਾਰ ਦੇ ਮੁਖੀ ਅਤੇ ਇੱਕ ਮਸ਼ਹੂਰ ਵਕੀਲ) ਸਨ ।

ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ ਹੋਰ ਦੇਸ਼ਾਂ ਦੇ ਸੰਵਿਧਾਨਾਂ ਤੋਂ ਅੱਛੀਆਂ ਸੇਧਾਂ।

ਬ੍ਰਿਟਿਸ਼ ਸੰਵਿਧਾਨ ਵਿਚੋਂ- ਸਰਕਾਰ ਦਾ ਸੰਸਦੀ ਢਾਂਚਾ, ਸਿੰਗਲ ਸਿਟੀਜ਼ਨਸ਼ਿਪ ਦਾ ਵਿਚਾਰ, ਕਾਨੂੰਨ ਦੇ ਨਿਯਮ ਦਾ ਵਿਚਾਰ, ਸਪੀਕਰ ਦੀ ਸੰਸਥਾ ਅਤੇ ਉਸਦੀ ਭੂਮਿਕਾ, ਕਾਨੂੰਨ ਬਣਾਉਣ ਦੀ ਵਿਧੀ, ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ, ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿਚੋਂ- ਸੰਯੁਕਤ ਰਾਜ ਬਿੱਲ ਦੇ ਅਧਿਕਾਰ, ਸਰਕਾਰ ਦੀ ਸੰਘੀ ਢਾਂਚਾ, ਇਲੈਕਟੋਰਲ ਕਾਲਜ, ਸਰਕਾਰ ਦੀ ਤਿੰਨ ਬ੍ਰਾਂਚਾਂ ਵਿਚ ਨਿਆਂਪਾਲਿਕਾ ਦੀ ਆਜ਼ਾਦੀ ਅਤੇ ਸ਼ਕਤੀਆਂ ਨੂੰ ਵੱਖ ਕਰਨਾ, ਜੁਡੀਸ਼ੀਅਲ ਰਿਵਿਊ, ਰਾਸ਼ਟਰਪਤੀ ਦੇ ਸੁਪਰੀਮ ਕਮਾਂਡਰ ਵਜੋਂ, ਸੁਰਖਿਆ ਬਲ, ਕਾਨੂੰਨ ਦੇ ਅਧੀਨ ਬਰਾਬਰ ਸੁਰੱਖਿਆ। ਆਇਰਿਸ਼ ਸੰਵਿਧਾਨ ਵਿਚੋਂ- ਰਾਜ ਨੀਤੀ ਦੇ ਨਿਰਦੇਸ਼ਕ ਅਸੂਲ, ਆਸਟ੍ਰੇਲੀਆਈ ਸੰਵਿਧਾਨ ਵਿਚੋਂ-ਦੇਸ਼ ਦੇ ਅੰਦਰ ਕਾਰੋਬਾਰ ਅਤੇ ਵਪਾਰ ਦੀ ਆਜ਼ਾਦੀ, ਦੇਸ਼ ਅਤੇ ਸੂਬਿਆਂ ਵਿਚਕਾਰ, ਕੌਮੀ ਵਿਧਾਨ ਸਭਾ ਦੀ ਸ਼ਕਤੀ ਬਣਾਉਣ ਲਈ, ਸੰਧੀਆਂ ਨੂੰ ਲਾਗੂ ਕਰਨ ਲਈ ਕਾਨੂੰਨ, ਇੱਥੋਂ ਤਕ ਕਿਆਮ ਸੰਘੀ ਅਧਿਕਾਰ ਖੇਤਰ ਤੋਂ ਬਾਹਰ ਮਾਮਲਾ, ਸਮਕਾਲੀ ਸੂਚੀ, ਪ੍ਰਸਤਾਵਨਾ ਲਈ ਪਰਿਭਾਸ਼ਾ ਫਰਾਂਸੀਸੀ ਸੰਵਿਧਾਨ ਵਿਚੋਂ-ਲਿ-ਬਰਟੀ ਦੇ ਆਦਰਸ਼, ਇਕਸਾਰਤਾ ਅਤੇ ਭਰੱਪਣ ਕੈਨੇਡੀਅਨ ਸੰਵਿਧਾਨ ਵਿਚੋਂ- ਸਰਕਾਰ ਦਾ ਇੱਕ ਅਰਧ-ਸੰਘੀ ਰੂਪ, ਇੱਕ ਮਜ਼ਬੂਤ ਕੇਂਦਰੀ ਸਰਕਾਰ ਨਾਲ ਫੈਡਰਲ ਸਿਸਟਮ, ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਿਚਕਾਰ ਸ਼ਕਤੀਆਂ ਦੀ ਵੰਡ, ਕੇਂਦਰ ਸਰਕਾਰ ਦੁਆਰਾ ਬਣਾਈ ਗਈ ਬਾਕੀ ਸ਼ਕਤੀਆਂ । ਸੋਵੀਅਤ ਯੂਨੀਅਨ ਦਾ ਸੰਵਿਧਾਨ ਵਿਚੋਂ-ਮੁਢਲੇ ਫਰਜ਼-51-ਏ., ਇੱਕ ਸੰਵਿਧਾਨਿਕ ਤੌਰ 'ਤੇ ਜ਼ਰੂਰੀ ਯੋਜਨਾਬੰਦੀ ਕਮਿਸ਼ਨ. ਅਰਥ ਵਿਵਸਥਾ ਦੇ ਵਿਕਾਸ ਦੀ ਨਿਗਰਾਨੀ ਕਰਨ ਲਈ ਹੋਰ ਸੰਵਿਧਾਨ ਵਿਚੋਂ- ਐਮਰਜੈਂਸੀ ਪ੍ਰੋਵਿਜ਼ਨ 356, ਵਾਈਮਰ ਸੰਵਿਧਾਨ (ਜਰਮਨੀ), ਸੰਵਿਧਾਨ ਦੀ ਸੋਧ, ਦੱਖਣੀ ਅਫ਼ਰੀਕਾ, ਕਾਨੂੰਨ ਪ੍ਰਕਿਰਿਆ ਦੇ ਕਾਰਨ ਜਾਪਾਨ ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਲੰਬਾ ਹੈ । ਇਸਦੇ ਅਰੰਭ ਵਿੱਚ, 22 ਭਾਗਾਂ ਅਤੇ 8 ਅਨੁਸੂਚੀ ਵਿੱਚ ਇਸ ਵਿੱਚ 395 ਲੇਖ ਸਨ । ਇਹ ਲਗਭਗ 145,000 ਸ਼ਬਦਾਂ ਦੀ ਬਣਿਆ ਹੋਇਆ ਹੈ, ਜਿਸ ਨਾਲ ਇਹ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਰਗਰਮ ਸੰਵਿਧਾਨ ਬਣਿਆ ਹੈ । ਭਾਰਤ ਦਾ ਸੰਵਿਧਾਨ ਬਣਨ ਨੂੰ ਬਹੁਤ ਹੀ ਘੱਟ ਸਮਾਂ ਲੱਗਿਆ ।ਸਭਾ ਦੇ ਇਕ ਮੈਂਬਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ- " ਸ੍ਰੀ ਮਾਨ ਰਾਸ਼ਟਰਪਤੀ ਜੀ ਮੈ ਉਹਨਾਂ ਹਾਜਰ ਉਹਨਾਂ ਲੋਕਾਂ ਵਿਚੋਂ ਇਕ ਹਾਂ ਜਿਹੜੇ ਜਾਣਦੇ ਹਨ ਕਿ ਡਾ. ਅੰਬੇਡਕਰ ਨੇ ਕਿੰਨੀ ਮਿਹਨਤ ਅਤੇ ਲਗਨ ਖਰਚ ਕੀਤੀ ਹੈ । ਸ਼ਾਇਦ ਸਦਨ ਨੂੰ ਪਤਾ ਹੋਵੇ ਕਿ ਉਸ ਦੁਆਰਾ ਨਿਯੁਕਤ ਕੀਤੇ ਇਕ ਮੈਂਬਰ ਨੇ ਅਸਤੀਫ਼ਾ ਦੇ ਦਿੱਤਾ, ਉਸ ਦੀ ਥਾਂ ਕਿਸੇ ਹੋਰ ਨੂੰ ਨਹੀਂ ਲਿਆ ਗਿਆ । ਇਕ ਮੈਂਬਰ ਅਮਰੀਕਾ ਵਿਚ ਸਨ, ਉਹਨਾਂ ਦਾ ਥਾਂ ਵੀ ਖਾਲੀ ਰਹੀ । ਇਕ ਹੋਰ ਮੈਂਬਰ ਆਪਣੇ ਹੋਰ ਕੰਮ ਵਿਚ ਰਾਜ ਦੇ ਕੰਮਾਂ ਵਿਚ ਵਿਅਸਤ ਰਹੇ, ਇਸ ਲਈ ਉਹਨਾਂ ਦੀ ਥਾਂ ਵੀ ਖਾਲੀ ਰਹੀ । ਬਾਕੀ ਇਕ ਜਾਂ ਦੋ ਮੈਂਬਰ ਦਿੱਲੀ ਤੋਂ ਬਾਹਰ ਸਨ ਸ਼ਾਇਦ ਸਿਹਤ ਦਾ ਵਜਾ ਕਾਰਨ ਸ਼ਾਮਲ ਨਹੀਂ ਹੋ ਸਕੇ । ਇਸ ਲਈ ਆਖਰ ਵਿਚ ਇਹ ਹੋਇਆ ਕਿ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਸਾਰਾ ਭਾਰ ਡਾ. ਅੰਬੇਡਕਰ ਉਪਰ ਆ ਪਿਆ ।ਇਸ ਵਿਚ ਕੋਈ ਸ਼ਕ ਨਹੀਂ ਕਿ ਅਸੀਂ ਸਾਰੇ ਉਹਨਾਂ ਦੇ ਅਹਿਸਾਨਮੰਦ ਹਾਂ, ਉਹਨਾਂ ਇਹ ਕੰਮ ਬਖ਼ੂਬੀ ਨਿਭਾਇਆ । ਭਾਰਤੀ ਸੰਵਿਧਾਨ ਬਣਾਉਣ ਨੂੰ 2 ਸਾਲ 11 ਮਹੀਨੇ 18 ਦਿਨ ਵਿਚ ਬਣ ਕੇ ਤਿਆਰ ਹੋਇਆ । ਇਸ ਦੀ ਪਹਿਲੀ ਮੀਟਿੰਗ ਆਜ਼ਾਦੀ ਤੋਂ ਪਹਿਲਾਂ 19 ਦਸੰਬਰ 1946 ਨੂੰ ਹੋਈ ਸੀ ਇਸ ਸਮੇਂ ਦੌਰਾਨ ਰਲ-ਮਿਲ ਕੇ ਸੰਵਿਧਾਨ ਸਭਾ ਦੀਆਂ ਤਕਰੀਬਨ 11 ਸਭਾਵਾਂ ਹੋਈਆਂ ।

ਬਾਬਾ ਸਾਹਿਬ ਭਾਸ਼ਨ ਵਿਚ ਕਹਿੰਦੇ ਹਨ ਕਿ, "ਡਰਾਫਟਿੰਗ ਕਮੇਟੀ ਦੀ ਗਲ ਕਰਦੇ ਹਾਂ ਇਸ ਨੂੰ ਸੰਵਿਧਾਨ ਸਭਾ ਨੇ ਆਜ਼ਾਦੀ ਦੇ 14 ਦਿਨ ਬਾਅਦ 29 ਅਗਸਤ 1947 ਨੂੰ ਚੁਣਿਆ ਸੀ । 30 ਅਗਸਤ ਤੋਂ ਇਸ ਕੋਲ 140 ਦਿਨ ਹੀ ਸਨ ਜਿਸ ਵਿਚ ਸੰਵਿਧਾਨ ਦੇ ਖਰੜਾ ਤਿਆਰ ਕਰਨਾ ਸੀ । ਇਹ 11 ਸਭਾਵਾਂ ਨੇ ਇਹਨਾਂ ਸੰਵਿਧਾਨ ਸਭਾਵਾਂ ਨੇ ਵੀ 165 ਦਿਨ ਲੈ ਲਏ । ਇਸ ਤੋਂ ਪਿੱਛੋਂ ਸੰਵਿਧਾਨ ਸਭਾ ਕੋਲ 114 ਦਿਨ ਬਚੇ ਜਿਨ੍ਹਾਂ ਵਿਚ ਸੰਵਿਧਾਨ ਸਭਾ ਨੇ ਸੰਵਿਧਾਨ ਦੇ ਖਰੜੇ ਨੂੰ ਮਾਨਤਾ ਦੇਣੀ ਸੀ ।ਮਿਸਟਰ ਨਜ਼ੀਰੂ ਦੀਨ ਅਹਿਮਦ ਨੇ ਇਸ ਡਰਾਫਟਿੰਗ ਕਮੇਟੀ ਨੂੰ ਡਰਾਫਟਿੰਗ ਕਮੇਟੀ ਕਿਹਾ ਸੀ ਅਤੇ ਨਵਾਂ ਨਾ ਦਿੱਤਾ । ਮਿਸਟਰ ਨਜ਼ੀਰੂ ਦੀਨ ਨੂੰ ਇਹ ਹਮਲਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਚਾਹੀਦਾ ਸੀ ਕਿ ਅਸਲ ਵਿਚ ਉਹ ਨਹੀਂ ਜਾਣਦੇ ਕਿ ਡਰਾਫਟਿੰਗ ਕਮੇਟੀ ਅਤੇ ਡਰਾਫਟਿੰਗ ਕਮੇਟੀ ਵਿਚ ਫਰਕ ਰਹਿੰਦਾ ਹੈ, ਜੇ ਕਰ ਡਰਾਫਟ ਕਮੇਟੀ ਡਰਾਫਟ ਕਰ ਰਹੀ ਸੀ ਤਾਂ ਇਹ ਡਰਾਫਟ ਕਮੇਟੀ ਦੀ ਮਾਸਟਰੀ ਤੋਂ ਬਗੈਰ ਡਰਾਫਟ ਨਹੀਂ ਹੋ ਸਕਦੀ ।

ਇਹ ਕਿਸੇ ਅਚਾਨਕ ਗਲਤੀ ਨਾਲ ਮੱਛੀ ਹੱਥ ਵਿਚ ਆਉਣ ਵਾਲਾ ਕੰਮ ਨਹੀਂ ਬਲਕਿ ਬਗੈਰ ਪਾਣੀ ਮੱਛੀਆਂ ਲੱਭਣ ਵਰਗਾ ਕੰਮ ਸੀ । ਮੈਨੂੰ ਖੁਸ਼ੀ ਹੈ ਕਿ ਬਹੁਤ ਦੀ ਮਿਹਨਤੀ ਮੈਂਬਰਾਂ ਦੀ ਸਹਾਇਤਾ ਨਾਲ ਇਸ ਨੂੰ ਪਾ ਲਿਆ ਹੈ । ਸੰਵਿਧਾਨ ਸਭਾ ਦੇ ਮੈਂਬਰਾਂ ਦੇ ਕੀਤੇ ਕੰਮਾਂ ਦਾ ਸਨਮਾਨ ਹੋਣਾ ਚਾਹੀਦਾ ਹੈ । ਮੇਰੇ ਕੋਲ ਉਹ ਸ਼ਬਦ ਨਹੀਂ ਹਨ ਜਿਨ੍ਹਾਂ ਨਾਲ ਮੈ ਉਹਨਾਂ ਦਾ ਧੰਨਵਾਦ ਕਰ ਸਕਾਂ। ਮੈਂ ਸੰਵਿਧਾਨ ਸਭਾ ਵਿਚ ਅਨੁਸੂਚਿਤ ਜਾਤੀਆਂ ਦੀ ਦਿਲਚਸਪੀ ਕਾਰਨ ਅਤੇ ਬਹੁਤੇ ਉਤਸਾਹ ਨਾਲ ਨਹੀਂ ਆਇਆ, ਪਰ ਮੇਰੀ ਲਈ ਹੋਰ ਵੀ ਅਧਿਕ, ਬਾਹਰੀ ਤੋਰ ਤੇਆਏ ਵਿਚਾਰ ਅਤੇ ਬਹੁਤ ਜਿਮੇਵਾਰੀਆਂ ਸਨ ਜਿਨ੍ਹਾਂ ਉਤੇ ਕੰਮ ਕਰਨੇ ਸਨ । ਇਹ ਜਿਹੜਾ ਮਾਣ ਮੈਨੂੰ ਦਿੱਤਾ ਜਾ ਰਿਹਾ ਹੈ ਇਹ ਸਾਰਾ ਮੈਨੂੰ ਨਹੀਂ ਜਾਂਦਾ ਇਸ ਦਾ ਕੁੱਝ ਹਿਸਾ ਸੰਵਿਧਾਨ ਸਭਾ ਦੇ ਸੰਵਿਧਾਨਿਕ ਸਲਾਹਕਾਰ ਸਰ ਬੈਨੇਗਲ ਨਰ ਸਿੰਘ ਰਾਓ ਨੂੰ ਜਾਂਦਾ ਜਿਸ ਨੇ ਸੰਵਿਧਾਨ ਦਾ ਕੱਚਾ ਖਰੜਾ ਤਿਆਰ ਕੀਤਾ । ਇਸ ਦਾ ਵੱਡਾ ਹਿੱਸਾ ਜਰੂਰ ਹੀ ਸੰਵਿਧਾਨ ਸਭਾ ਦੇ ਪ੍ਰਮੁਖ ਡਰਾਫਟਸ ਮੈਨ ਐਸ. ਐਨ ਮੁਖਰਜੀ ਨੂੰ ਜਾਂਦਾ ਹੈ।"



ਉਹਨਾਂ ਬਹੁਤ ਹੀ ਮਿਹਨਤ ਨਾਲ ਭਾਰਤ ਦੇ ਸਾਰੇ ਧਰਮਾਂ ਨੂੰ ਬਰਾਬਰਤਾ, ਸਾਰੀਆਂ ਜਾਤੀਆਂ ਲਈ ਸਨਮਾਨ, ਸੰਪਰਦਾਵਾਂ ਅਤੇ ਸਮੁੱਚੇ ਭਾਰਤੀ ਸਮਾਜ ਨੂੰ ਜੋੜਦੇ ਸਭ ਦੇ ਖਿਆਲ ਰਖਿਆ । ਉਹਨਾਂ ਸੰਸਾਰ ਦੇ ਦੂਜੇ ਦੇਸ਼ਾਂ ਨੂੰ ਬਰਾਬਰੀ ਦੇ ਅਧਾਰ ਉੱਤੇ ਰਿਸ਼ਤੇ ਬਣਾ ਕੇ ਰਖਣਾਂ ਅਤੇ ਹਰ ਅੰਦਰਲੇ ਅਤੇ ਬਾਹਰਲੇ ਖਤਰਿਆਂ ਨਾਲ ਨਜਿੱਠਣ ਲਈ ਬਖ਼ੂਬੀ ਮਸੌਦਾ ਤਿਆਰ ਕੀਤਾ ।

ਉਹਨਾਂ ਦਾ ਇਕ ਇਕ ਸ਼ਬਦ ਜੋ ਉਹਨਾਂ25 ਨਵੰਬਰ 1949 ਨੂੰ ਸੰਵਿਧਾਨ ਸਭਾ ਦੀ ਆਖਰੀ ਸਭਾ ਵਿਚ ਭਾਸ਼ਨ ਦੌਰਾਨ ਕਿਹਾ, ਉਹ ਪੂਰੇ ਦਾ ਪੂਰਾ ਉਸੇ ਭਾਵ ਨਾਲ ਪੰਜਾਬੀ ਦੇ ਸ਼ਬਦਾਂ ਵਿਚ ਲਿਆਉਣਾ ਬਹੁਤ ਹੀ ਕਠਨ ਕੰਮ ਹੈ, ਮੈਂ ਕਿੰਨਾਂ ਇਨਸਾਫ਼ ਕਰ ਸਕਿਆ ਹਾਂ, ਨਹੀਂ ਜਾਣਦਾ । ਮੇਰੀ ਕੋਸ਼ਿਸ਼ ਰਹੀ ਹੈ ਕਿ ਮੈਂ ਉਹਨਾਂ ਦੇ ਕਹੇ ਸ਼ਬਦਾਂ ਨੂੰ ਉਸੇ ਹੀ ਭਾਵ ਨਾਲ ਪਾਠਕ ਦੇ ਮਨਾਂ ਤਕ ਪੁਚਾ ਸਕਾਂ ਜੋ ਉਹਨਾਂ ਕਿਹਾ ਸੀ ।ਸੰਵਿਧਾਨ ਬਣਾਉਂਦੇ ਸਮੇਂ ਦੌਰਾਨ ਅਤੇ ਮਿਹਨਤ ਕਰਨ ਸਮੇਂ ਜਾਂ ਬਾਅਦ ਵਿਚ ਜੋ ਵਿਚਾਰ ਉਹਨਾਂ ਦੇ ਦਿਲੋਂ ਦਿਮਾਗ ਵਿਚ ਆਏ ਉਸ ਦਾ ਨਚੋੜ ਉਸ ਭਾਸ਼ਨ ਵਿਚ ਸੀ ।

25 ਨਵੰਬਰ 1949 ਭਾਰਤ ਦਾ ਸੰਵਿਧਾਨ ਬਣ ਕੇ ਤਿਆਰ ਹੋ ਚੁੱਕਾ ਸੀ । ਸੰਵਿਧਾਨ ਸਭਾ ਦੀ ਆਪਣੀ ਕਾਰਵਾਈ ਪੂਰੀ ਹੋ ਚੁੱਕੀ ਸੀ ।ਸੰਵਿਧਾਨ ਕਿਹੋ ਜਿਹਾ ਹੋਵੇਗਾ, ਦੇਸ਼ ਕਿਸ ਤਰਾਂ ਚੱਲੇਗਾ, ਸਰਕਾਰ ਕਿਵੇਂ ਚੱਲੇਗੀ, ਲੋਕਤੰਤਰ ਕਿਦਾਂ ਦਾ ਹੋਵੇਗਾ ਅਤੇ ਕਿਦਾਂਚੱਲੇਗਾ, ਸ਼ਾਸਨ ਅਤੇ ਪ੍ਰਸ਼ਾਸਨ ਵਿਵਸਥਾ ਕਿਸ ਤਰਾਂ ਦੀ ਹੋਵੇਗੀ, ਲੋਕਾਂ ਨੂੰ ਕਿਹੜੇ ਕਿਹੜੇ ਅਧਿਕਾਰ ਮਿਲਣਗੇ ਇਸ ਤਰਾਂ ਦੇ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਤ ਵਿਚਾਰ ਸਨ । ਬਹੁਤ ਸਾਰੀਆਂ ਸੰਵਿਧਾਨ ਸਭਾਵਾਂ ਹੋਈਆਂ ਉਹਨਾਂ ਵਿਚ ਹਜ਼ਾਰਾਂ ਹੀ ਵਿਸਿਆਂ ਉੱਤੇ ਬਹਿਸ ਹੋਈ । ਹਜ਼ਾਰਾਂ ਹੀ ਸੰਸ਼ੋਧਨ ਆਏ, ਕੁੱਝ ਮੰਨੇ ਗਏ, ਕੁੱਝ ਨਹੀਂ ਮੰਨੇ ਗਏ । ਉਸੇ ਦਿਨ 25 ਨਵੰਬਰ 1949 ਨੂੰ ਬਾਬਾ ਸਾਹਿਬ ਨੇ ਸੰਸਦ ਸਦਨ ਵਿਚ ਇਤਿਹਾਸਕ ਭਾਸ਼ਨ ਦਿੱਤਾ। ਡਾ. ਅੰਬੇਡਕਰ ਸੰਵਿਧਾਨ ਬਣਾਉਣ ਵਾਲੀ ਸਭਾ ਦੇ ਅਧਿਅਕਸ਼/ ਚੇਅਰਮੈਨ ਸਨ ।

"ਰਾਸ਼ਟਰਪਤੀ ਮਹੋਦਿਆ, ਮੈਂ ਡਰਾਫਟਿੰਗ ਕਮੇਟੀ ਦੁਆਰਾ ਤਿਆਰ ਕੀਤੇ ਗਏ ਸੰਵਿਧਾਨ ਨੂੰ ਪੇਸ਼ ਕਰਦਾ ਹਾਂ, ਬੇਨਤੀ ਹੈ ਕਿ ਇਸ ਉਪਰ ਵਿਚਾਰ ਕੀਤਾ ਜਾਵੇ ।ਸੰਵਿਧਾਨ ਦਾ ਕੰਮ ਪੂਰੀ ਤਰ੍ਹਾਂ ਸੰਵਿਧਾਨ ਦੀ ਸੁਭਾਵਿਕ ਬਣਤਰ'ਤੇ ਨਿਰਭਰ ਨਹੀਂ ਕਰਦਾ । ਸੰਵਿਧਾਨ ਸਿਰਫ਼ ਰਾਜ ਦੇ ਅੰਗਾਂ ਜਿਵੇਂ ਕਿ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਨੂੰ ਮੁਹੱਈਆ ਕਰਵਾ ਸਕਦਾ ਹੈ ।"

ਬਾਬਾ ਸਾਹਿਬ ਨੇ ਸੁਚੇਤ ਕਰਦੇ ਕਿਹਾ ਸੀ ਸੰਵਿਧਾਨ ਨੂੰ ਫ਼ੇਲ੍ਹ ਜਾਂ ਪਾਸ ਕਰਨਾਂ ਉਸ ਉੱਤੇ ਕੰਮ ਕਰਨ ਵਾਲੀਆਂ ਰਾਜ਼ਨੀਤਿਕ ਪਾਰਟੀਆਂ ਦੀ ਕਾਰਜ ਸ਼ੈਲੀ ਦੀ ਜ਼ਿੰਮੇਵਾਰੀ ਹੋਵੇਗੀ। ਸੰਵਿਧਾਨ ਇਸਤੇਮਾਲ ਅਤੇ ਤਲਵਾਰ ਦਾ ਇਸਤੇਮਾਲ ਕਰਨਾ ਵਰਤੋਂ ਕਰਨ ਵਾਲੇ ਦੀ ਚੰਗੀ ਜਾਂ ਮਾੜੀ ਸੋਚ ਉੱਤੇ ਨਿਰਭਰ ਹੁੰਦਾ ਹੈ। ਤਲਵਾਰ ਦਾ ਕਿਸੇ ਜਾਲਮ ਦੇ ਹੱਥੋਂ ਵਰਤਣਾ ਜ਼ੁਲਮ ਵਿਚ ਵਾਧਾ ਕਰਦਾ ਹੈ, ਅਤੇ ਉਸੇ ਤਲਵਾਰ ਦਾ ਰਾਖੀ ਦੇ ਲਈ ਕਿਸੇ ਜਾਲਮ ਦੇ ਖ਼ਿਲਾਫ਼ ਵਰਤਣਾ ਰਖਸ਼ਕ ਦਾ ਨਿਆਏ ਦਾ ਕੰਮ ਹੋ ਨਿਬੜਦਾ ਹੈ । ਬਾਬਾ ਸਾਹਿਬ ਦੇ ਮਨ ਦੀਆਂ ਸ਼ੰਕਾਵਾਂ, ਚਿੰਤਾਵਾਂ ਅਤੇ ਪ੍ਰੇਸ਼ਾਨੀਆਂ ਸੰਵਿਧਾਨ ਅਤੇ ਭਾਰਤ ਦੇ ਭਵਿਖ ਦੇ ਸਬੰਧ ਵਿਚ ਸਨ ਉਹਨਾਂ ਉਸ ਦੇ ਸਬੰਧੀ ਭਾਸ਼ਨ ਵਿਤ ਗਲ ਕੀਤੀ । ਉਸ ਦੇ ਨਾਲ ਹੀ ਭਾਰਤੀ ਲੋਕਾਂ ਦੁਆਰਾ ਇਤਿਹਾਸ ਵਿਚ ਕੀਤੀਆਂ ਬੇਵਫ਼ਾਈਆਂ ਅਤੇ ਵਿਸ਼ਵਾਸਘਾਤ ਅਤੇ ਰਿਸ਼ਵਤ ਖੋਰੀ ਸਬੰਧੀ ਮੁਹੰਮਦ-ਬਿਨ-ਕਾਸਿਮ, ਜੈਚੰਦ, ਮਰਾਠਾ ਅਮੀਰ ਅਤੇ ਰਾਜਪੂਤ ਰਾਜਿਆਂ ਦਾ ਮੁਗਲ ਰਾਜਿਆਂ ਦੇ ਵਲੋਂ ਸ਼ਿਵਾ ਜੀ ਦੇ ਖ਼ਿਲਾਫ਼ ਲੜਾਈ ਕਰਨਾਂ ਅਤੇ ਜਦੋਂ ਸਿੱਖ ਰਾਜਿਆਂ ਨੂੰ ਅੰਗਰੇਜ਼ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਗੁਲਾਬ ਸਿੰਘ ਚੁੱਪ ਬੈਠਣਾ ।1857 ਵਿਚ ਆਜ਼ਾਦੀ ਦੀ ਲੜਾਈ ਘੋਸ਼ਿਤ ਕੀਤੀ ਤਾਂ ਸਿੱਖਾਂ ਨੇ ਮੌਨ ਦਰਸ਼ਕ ਵਜੋਂ ਦੇਖਦੇ ਰਹਿਣਾ ਸਭ ਬਾਬਾ ਸਾਹਿਬ ਦੇ ਦਿਮਾਗ ਵਿਚ ਸਨ ਅਤੇ ਉਹਨਾਂ ਅੱਗੇ ਬੋਲਦਿਆਂ ਕਿਹਾ :-

"ਅਸਲ ਵਿਚ ਜਿਹੜੇ ਲੋਕ ਰਾਜ ਦੇ ਉਹਨਾਂ ਅੰਗਾਂ ਦੇ ਕੰਮ ਕਰਨ ਵਿਚ ਲੱਗਣਗੇ, ਉਹ ਇਸ ਦੇ ਕਾਰਕ ਹਨ, ਸਿਆਸੀ ਪਾਰਟੀਆਂ ਆਪਣੀ ਇੱਛਾ ਅਤੇ ਰਾਜਨੀਤੀ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਔਜਾਰ ਵਜੋਂ ਵਰਤ ਸਕਦੀਆਂ ਹਨ । ਕੌਣ ਕਹਿ ਸਕਦਾ ਹੈ ਕਿ ਕਿਵੇਂ ਭਾਰਤ ਦੇ ਲੋਕ,ਸੰਵਿਧਾਨ ਦੇ ਉਦੇਸ਼ ਜਾਂ ਉਹ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਕ੍ਰਾਂਤੀਕਾਰੀ ਢੰਗ ਨਾਲ ਕੰਮ ਕਰਨਾਂ ਪਸੰਦ ਕਰਨਗੇ?ਜੇ ਉਹ ਕੰਮ ਕਰਨ ਲਈ ਕ੍ਰਾਂਤੀਕਾਰੀ ਤਰੀਕਿਆਂ ਨੂੰ ਅਪਣਾਉਂਦੇ ਹਨ, ਫਿਰ ਵੀ ਭਾਵੇਂ ਕਿ ਸੰਵਿਧਾਨ ਤਾਂ ਵਧੀਆ ਹੋ ਸਕਦਾ ਹੈ, ਇਸ ਲਈ ਕਿਸੇ ਨਬੀ ਨੂੰ ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਫ਼ੇਲ੍ਹ ਹੋਵੇਗਾ ।ਇਸ ਲਈ, ਸੰਵਿਧਾਨ ਦੁਆਰਾ ਉਸ ਹਿੱਸੇ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ ਹੈ ਜਿਸ ਨਾਲ ਲੋਕ ਅਤੇ ਉਨ੍ਹਾਂ ਦੀਆਂ ਪਾਰਟੀਆਂ ਖੇਡਣ ਦੀ ਸੰਭਾਵਨਾ ਹੈ ।"

" ਮੇਰੇ ਵਿਚਾਰ ਵਿਚ ਸਾਡੇ ਦੇਸ਼ ਦੇ ਭਵਿੱਖ ਐਨਾਂ ਭਰਪੂਰ ਹੈ, ਮੈਨੂੰ ਲਗਦਾ ਹੈ ਕਿ ਮੇਰੇ ਇਸ ਦੇ ਪ੍ਰਭਾਵ ਬਾਰੇ ਜੋ ਮੇਰੇ ਵਿਚਾਰ ਹਨ ਉਹਨਾਂ ਦਾ ਪ੍ਰਗਟਾਵਾ ਕਰਨਾਂ ਚਾਹੀਦਾ ਹੈ। 26 ਜਨਵਰੀ 1950 ਨੂੰ ਭਾਰਤ ਇਕ ਸੁਤੰਤਰ ਦੇਸ਼ ਹੋਵੇਗਾ ।ਉਸਦੀ ਆਜ਼ਾਦੀ ਦਾ ਕੀ ਹੋਵੇਗਾ? ਕੀ ਉਹ ਆਪਣੀ ਆਜ਼ਾਦੀ ਨੂੰ ਕਾਇਮ ਰੱਖ ਪਾਏਗਾ ਜਾਂ ਫਿਰ ਇਸ ਨੂੰ ਦੁਬਾਰਾ ਗੁਆ ਲਵੇਗਾ? ਇਹ ਪਹਿਲਾ ਵਿਚਾਰ ਹੈ ਜੋ ਮੇਰੇ ਮਨ ਵਿਚ ਆਉਂਦਾ ਹੈ। ਇਹ ਨਹੀਂ ਕਿ ਭਾਰਤ ਕਦੇ ਇਕ ਸੁਤੰਤਰ ਦੇਸ਼ ਨਹੀਂ ਸੀ । ਨੁਕਤਾ ਇਹ ਹੈ ਕਿ ਉਹ ਇਕ ਵਾਰ ਆਜ਼ਾਦੀ ਗੁਆ ਬੈਠਾ ਹੈ। ਕੀ ਉਹ ਦੂਜੀ ਵਾਰ ਫਿਰ ਗੁਆ ਦੇਵੇਗਾ ? ਇਹ ਅਜਿਹਾ ਵਿਚਾਰ ਹੈ ਜਿਸ ਨਾਲ ਮੈਨੂੰ ਭਵਿੱਖ ਸਬੰਧੀ ਬਹੁਤ ਚਿੰਤਾ ਹੁੰਦੀ ਹੈ। ਮੈਨੂੰ ਇਸ ਗੱਲ ਦੀ ਬਹੁਤ ਪਰੇਸ਼ਾਨੀ ਹੈ ਕਿ ਇਹ ਅਸਲ ਵਿਚ ਭਾਰਤ ਪਹਿਲਾਂ ਵੀ ਆਪਣੀ ਆਜ਼ਾਦੀ ਖੋਹ ਚੁੱਕਾ ਹੈ ।

ਇਹ ਉਸ ਨੇ ਆਪਣੇ ਕੁਝ ਲੋਕਾਂ ਦੀ ਬੇਵਫ਼ਾਈ ਅਤੇ ਵਿਸ਼ਵਾਸਘਾਤ ਕਰਕੇ ਇਸ ਨੂੰ ਗੁਆ ਦਿੱਤੀ ਸੀ। ਜਦੋ ਮੁਹੰਮਦ-ਬਿਨ-ਕਾਸਿਮ ਦੁਆਰਾ ਸਿੰਧ ਦੇ ਉੱਤੇ ਹਮਲੇ ਕੀਤਾ ਗਿਆ ਸੀ, ਰਾਜਾ ਦਾਹਿਰ ਦੇ ਫੌਜੀ ਕਮਾਂਡਰ ਮੁਹੰਮਦ-ਬਿਨ-ਕਾਸਿਮ ਨੇ ਏਜੰਟਾਂ ਤੋਂ ਰਿਸ਼ਵਤ ਲੈ ਲਈ ਸੀ ਅਤੇ ਉਸ ਨੇ ਆਪਣੇ ਰਾਜੇ ਦੇ ਪੱਖ ਵਿਚ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਜੈਚੰਦ ਸੀ ਜਿਸ ਨੇ ਭਾਰਤ ਉੱਤੇ ਹਮਲਾ ਕਰਨ ਅਤੇ ਪ੍ਰਿਥਵੀ ਰਾਜ ਨਾਲ ਲੜਨ ਲਈ ਮੁਹੰਮਦ ਗੋਰੀ ਨੂੰ ਸੱਦਾ ਦਿੱਤਾ ਸੀ ਅਤੇ ਉਸ ਨੇ ਖੁਦ ਅਤੇ ਸੋਲੰਕੀ ਰਾਜਿਆਂ ਦੀ ਤਰਫੋਂ ਪ੍ਰਿਥਵੀ ਰਾਜ ਦੀ ਮਦਦ ਦਾ ਵਾਅਦਾ ਕੀਤਾ ਸੀ । ਜਦੋਂ ਸ਼ਿਵਾਜੀ ਹਿੰਦੂਆਂ ਦੀ ਮੁਕਤੀ ਲਈ ਮੁਗਲ ਰਾਜਿਆਂ ਨਾਲ ਲੜ ਰਹੇ ਸਨ ਤਾਂ ਦੂਜੇ ਪਾਸੇ ਮਰਾਠਾ ਅਮੀਰ ਅਤੇ ਰਾਜਪੂਤ ਰਾਜੇ ਮੁਗਲ ਰਾਜਿਆਂ ਦੇ ਵਲੋਂ ਲੜਾਈ ਲੜ ਰਹੇ ਸਨ ।ਜਦੋਂ ਬ੍ਰਿਟਿਸ਼ ਸਿੱਖ ਰਾਜਿਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਗੁਲਾਬ ਸਿੰਘ ਅਤੇ ਉਸ ਦਾ ਪ੍ਰਮੁੱਖ ਕਮਾਂਡਰ ਚੁੱਪ ਬੈਠੇ ਰਹੇ ਅਤੇ ਸਿੱਖ ਰਾਜ ਨੂੰ ਬਚਾਉਣ ਵਿਚ ਕੋਈ ਸਹਾਇਤਾ ਨਹੀਂ ਕੀਤੀ ।1857 ਵਿਚ, ਜਦੋਂ ਭਾਰਤ ਦੇ ਇਕ ਵੱਡੇ ਹਿੱਸੇ ਨੇ ਬ੍ਰਿਟਿਸ਼ ਵਿਰੁੱਧ ਅਜ਼ਾਦੀ ਦੀ ਲੜਾਈ ਘੋਸ਼ਿਤ ਕੀਤੀ ਤਾਂ ਸਿੱਖਾਂ ਨੇ ਇਸ ਘਟਨਾ ਨੂੰ ਦੇਖਿਆ ਅਤੇ ਮੌਨ ਦਰਸ਼ਕ ਵਜੋਂ ਦੇਖਦੇ ਰਹੇ।"

"ਕੀ ਇਤਿਹਾਸ ਆਪਣੇ ਆਪ ਨੂੰ ਦੁਹਰਾਏਗਾ ?ਇਹ ਚਿੰਤਾ ਇਸ ਤੱਥ ਦੀ ਜਾਣਕਾਰੀ ਨਾਲ ਹੋਰ ਡੂੰਘੀ ਹੋ ਜਾਂਦੀ ਹੈ ਕਿ ਸਾਡੇ ਪੁਰਾਣੇ ਦੁਸ਼ਮਣ ਜਾਤ ਅਤੇ ਧਰਮ ਦੇ ਵੱਖਰੇ ਰੂਪ ਵਿਚ ਮੌਜੂਦ ਹਨ, ਅਤੇ ਇਸ ਤੋਂ ਇਲਾਵਾ ਵੱਖਰੀਆਂ ਅਤੇ ਵਿਰੋਧੀ ਰਾਜਨੀਤਿਕ ਸੰਸਥਾਵਾਂ ਦੇ ਨਾਲ ਕਈ ਸਿਆਸੀ ਪਾਰਟੀਆਂ ਵੀ ਹੋਣਗੀਆਂ । ਇਹ ਵਿਚਾਰ ਹੈ ਜੋ ਮੈਨੂੰ ਚਿੰਤਾ ਨਾਲ ਭਰ ਦਿੰਦਾ ਹੈ ।ਕੀ ਭਾਰਤੀ ਦੇਸ਼ ਨੂੰ ਆਪਣੇ ਸਿਧਾਂਤ ਤੋਂ ਉਪਰ ਰੱਖਣਗੇ ਜਾਂ ਕੀ ਉਹ ਸਿਧਾਂਤ ਨੂੰ ਦੇਸ਼ ਤੋਂ ਉੱਪਰ ਰੱਖਣਗੇ? ਮੈਨੂੰ ਨਹੀਂ ਪਤਾ! ਪਰ ਇਹ ਬਹੁਤ ਕੁਝ ਨਿਸ਼ਚਤ ਹੈ ਕਿ ਜੇਕਰ ਪਾਰਟੀਆਂ ਆਪਣੇ ਦੇਸ਼ ਤੋਂ ਉੱਪਰ ਜਾ ਕੇ ਧਰਮ ਅਪਣਾਉਂਦੀਆਂ ਹਨ ਤਾਂ ਸਾਡੀ ਆਜ਼ਾਦੀ ਦੂਜੀ ਵਾਰ ਖ਼ਤਰੇ ਵਿੱਚ ਪੈ ਜਾਵੇਗੀ ਅਤੇ ਸੰਭਵ ਤੌਰ ਤੇ ਹਮੇਸ਼ਾਂ ਲਈ ਖਤਮ ਹੋ ਜਾਵੇ । ਇਸ ਸੰਭਾਵਨਾ ਲਈ ਸਾਨੂੰ ਸਾਰਿਆਂ ਨੂੰ ਸਖ਼ਤੀ ਨਾਲ ਚੌਕਸ ਰਹਿਣਾ ਚਾਹੀਦਾ ਹੈ ।ਸਾਡੇ ਵਿਚ ਆਪਣੇ ਖ਼ੂਨ ਦੀ ਆਖਰੀ ਬੂੰਦ ਨਾਲ ਆਪਣੀ ਅਜ਼ਾਦੀ ਦੀ ਰੱਖਿਆ ਕਰਨ ਦਾ ਪੱਕਾ ਇਰਾਦਾ ਹੋਣਾ ਚਾਹੀਦਾ ਹੈ ।"



ਹਰਦੀਪ ਸਿੰਘ ਚੁੰਬਰ
+91-94636-01616

"26 ਜਨਵਰੀ 1950 ਨੂੰ, ਭਾਰਤ ਇਕ ਲੋਕਤੰਤਰੀ ਦੇਸ਼ ਹੋਵੇਗਾ ਭਾਵ ਉਸ ਦਿਨ ਤੋਂ ਭਾਰਤ ਵਿਚ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੋਵੇਗੀ । ਇਹੀ ਸੋਚ ਮੇਰੇ ਮਨ ਵਿਚ ਆਉਂਦੀ ਹੈ, ਉਸ ਦੇ ਜਮਹੂਰੀ ਸੰਵਿਧਾਨ ਦਾ ਕੀ ਹੋਵੇਗਾ? ਕੀ ਉਹ ਇਸ ਨੂੰ ਬਣਾਈ ਰੱਖਣ ਦੇ ਯੋਗ ਹੋਣਗੇ ਜਾਂ ਕੀ ਉਹ ਇਸ ਨੂੰ ਦੁਬਾਰਾ ਗੁਆ ਲੈਣਗੇ? ਇਹ ਦੂਜਾ ਵਿਚਾਰ ਹੈ ਜੋ ਮੇਰੇ ਦਿਮਾਗ ਵਿੱਚ ਆਉਂਦਾ ਹੈ ਅਤੇ ਇਹ ਮੇਰੀ ਮੁੱਖ ਰੂਪ ਵਿੱਚ ਚਿੰਤਾ ਬਣਾ ਦਿੰਦਾ ਹੈ । ਇਹ ਨਹੀਂ ਹੈ ਕਿ ਭਾਰਤ ਨੂੰ ਇਹ ਨਹੀਂ ਪਤਾ ਸੀ ਕਿ ਲੋਕਤੰਤਰ ਕੀ ਹੈ। ਇਕ ਸਮਾਂ ਸੀ ਜਦੋਂ ਭਾਰਤ ਗਣਰਾਜਾਂ ਨਾਲ ਭਰਿਆ ਹੋਇਆ ਸੀ ਅਤੇ ਇੱਥੋਂ ਤਕ ਕਿ ਜਿੱਥੇ ਵੀ ਰਾਜਾਸ਼ਾਹੀ (ਏਕਤੰਤਰ ਰਾਜ) ਸੀ, ਜਾਂ ਤਾਂ ਕਿਤੇ ਚੁਣੇ ਗਏ ਪ੍ਰਤੀਨਿਧੀ ਸਨ ਜਾਂ ਤੇ ਸੀਮਤ ਚੁਣੇ ਗਏ ਪ੍ਰਤੀਨਿਧੀ ਸਨ। ਇਹ ਵੀ ਨਹੀਂ ਕਿ ਭਾਰਤ ਸੰਸਦਾਂ ਜਾਂ ਸੰਸਦੀ ਪ੍ਰਕਿਰਿਆ ਨੂੰ ਨਹੀਂ ਜਾਣਦਾ ਸੀ ।"

"ਬੋਧੀ ਭਿਕਸ਼ੂ ਸੰਘਾਂ ਦਾ ਇਕ ਅਧਿਐਨ ਤੋਂ ਇਹ ਖੁਲਾਸਾ ਹੁੰਦਾ ਹੈ ਕਿ ਨਾ ਸਿਰਫ਼ ਇਹ ਲੋਕ ਸਭਾ ਹਨ-ਸੰਘਾਂ ਪਰ ਇਹ ਹੀ ਵਿਧਾਨ ਸਭਾ ਹੀ ਸਨ ਹੋਰ ਕੁਝ ਵੀ ਨਹੀਂ- ਪਰ ਉਹ ਸੰਘ ਆਧੁਨਿਕ ਸਮੇਂ ਦੇ ਸੰਸਦੀ ਪ੍ਰਣਾਲੀ ਦੇ ਸਾਰੇ ਨਿਯਮਾਂ ਨੂੰ ਪੂਰੀਤਰਾਂ ਜਾਣਦਾ ਸੀ। ਉਨ੍ਹਾਂ ਕੋਲ ਬੈਠਣ ਦੀ ਵਿਵਸਥਾ ਦੇ ਨਿਯਮ, ਪ੍ਰਸਤਾਵ ਪਾਉਣਾ, ਪ੍ਰਸਤਾਵ ਲਾਗੂ ਕਰਨਾਂ, ਕੋਰਮ, ਪਾਰਟੀ ਅਨੁਸ਼ਾਸਨ ਲਈ ਵ੍ਹਿਪ, ਵੋਟਾਂ ਦੀ ਗਿਣਤੀ, ਪਰਚੀ ਦੁਆਰਾ ਵੋਟਿੰਗ, ਨਿੰਦਿਆ ਪ੍ਰਸਤਾਵ, ਨਿਯਮਤ ਕਰਨ, ਕਾਨੂੰਨੀ ਸਲਾਹ ਲੈਣਾਂ, ਆਦਿ ਸੰਬੰਧੀ ਨਿਯਮ ਸਨ। ਹਾਲਾਂਕਿ ਸੰਸਦੀ ਪ੍ਰਕਿਰਿਆ ਦੇ ਇਹ ਨਿਯਮ ਬੁੱਧ ਦੁਆਰਾ ਸੰਘਾਂ ਦੀਆਂ ਬੈਠਕਾਂ ਲਈ ਲਾਗੂ ਕੀਤੇ ਗਏ ਸਨ, ਪਰ ਉਹਨਾਂ ਨੂੰ ਆਪਣੇ ਸਮੇਂ ਵਿਚ ਦੇਸ਼ ਵਿਚ ਕੰਮ ਕਰਨ ਵਾਲੀਆਂ ਰਾਜਨੀਤਿਕ ਅਸੈਂਬਲੀਆਂ ਦੇ ਨਿਯਮਾਂ ਤੋਂ ਉਧਾਰ ਲਿਆ ਹੋਵੇਗਾ। ਭਾਰਤ ਨੇ ਇਹ ਲੋਕਤੰਤਰਿਕ ਪ੍ਰਣਾਲੀ ਖੋ ਲਈ ਸੀ ਕੀ ਉਹ ਇਸ ਨੂੰ ਦੂਜੀ ਵਾਰ ਗੁਆ ਦੇਵੇਗਾ? ਮੈ ਨਹੀਂ ਜਾਣਦਾ। ਪਰ ਇਹ ਭਾਰਤ ਵਰਗੇ ਦੇਸ਼ ਵਿਚ ਕਾਫ਼ੀ ਸੰਭਵ ਹੈ, ਜਿੱਥੇ ਲੰਬੇ ਸਮੇਂ ਤੋਂ ਲੋਕਤੰਤਰ ਵਰਤੋਂ ਵਿਚ ਨਹੀਂ ਸੀ। ਇਸ ਲਈ ਲੋਕਤੰਤਰ ਨੂੰ ਕੁਝ ਨਵਾਂ ਮੰਨਿਆ ਜਾਣਾ ਚਾਹੀਦਾ ਹੈ। ਤਾਨਾਸ਼ਾਹੀ ਨੂੰ ਸਥਾਨ ਦੇਣਾ ਲੋਕਤੰਤਰ ਦੇ ਲਈ ਖਤਰਾ ਹੈ ।ਇਸ ਨਵੇਂ ਜਨਮੇ ਲੋਕਤੰਤਰ ਲਈ ਇਸਦਾ ਰੂਪ ਆਪਣੇ ਕੋਲ ਰੱਖਣਾ ਤਾਂ ਹੀ ਸੰਭਵ ਹੈ ਪਰ ਜੇ ਅਸਲ ਵਿਚ ਇਹ ਤਾਨਾਸ਼ਾਹੀ ਨੂੰ ਜਗ੍ਹਾ ਨਾਂ ਦੇਵੇ। ਜੇਕਰ ਉੱਤੇ ਕੋਈ ਇਸ ਤਰਾਂ ਦੀ ਗੜਬੜ ਜਾਂ ਖ਼ਤਰਾ ਹੈ, ਤਾਂ ਦੂਜੀ ਸੰਭਾਵਨਾ ਤਾਨਾਸ਼ਾਹ ਬਣਨ ਦਾ ਬਹੁਤ ਵੱਡਾ ਖ਼ਤਰਾ ਹੈ।"

"ਜੇਕਰ ਅਸੀਂ ਲੋਕਤੰਤਰ ਨੂੰ ਸਿਰਫ਼ ਇਕ ਦਿਖਾਵੇ ਦੇ ਰੂਪ ਵਿਚ ਨਹੀਂ ਰੱਖਣਾ ਚਾਹੁੰਦੇ, ਤਾਂ ਅਸਲ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ? ਮੇਰੇ ਅਨੁਮਾਨ ਅਨੁਸਾਰ ਵਿੱਚ ਪਹਿਲਾਂ ਸਾਨੂੰ ਇਹ ਕਰਨਾ ਚਾਹੀਦਾ ਹੈ, ਆਪਣੇ ਸਮਾਜਿਕ ਅਤੇ ਆਰਥਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਸੰਵਿਧਾਨਕ ਢੰਗਾਂ ਨੂੰ ਫੌਰੀ ਤੌਰ ਤੇ ਅੱਗੇ ਰੱਖਣਾ ਹੋਵੇਗਾ। ਇਸਦਾ ਅਰਥ ਹੈ ਕਿ ਸਾਨੂੰ ਇਨਕਲਾਬ ਦੇ ਖ਼ੂਨ ਖਰਾਬੇ ਦੇ ਢੰਗਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਸਦਾ ਮਤਲਬ ਇਹ ਹੈ ਕਿ ਸਾਨੂੰ ਸਿਵਲ ਨਾਫਰਮਾਨੀ, ਅਸਹਿਯੋਗ ਅਤੇ ਸੱਤਿਆਗ੍ਰਹਿ ਦੇ ਵਿਧੀ ਨੂੰ ਛੱਡ ਦੇਣਾ ਚਾਹੀਦਾ ਹੈ ।ਜਦੋਂ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸੰਵਿਧਾਨਿਕ ਤਰੀਕਿਆਂ ਦਾ ਕੋਈ ਰਾਹ ਨਹੀਂ ਬਚਿਆ ਸੀ, ਤਾਂ ਗ਼ੈਰ-ਸੰਵਿਧਾਨਿਕ ਵਿਧੀਆਂ ਦੇ ਲਈ ਇਹ ਇੱਕ ਬਹੁਤ ਵੱਡਾ ਸਾਧਨ ਸੀ । ਪਰ ਜਿੱਥੇ ਸੰਵਿਧਾਨਿਕ ਵਿਧੀਆਂ ਖੁੱਲ੍ਹੀਆਂ ਹਨ, ਉੱਤੇ ਇਹਨਾਂ ਗ਼ੈਰ ਸੰਵਿਧਾਨਿਕ ਵਿਧੀਆਂ ਲਈ ਕੋਈ ਤਰਕ ਨਹੀਂ ਹੋ ਸਕਦਾ । ਇਹ ਵਿਧੀਆਂ ਅਰਾਜਕਤਾ ਦੇ ਵਿਆਕਰਨ ਤੋਂ ਇਲਾਵਾ ਕੁਝ ਵੀ ਨਹੀਂ ਹਨ ਅਤੇ ਜਿੰਨੀ ਜਲਦੀ ਉਹ ਛੱਡੀਆਂ ਜਾਂਦੀਆਂ ਹਨ, ਸਾਡੇ ਲਈ ਬਿਹਤਰ ਹੈ ।"

"ਸਾਨੂੰ ਯੌਨ ਸਟੂਅਰਟ ਮਿਲ ਦੀ ਉਸ ਚਿਤਾਵਨੀ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ, ਜੋ ਉਹਨਾਂ ਨੇ ਉਹਨਾਂ ਦੇ ਲੋਕਾਂ ਨੂੰ ਦਿੱਤੀ ਹੈ, "ਜੋ ਲੋਕ ਪਰਜਾਤੰਤਰ ਬਣਾ ਕੇ ਰਖਣਾ ਚਾਹੁੰਦੇ ਹਨ, ਅਤੇ ਦਿਲਚਸਪੀ ਰਖਦੇ ਹਨ । ਉਹ ਆਪਣੀ ਸੁਤੰਤਰਤਾ ਨੂੰ ਮਹਾਨਾਇਕ ਦੇ ਚਰਨਾਂ ਵਿਚ ਸਮਰਪਿਤ ਨਾਂ ਕਰਨ, ਜਾਂ ਉਸ ਉੱਤੇ ਵਿਸ਼ਵਾਸ ਕਰਕੇ ਐਨੀਆਂ ਸ਼ਕਤੀਆਂ ਨਾਂ ਦੇ ਦੇਣ, ਕਿ ਉਹ ਸੰਸਥਾ ਨੂੰ ਖਤਮ ਕਰਨ ਵਿਚ ਸਮਰੱਥ ਹੋ ਜਾਵੇ ।"

"ਦੇਸ਼ ਵਿਚ ਲੰਬੇ ਸਮੇਂ ਤੋਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਮਹਾਨ ਵਿਅਕਤੀਆਂ ਦਾ ਸ਼ੁਕਰਗੁਜ਼ਾਰ ਹੋਣ ਵਿਚ ਕੁਝ ਵੀ ਗਲਤ ਨਹੀਂ ਹੈ । ਪਰ ਧੰਨਵਾਦੀ ਹੋਣ ਦੀ ਸੀਮਾ ਵੀ ਹੈ ।

(ਬਾਕੀ ਅਗਲੇ ਸਫੇ 'ਤੇ)

# ਕੀ ਕਾਨੂੰਨ ਹੱਲ ਕਰ ਪਾਵੇਗਾ ਦਲਿਤਾਂ ਦੀ ਪਰੇਸ਼ਾਨੀ



ਹਰਪ੍ਰੀਤ ਸਿੰਘ ਬਰਾੜ
ਸਾਬਕਾ ਡੀ ਓ, 174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ, ਬਠਿੰਡਾ

ਸਰਵ ਉੱਚ ਅਦਾਲਤ ਵੱਲੋਂ ਅਨੁਸੂਚਿਤ ਜਾਤੀ ਅਤੇ ਜਨਜਾਤੀ ਐਕਟ 'ਤੇ ਇੱਕ ਫੈਸਲਾ ਆਇਆ ਹੈ। ਪਰ ਫੈਸਲੇ 'ਤੇ ਰਾਜਨੀਤੀ ਸ਼ੁਰੂ ਹੋ ਗਈ ਹੈ।ਆਖਿਰ ਕਿਉਂ ?ਫੈਸਲੇ 'ਚ ਬੁਰਾਈ ਕੀ ਹੈ। ਪਰ ਕਥਿਤ ਦਲਿਤ ਹਿਮਾਇਤੀ ਅਤੇ ਨੇਤਾਵਾਂ ਨੂੰ ਬਦਹਜ਼ਮੀ ਹੋਣ ਲੱਗੀ ਹੈ। ਉਨ੍ਹਾਂ ਨੂੰ ਊਨਾਂ ਤਾ ਦਿਖਦਾ ਹੈ ਪਰ ਭੀਮਾਂ ਅਤੇ ਕੋਰੇਗਾਂਵ ਦੇਖਣ ਲਈ ਉਹ ਤਿਆਰ ਨਹੀਂ ਹਨ। ਦਲਿਤਾਂ ਅਤੇ ਆਦੀਵਾਸੀਆਂ ਨੂੰ ਸਮਾਜ ਦੀ ਹੈਂਕੜੀ ਅਤੇ ਸਮੱਰਥ ਜਾਤੀਆਂ ਦੇ ਪ੍ਰਕੋਪ ਤੋਂ ਬਚਾਉਣ ਦੇ ਲਈ ਅੱਜ ਤੋਂ ਲਗਪਗ 30 ਸਾਲ ਪਹਿਲਾਂ ਇਹ ਕਾਨੂੰਨ ਬਣਾਇਆ ਗਿਆ ਸੀ। ਦਲਿਤਾਂ ਅਤੇ ਆਦੀਵਾਸੀਆਂ ਨੂੰ ਸਾਰਵਜਨਿਕ ਅਪਮਾਨ ਅਤੇ ਮਾਰਕੁੱਟ ਤੋਂ ਬਚਾਉਣ ਦੇ ਲਈ 1989 'ਚ ਇਹ ਕਾਨੂੰਨ ਬਣਾਇਆ ਗਿਆ। ਸੁਪਰੀਮ ਕੋਰਟ ਦਾ ਇਹ ਤਾਜਾ ਫੈਸਲਾ ਡਾਕਟਰ ਸੁਭਾਸ਼ ਕਾਸ਼ੀਨਾਥ ਮਹਾਜਨ ਬਨਾਮ ਮਹਾਂਰਾਸ਼ਟਰ ਅਤੇ ਏਐਨਆਰ ਮਾਮਲੇ 'ਚ ਆਇਆ ਹੈ। ਮਾਮਲਾ ਮਹਾਂਰਾਸ਼ਟਰ ਦਾ ਹੈ ਜਿੱਥੇ ਅਨੁਸੂਚਿਤ ਜਾਤੀ ਦੇ ਇੱਕ ਵਿਅਕਤੀ ਨੇ ਆਪਣੀ ਸੀਨੀਅਰ ਅਧਿਕਾਰੀਆਂ ਦੇ ਖਿਲਾਫ ਹਿਸ ਕਾਨੂੰਨ ਦੇ ਅਧੀਨ ਮਾਮਲਾ ਦਰਜ ਕਰਵਾਇਆ ਸੀ।

ਸਾਡੇ ਸਮਾਜ 'ਚ ਦਲਿਤ ਅਤੇ ਰਿਜਰਵੇਸ਼ਨ ਬੇਹੱਦ ਸੰਵੇਦਨਸ਼ੀਲ ਮਸਲਾ ਹੈ।ਇਸ 'ਤੇ ਜ਼ੁਬਾਨ ਖੁੱਲ੍ਹੀ ਨਹੀਂ ਕਿ ਸਿਆਸਤਦਾਨ ਸਿਆਸੀ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੰਦੇ ਹਨ ਅਤੇ ਪੂਰੀ ਤਰ੍ਹਾਂ ਕੋਸ਼ਿਸ਼ ਰਹਿੰਦੀ ਹੈ ਕਿ ਕਿਸੇ ਤਰ੍ਹਾਂ ਅੱਗ ਲਗਾ ਸਮਾਜ ਨੂੰ ਵੰਡ ਕੇ ਹਕੂਮਤ ਆਪਣੇ ਹੱਥ ਆ ਜਾਵੇ। ਯਾਨੀ ਰਿਜਰਵੇਸ਼ਨ ਅਤੇ ਦਲਿਤ ਅੰਦੋਲਣ ਇੱਕ ਤਰ੍ਹਾਂ ਨਾਲ ਸੱਤਾ ਦੀ ਚਾਬੀ ਹੈ। ਅਜਿਹਾ ਲੱਗਦਾ ਹੈ ਕਿ ਦਲਿਤਾਂ ਅਤੇ ਆ-ਦੀਵਾਸੀਆਂ ਦੀ ਚਿੰਤਾ ਸਿਰਫ ਰਾਜਨੀਤਿਕ ਦਲਾਂ ਅਤੇ ਨੇਤਾਵਾਂ ਨੂੰ ਹੀ ਹੈ ਬਾਕੀ ਸਮਾਜ ਇਸ 'ਤੇ ਮੌਨ ਹੈ। ਰਾਜਨੀਤੀ ਦੇ ਲਈ ਦਲਿਤਾਂ ਦੇ ਮੁੱਦਿਆਂ ਦੇ ਵਿਚਾਰ-ਬਹਿਸ ਬੇਹੱਦ ਖਾਸ ਹੈ,ਪਰ ਇਹ ਖੋਖਲਾ ਅਤੇ ਬਣਾਉਟੀ ਹੈ।

ਇੱਥੇਂ ਤੱਕ ਹੈ ਕਿ ਰਿਜਰਵੇਸ਼ਨ ਅਦੇ ਦਲਿਤਾਂ ਦੇ ਮੁੱਦਿਆਂ 'ਤੇ ਚਰਚਾ ਕਰਨਾ ਵੀ ਗੁਨਾਹ ਹੈ। ਦਲਿਤਾਂ ਦੀ ਸਮਾਜਿਕ ਅਦੇ ਆਰਥਿਕ ਸੁਰੱਖਿਆ ਦੇ ਨਾਲ ਸਵਿੰਧਾਨਕ ਅਧਿਕਾਰਾਂ ਦੇ ਬਚਾਅ ਦੇ ਲਈ ਤਮਾਮ ਕਾਨੂੰਨ ਬਣੇ ਅਤੇ ਬਣਾਏ ਗਏ। ਇਸਦੇ ਇਲਾਵਾ ਆਜਾਦੀ ਤੋਂ ਬਾਅਦ ਸੰਵਿਧਾਨ 'ਚ ਕਈ ਬਦਲਾਅ ਕੀਤੇ ਗਏ ਹਨ। ਪਰ ਉਹ ਕਿੰਨੇ ਸਾਰਥਕ ਜਾ ਅਸਰਦਾਰ ਸਾਬਿਤ ਹੋਏ ਹਨ ,ਇਹ ਕਹਿਣਾ ਮੁਸ਼ਕਿਲ ਹੈ।ਇਸ ਤਰ੍ਹਾਂ ਦੇ ਕਾਨੂੰਨ 'ਚ ਦਲਿਤਾਂ ਨੂੰ ਸਮਾਜਿਕ ਸੁਰੱਖਿਆ ਅਤੇ ਸਮਾਨਤਾ ਦਾ ਅਧਿਕਾਰ ਉਨਾਂ ਨੂੰ ਭਾਵੇਂ ਨਾ ਦਵਾ ਸਕੇ ਹੋਣ ਪਰ ਲੋਕਾਂ 'ਚ ਕਾਨੂੰਨੀ ਡਰ ਪੈਦਾ ਕਰਨ 'ਚ ਸਫਲ ਰਹੇ ਹਨ। ਹਾਲਾਂਕਿ ਇਸ ਦਾ ਦੁਰਉਪਯੋਗ ਵੀ ਹੋਇਆ ਹੈ ਅਤੇ ਸਿਆਸੀ ਫਾਇਦੇ ਲਈ ਵੀ ਇਸ ਨੂੰ ਹਥਿਆਰ ਦੇ ਰੂਪ 'ਚ ਇਸਤੇਮਾਲ ਕੀਤਾ ਗਿਆ। ਹਾਲਾਂਕਿ ਦਲਿਤਾਂ ਦੇ ਹਿੱਤਾਂ ਦੀ ਰਾਖੀ ਵਾਲੇ ਇਸ ਕਾਨੂੰਨ ਦਾ ਖੁੱਲ੍ਹਾਂ ਦੁਰਉਪਯੋਗ ਹੋ ਰਿਹਾ ਹੈ, ਜਿਸਦੇ ਕਾਰਨ ਸਮਾਜ 'ਚ ਡੂੰਘੀ ਖਾਈ ਵੱਧ ਰਹੀ ਹੈ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਨੂੰ ਸਮਾਜ ਨੂੰ ਮੌਜੂਦਾ ਸਮੇਂ ਦੀ ਜਰੂਰਤ ਨੂੰ ਦੇਖ ਕੇ ਫੈਸਲਾ ਦੇਣਾ ਪਿਆ।

ਕਾਂਗ੍ਰਸ ਅਤੇ ਹੋਰ ਪਾਰਟੀਆਂ ਨੇ ਇਸ 'ਤੇ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ।ਅਜਿਹਾ ਲੱਗਣ ਲੱਗਿਆ ਹੈ ਕਿ ਇਸ ਕਾਨੂੰਨ ਤੋਂ ਬਾਅਦ ਦਲਿਤ ਇਸ ਦੇਸ਼ 'ਚ ਨਹੀਂ ਰਹਿ ਪਾਉਣਗੇ। ਉਨ੍ਹਾਂ ਦਾ ਹੋਰ ਜਿਆਦਾ ਸ਼ੋਸ਼ਣ ਹੋਣ ਲੱਗੇਗਾ। ਅਫਸੋਸ ਅਦਾਲਤ ਜੇਕਰ ਐਸਸੀ ਅਤੇ ਐਸਟੀ ਐਕਟ 'ਤੇ ਫਾਂਸੀ ਦੀ ਸਜਾ ਨਿਰਧਾਰਿਤ ਕਰਦੀ ਤਾਂ ਇਸ 'ਤੇ ਵੀ ਰਾਜਨੀਤੀ ਹੁੰਦੀ। ਕਿਉਂਕਿ ਸਵਾਲ ਰਾਜਨੀਤੀ ਦਾ ਹੈ। ਹੁਣ ਤੱਕ ਜਿੰਨੇ ਵੀ ਕਾਨੂੰਨ ਬਣੇ ਹਨ ਕੀ ਉਹ ਅਪਰਾਧ ਰੋਕਣ 'ਚ ਸਮੱਰਥ ਹਨ। ਕੀ ਤਮਾਮ ਕਾਨੂੰਨਾਂ ਦੇ ਬਾਅਦ ਅਲੱਗ ਜਾਤੀਆਂ-ਧਰਮ, ਸੰਪ੍ਰਦਾਏ ਦੇ ਖਿਲਾਫ ਅਪਰਾਧ ਘੱਟ ਹੋਏ ਹਨ।ਦੇਸ਼ ਦੇ ਕਈ ਰਾਜਾਂ 'ਚ ਬਲਾਤਕਾਰ ਦੇ ਖਿਲਾਫ ਫਾਂਸੀ ਦੀ ਸਜਾ ਦਾ ਕਾਨੂੰਨ ਹੈ ਫਿਰ ਵੀ ਕੀ ਇਸ ਤਰ੍ਹਾਂ ਦੀਆਂ ਘਟਨਾਵਾਂ ਰੁਕ ਗਈਆਂ ਹਨ। ਅਨੁਸੂਚਿਤ ਜਾਤੀ ਅੱਤਿਆਚਾਰ ਨਿਪਟਾਰਾ ਐਕਟ ਲੰਮੇ ਅਰਸੇ ਤੋਂ ਬਣਿਆ ਹੈ ਫਿਰ ਊਨਾਂ ਜਿਹੀਆਂ ਘੱਟਨਾਵਾਂ ਕਿਉਂ ਹੁੰਦੀਆਂ ਹਨ? ਸਿਰਫ ਕਾਨੂੰਨ ਅਤੇ ਸੰਵਿਧਾਨ ਨਾਲ ਕਿਸੇ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਹੋ ਸਕਦੀ ਜਦੋਂ ਤੱਕ ਲੋਕਾਂ 'ਚ ਸਮਾਜਿਕ ਜਾਗਰੂਕਤਾ ਨਹੀਂ ਆਵੇਗੀ। ਦਲਿਤ ਹੋਣ ਜਾਂ ਪਿਛੜਾ, ਬ੍ਰਾਹਮਣ ਜਾ ਆਮ ਨਾਗਰਿਕ ਸਾਰਿਆਂ ਦੇ ਅਧਿਕਾਰਾ ਦੀ ਰੱਖਿਆ ਹੋਣੀ ਚਾਹੀਦੀ ਹੈ। ਸੰਵਿਧਾਨ ਦੇ ਦਾਇਰੇ 'ਚ ਸਮਾਜਿਕ ਸੁਰੱਖਿਆ, ਰੀਤੀ-ਰਿਵਾਜ ਅਤੇ ਪਰੰਪਰਾਵਾ ਦੇ ਨਾਲ ਜਿਉਣ ਦੀ ਪੂਰੀ ਆਜਾਦੀ ਹੈ। ਪਰ ਸਮਾਜਿਕ ਸੁਰੱਖਿਆ ਅਤੇ ਕਾਨੂੰਨੀ ਆੜ 'ਚ ਕਿਸੇ ਕਾਨੂੰਨ ਦਾ ਗਲਤ ਇਸਤੇਮਾਲ ਕੀਤਾ ਜਾਵੇ ਤਾਂ ਇਹ ਗਲਤ ਹੈ। ਅਦਾਲਤ ਨੇ ਫੈਸਲੇ 'ਚ ਇਹ ਤਾਂ ਨਹੀਂ ਕਿਹਾ ਕਿ ਇਸ ਐਕਟ ਨੂੰ ਹੀ ਖਤਮ ਕਰ ਦਿੱਤਾ ਜਾਵੇ ਜਾਂ ਫਿਰ ਦਲਿਤ ਦੇ ਸੋਸ਼ਣ ਦੇ ਕੇਸ ਹੀ ਨਾ ਦਰਜ ਕੀਤੇ ਜਾਣ।

ਉਸਨੇ ਤਾਂ ਇਸ ਕਾਨੂੰਨ ਦੇ ਗਲਤ ਇਸਤੇਮਾਲ 'ਤੇ ਚਿੰਤਾ ਜਤਾਉਂਦੇ ਹੋਏ ਫੈਸਲਾ ਸੁਣਾਇਆ ਹੈ। ਅਦਾਲਤ ਨੇ ਜੋ ਹੁਕਮ ਸੁਣਾਇਆ ਹੈ ਉਹ ਸਾਰਵਜਨਿਕ ਅਧਿਕਾਰਾਂ ਦੇ ਤਹਿਤ ਹੈ। ਇਹ ਵਿਅਕਤੀ ਦੇ ਹਿੱਤਾਂ ਦੀ ਰੱਖਿਆ ਕਰਨ ਵਾਲਾ ਹੈ। ਇਸ ਨਾਲ ਦਲਿਤਾਂ ਨੂੰ ਭਲਾ ਕੀ ਨੁਕਸਾਨ ਹੋ ਸਕਦਾ ਹੈ। ਜਸਟਿਸ ਏ ਕੇ ਗੋਇਲ ਅਤੇ ਯੂਯੂ ਲਲਿਤ ਦੇ ਬੈਂਚ ਨੇ ਕਿਹਾ ਹੈ ਕਿ ਦਲਿਤ ਉਤਪੀੜਨ ਦਾ ਕੇਸ ਦਰਜ ਹੋਣ ਦੇ ਬਾਅਤ ਸੱਤ ਦਿਨਾਂ ਦੇ ਅੰਦਰ ਸ਼ੁਰੂਆਤੀ ਜਾਂਚ ਜਰੂਰ ਪੂਰੀ ਹੋਣੀ ਚਾਹੀਦੀ ਹੈ। ਇਹ ਵੀ ਸਾਫ ਕੀਤਾ ਹੈ ਕਿ ਦੋਸ਼ੀ ਦੀ ਗ੍ਰਿਫਤਾਰੀ ਜਰੂਰੀ ਨਹੀਂ ਹੈ।

ਦੋਸ਼ੀ ਜੇਕਰ ਸਰਕਾਰੀ ਕਰਮਚਾਰੀ ਹੈ ਤਾਂ ਉਸਦੀ ਗ੍ਰਿਫਤਾਰੀ ਦੇ ਲਈ ਉਸ ਨੂੰ ਨਿਯੁਕਤ ਕਰਨ ਵਾਲੇ ਅਧਿਕਾਰੀ ਦੀ ਸਹਿਮਤੀ ਜਰੂਰੀ ਹੋਵੇਗੀ। ਦੂਜੀ ਗੱਲ ਸਰਕਾਰੀ ਕਰਮਚਾਰੀ ਨਹੀਂ ਹੈ ਤਾਂ ਗ੍ਰਿਫਤਾਰੀ ਦੇ ਲਈ ਸਮਰੱਥ ਅਧਿ-ਕਾਰੀ ਨਹੀਂ ਹੈ ਤਾਂ ਐਸ ਐਸ ਪੀ ਦੀ ਸਹਿਮਤੀ ਜਰੂਰੀ ਹੋਵੇਗੀ। ਹਾਲਾਂਕਿ ਹਾਲੇ ਤੱਕ ਕਾਨੂੰਨ 'ਚ ਅਗਾਊ ਜਮਾਨਤ ਦੀ ਸੁਵਿਧਾ ਨਹੀਂ ਸੀ ,ਪਰ ਅਦਾਲਤ ਨੇ ਆਪਣੇ ਹੁਕਮਾਂ 'ਚ ਅਗਾਊ ਜਮਾਨਤ ਨੂੰ ਇਜਾਜਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਪਹਿਲੀ ਨਜਰ 'ਚ ਜੇਕਰ ਅਜਿਹਾ ਲੱਗਦਾ ਹੈ ਕਿ ਕੋਈ ਮਾਮਲਾ ਨਹੀਂ ਹੈ ਜਾਂ ਜਿੱਥੇ ਨਿਆਂਇਕ ਸਮੀਖਿਆ ਤੋਂ ਬਾਅਦ ਇੰਝ ਲੱਗਦਾ ਹੈ ਕਿ ਕਾਨੂੰਨ ਦੇ ਅੰਤਰਗਤ ਸ਼ਿਕਾਇਤ 'ਚ ਬਦਨੀਤੀ ਦੀ ਭਾਵਨਾ ਹੈ, ਉਥੇ ਅਗਾਊ ਜਮਾਨਤ 'ਤੇ ਕੋਈ ਰੋਕ ਨਹੀਂ ਹੈ।ਫੈਸਲੇ 'ਚ ਅਦਾਲਤ ਨੇ ਇੱਕ ਵੱਡੀ ਗੱਲ ਕਹੀ ਹੈ ਜਿਸ 'ਚ ਕਿਹਾ ਹੈ ਕਿ ਐਸਸੀ ਅਤੇ ਐਸਟੀ ਕਾਨੂੰਨ ਦਾ ਇਹ ਮਤਲਬ ਨਹੀਂ ਹੈ ਕਿ ਜਾਤੀ ਵਿਵਸਥਾ ਜਾਰੀ ਰਹੇ ਕਿਉਂਕਿ ਅਹਿਜਾ ਹੋਣ 'ਤੇ ਸਮਾਜ 'ਚ ਸਾਰਿਆਂ ਨੂੰ ਇੱਕੋ ਨਾਲ ਲਿਆਉਣ 'ਚ ਸੰਵਿਧਾਨਿਕ ਕੀਮਤਾਂ 'ਤੇ ਅਸਰ ਪੈ ਸਕਦਾ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨ ਬਿਨਾਂ ਜਾਤੀ ਜਾ ਧਰਮ ਦੇ ਭੇਦਭਾਵ ਦੇ ਸਾਰਿਆਂ ਦੀ ਬਰਾਬਰੀ ਦੀ ਗੱਲ ਕਰਦਾ ਹੈ। ਐਨ ਸੀ ਆਰ ਬੀ ਦੀ ਰਿਪੋਰਟ ਮੁਤਾਬਿਕ ਸਾਲ 2015 'ਚ ਐਸ ਸੀ/ ਨੈਸ ਟੀ ਨੈਕਟ 'ਚ 15-16 ਫੀਸਦ ਮਾਮਲਿਆਂ 'ਚ ਪੁਲਿਸ ਨੇ ਜਾਂਚ ਤੋਂ ਬਾਅਦ ਕਲੋਜ਼ਰ ਰਿਪੋਰਟ ਦਾਖਲ ਕਰ ਦਿੱਤੀ ਸੀ। ਇਸ ਤੋਂ ਇਲਾਵਾ ਅਦਾਲਤ 'ਚ ਗਏ 75 ਫੀਸਦ ਮਾਮਲਿਆਂ ਨੂੰ ਜਾਂ ਤਾ ਖਤਮ ਕਰ ਦਿੱਤਾ ਗਿਆ ਜਾਂ ਉਨ੍ਹਾਂ 'ਚੋਂ ਦੋਸ਼ੀ ਬਰੀ ਹੋ ਗਏ।

ਫਿਰ ਇਸ ਤਰ੍ਹਾਂ ਦੇ ਦੋਸ਼ਾਂ ਦੀ ਕਿੰਨੀ ਕੁ ਸੱਚਾਈ ਹੈ। ਅਨੁਸੂਚਿਤ ਜਾਤੀ ਜਨ ਜਾਤੀ ਕਾਨੂੰਨ ਨੂੰ ਹੋਰ ਜਿਆਦਾ ਮਜਬੂਤ ਕਰਨ ਦੀ ਮੰਗਗ ਦੇ ਲਈ ਬਣਾਏ ਗਏ ਦਲਿਤ ਸੰਗਠਨਾਂ ਨੇ ਇੱਕ ਰਾਸ਼ਟਰੀ ਗੰਠਬੰਧਨ ਦਾ ਕਹਿਣਾ ਹੈ ਕਿ ਦੇਸ਼ 'ਚ ਔਸਤਨ ਹਰ 15 ਮਿੰਟ 'ਚ 4 ਦਲਿਤ ਅਤੇ ਆਦੀਵਾਸੀਆਂ ਦੇ ਨਾਲ ਜਿਆਦਤੀ ਕੀਤੀ ਜਾਂਦੀ ਹੈ। ਰੋਜਾਨਾ ਤਿੰਨ ਦਲਿਤ ਮਹਿਲਾਵਾਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ, 11 ਦਲਿਤਾਂ ਦੀ ਕੁੱਟਮਾਰ ਹੁੰਦੀ ਹੈ। ਹਰ ਹਫਤੇ 13 ਦਲਿਤਾਂ ਤੀ ਹੱਤਿਆ ਕੀਤੀ ਜਾਂਦੀ ਹੈ ਅਤੇ ਪੰਜ ਦਲਿਤਾਂ ਦੇ ਘਰ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ ਜਦਕਿ 6 ਦਲਿਤਾਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਸੰਗਠਨ ਦੇ ਮੁਤਾਬਿਕ ਪਿਛਲੇ 15 ਸਾਲਾਂ 'ਚ ਦਲਿਤਾਂ ਦੇ ਖਿਲਾਫ ਜਿਆਦਤੀ ਦੇ 5 ਲੱਖ ਤੋਂ ਜਿਆਦਾ ਮਾਮਲੇ ਦਰਜ ਕੀਤੇ ਗਏ ਹਨ।

ਇਸ ਤਰ੍ਹਾਂ ਦੇਖੀਏ ਤਾਂ ਡੇਢ ਕਰੋੜ ਦਲਿਤ ਅਤੇ ਆਦੀਵਾਸੀ ਪ੍ਰਭਾਵਿਤ ਹੋਏ ਹਨ। 2013 'ਚ ਦਲਿਤਾਂ 'ਤੇ ਜਿਆਦਤੀ ਦੇ 39,346 ਮੁਕੱਦਮੇ ਦਰਜ ਹੋਏ ਸਨ। ਦਲਿਤਾਂ ਦੇ ਇੱਕ ਸਮੂਹ ਨੇ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਉਹ ਅਨੁਸੂਚਿਤ ਜਨਜਾਤੀ ਐਕਟ ਨੂੰ ਲਾਗੂ ਕਰਨ ਦੇ ਬਾਰੇ 'ਚ ਸੁਪਰੀਮ ਕੋਰਟ 'ਚ ਚੁਣੌਤੀ ਦੇਵੇ। ਸੰਗਠਨ ਨੇ ਕਿਹਾ ਕਿ ਕੋਰਟ ਦੇ ਇਸ ਫੈਸਲੇ ਦਾ ਸਮਾਜਿਕ ਨਿਆਂ ਦੀ ਧਾਰਨਾ 'ਤੇ ਨਕਰਾਤਮਕ ਅਸਰ ਪਵੇਗਾ।

ਜਦਕਿ ਬੀਜੇਪੀ ਸਾਂਸਦਾ ਨੇ ਵੀ ਕੋਰਟ ਦੇ ਇਸ ਫੈਸਲੇ ਨੂੰ ਲੈ ਕੇ ਕੇਂਦਰੀ ਸਮਾਜਿਕ ਨਿਆਂ ਮੰਤਰੀ ਥਾਵਰਚੰਦ ਗਹਿਲੋਤ ਨਾਲ ਮੁਲਾਕਾਤ ਕੀਤੀ ਹੈ। ਸਾਂਸਦਾਂ ਨੇ ਗਹਿਲੋਤ ਨਾਲ ਇਸ ਮਾਮਲੇ ਨੂੰ ਪ੍ਰਧਾਨਮੰਤਰੀ ਨਰਿੰਦਰ ਮੋਦੀ ਦੇ ਸਾਹਮਣੇ ਰੱਖਣ ਨੂੰ ਕਿਹਾ ਹੈ। ਅਨਿਆਂ ਕਿਸੇ ਨਾਲ ਨਹੀਂ ਹੋਣਾ ਚਾਹੀਦਾ। ਸਾਰਿਆਂ ਦੇ ਹਿੱਤਾਂ ਦੀ ਕਾਨੂੰਨੀ ਰੱਖਿਆ ਹੋਣੀ ਚਾਹੀਦੀ ਹੈ। ਤਾਂ ਹੀ ਬਰਾਬਰੀ ਦੇ ਸਮਾਜ ਦੀ ਸਥਾਪਨਾ 'ਚ ਆਪਣਾ ਰੋਲ ਅਦਾ ਕਰ ਸਕਦੇ ਹਾਂ। ਸੰਵਿਧਾਨਿਕ ਤੰਤਰ ਨੂੰ ਵੀ ਆਪਣੀ ਆਜਾਦੀ ਦੇ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ। ਅਦਾਲਤੀ ਫੈਸਲਿਆਂ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ।

# ਭਾਰਤੀ ਸੰਵਿਧਾਨ ਅਤੇ ਬਾਬਾ ਸਾਹਿਬ ਦਾ ਭਾਸ਼ਨ

**(ਸਫਾ 15 ਦੀ ਬਾਕੀ)**

ਜਿਵੇਂ ਕਿ ਆਇਰਿਸ਼ ਪੈਟਰੋਟ ਡੈਨੀਅਲ ਓ ਕਾਮੇਲ ਨੇ ਵਧੀਆ ਢੰਗ ਨਾਲ ਕਿਹਾ ਹੈ, ਕੋਈ ਵੀ ਵਿਅਕਤੀ ਆਪਣੇ ਸਨਮਾਨ ਦੀ ਕੀਮਤ 'ਤੇ ਸ਼ੁਕਰਗੁਜ਼ਾਰ ਨਹੀਂ ਹੋ ਸਕਦਾ, ਕੋਈ ਵੀ ਔਰਤ ਆਪਣੀ ਪਵਿਤਰਤਾ ਦੀ ਕੀਮਤ' ਤੇ ਕੋਈ ਸ਼ੁਕਰਗੁਜ਼ਾਰ ਨਹੀਂ ਹੋ ਸਕਦੀ ਅਤੇ ਕੋਈ ਵੀ ਰਾਸ਼ਟਰ ਆਪਣੀ ਆਜ਼ਾਦੀ ਦੀ ਕੀਮਤ 'ਤੇ ਕਿਸੇ ਵੀ ਮਹਾਨ ਵਿਅਕਤੀ ਦਾ ਸ਼ੁਕਰਗੁਜ਼ਾਰ ਨਹੀਂ ਹੋ ਸਕਦਾ ।" "ਇਹ ਸਾਵਧਾਨੀ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਭਾਰਤ ਦੇ ਮਾਮਲੇ ਵਿਚ ਬਹੁਤ ਜ਼ਿਆਦਾ ਜ਼ਰੂਰੀ ਹੈ। ਭਾਰਤ ਵਿਚ ਭਗਤ ਜਾਂ ਜਿਸ ਨੂੰ ਭਗਤੀ ਜਾਂ ਨਾਇਕ ਪੂਜਾ ਦਾ ਰਾਹ ਕਿਹਾ ਜਾ ਸਕਦਾ ਹੈ, ਉਸ ਦੀ ਰਾਜਨੀਤੀ ਵਿਚ ਇਕ ਅਨੋਖੀ ਭੂਮਿਕਾ ਹੈ ਜੋ ਇਸ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੀ ਰਾਜਨੀਤੀ ਵਿਚ ਦਖਲ ਦੇ ਮੁਕਾਬਲੇ ਭਾਰਤੀ ਰਾਜਨੀਤੀ ਦਾ ਸੰਤੁਲਨ ਵਿਗਾੜਨ ਦਾ ਖੇਡ ਖੇਡਦੀ ਹੈ । ਧਰਮ ਵਿਚ ਭਗਤੀ ਆਤਮਾ ਦੀ ਮੁਕਤੀ ਲਈ ਇਕ ਰਾਹ ਹੋ ਸਕਦੀ ਹੈ । ਪਰ ਰਾਜਨੀਤੀ ਵਿਚ ਭਗਤੀ ਜਾਂ ਨਾਇਕ ਪੂਜਾ ਲੋਕਤੰਤਰ ਦਾ ਪਤਨ ਅਤੇ ਆਖਰੀ ਤਾਨਾਸ਼ਾਹੀ ਦਾ ਰਾਹ ਖੋਲਦੀ ਹੈ।"

"ਤੀਜੀ ਚੀਜ਼ ਜੋ ਸਾਨੂੰ ਕਰਨੀ ਚਾਹੀਦੀ ਹੈ, ਕਿ ਸਾਨੂੰ ਸਿਰਫ਼ ਸਿਆਸੀ ਲੋਕਤੰਤਰ ਨਾਲ ਸੰਤੁਸ਼ਟ ਨਹੀਂ ਹੋਣਾ ਹੋਵੇਗਾ। ਸਾਨੂੰ ਆਪਣੇ ਰਾਜਨੀਤਕ ਲੋਕਤੰਤਰ ਨੂੰ ਇਕ ਸਮਾਜਿਕ ਲੋਕਤੰਤਰ ਵੀ ਬਣਾਉਣਾ ਚਾਹੀਦਾ ਹੈ। ਰਾਜਨੀਤਕ ਪਰਜਾਤੰਤਰ ਅਖੀਰ ਤੱਕ ਨਹੀਂ ਚੱਲ ਸਕਦਾ ਜਦੋਂ ਤਕ ਇਸ਼ਦੀਆਂ ਜੜਾਂ ਤਕ ਸਮਾਜਿਕ ਲੋਕਤੰਤਰ ਨਹੀਂ ਹੁੰਦਾ। ਸਮਾਜਿਕ ਲੋਕਤੰਤਰ ਦਾ ਕੀ ਅਰਥ ਹੈ? ਆਜ਼ਾਦੀ, ਸਮਾਨਤਾ ਅਤੇ ਭਰੱਪਣ ਦੇ ਇਹ ਸਿਧਾਂਤ ਜੀਵਨ ਦੇ ਸਿਧਾਂਤ ਵਜੋਂ ਹਨ । ਆਜ਼ਾਦੀ, ਸਮਾਨਤਾ ਅਤੇ ਭਰੱਪਣ ਦੇ ਇਹ ਸਿਧਾਂਤ ਇੱਕ ਤਰੀਕੇ ਵਿੱਚ ਵੱਖਰੇ ਅੰਗਾਂ ਦੇ ਤੌਰ ਤੇ ਨਹੀਂ ਕੀਤੇ ਜਾਣੇ ਚਾਹੀਦੇ। ਉਹ ਯੂਨੀਅਨ ਦਾ ਗਠਨ ਕਰਦੇ ਹਨ ਇਸ ਦੇ ਨਾਲ ਹੀ ਇਕ ਨੂੰ ਦੂਜੇ ਤੋਂ ਵੱਖ ਕਰਨਾਂ ਲੋਕਤੰਤਰ ਦੇ ਮਕਸਦ ਨਾਲ ਹਰਾਉਣ ਦੀ ਤਿਆਰੀ ਹੋਵੇਗੀ।

"ਆਜ਼ਾਦੀ ਦਾ ਸਮਾਨਤਾ ਤੋਂ ਰਿਸ਼ਤਾ ਟੁੱਟ ਨਹੀਂ ਸਕਦਾ, ਸਮਾਨਤਾ ਦੀ ਆਜ਼ਾਦੀ ਤੋਂ ਰਿਸ਼ਤਾ ਟੁੱਟ ਨਹੀਂ ਸਕਦਾ। ਨਾ ਹੀ ਆਜ਼ਾਦੀ ਅਤੇ ਸਮਾਨਤਾ ਦਾ ਭਰੱਪਣ ਤੋਂ ਰਿਸ਼ਤਾ ਟੁੱਟ ਸਕਦਾ ਹੈ। ਸਮਾਨਤਾ ਦੇ ਬਿਨਾ 'ਆਜ਼ਾਦੀ, ਬਹੁਤੀ ਜਨਤਾ ਉੱਤੇ ਥੋੜੇ ਜਿਹੇ ਲੋਕਾਂ ਦੀ ਚੌਧਰ ਨੂੰ ਜਨਮ ਦੇਵੇਗੀ। ਅਜ਼ਾਦੀ ਦੇ ਬਿਨਾਂ ਸਮਾਨਤਾ ਵਿਅਕਤੀਗਤ ਫੈਸਲੇ ਲੈਣ ਦੀ ਪਹਿਲਕਦਮੀ ਨੂੰ ਖ਼ਤਮ ਕਰ ਦੇਵੇਗੀ । ਭਰੱਪਣ ਦੇ ਬਿਨਾਂ ਅਜ਼ਾਦੀ, ਕੁਝ ਲੋਕਾਂ ਦੀ ਚੌਧਰ ਨੂੰ ਬਹੁਤ ਸਾਰੇ ਲੋਕਾਂ ਉੱਤੇ ਥੋਪਣ ਦਾ ਕੰਮ ਕਰੇਗੀ। ਅਜ਼ਾਦੀ ਦੇ ਬਿਨਾਂ ਸਮਾਨਤਾ ਵਿਅਕਤੀਗਤ ਪਹਿਲਕਦਮੀ ਨੂੰ ਖ਼ਤਮ ਕਰ ਦੇਵੇਗੀ। ਭਰੱਪਣ ਅਜ਼ਾਦੀ ਅਤੇ ਸਮਾਨਤਾ ਤਿੰਨਾਂ ਦੇ ਸੁਮੇਲ ਬਿਨਾਂ ਕਿਸੇ ਵਿਅਕਤੀ ਦੇ ਸੁਭਾ ਦੀ ਇੱਕ ਪ੍ਰਕਿਰਤਕ ਸਰੰਚਨਾ ਨਹੀਂ ਬਣ ਸਕਦਾ। ਇਸ ਨੂੰ ਲਾਗੂ ਕਰਨ ਲਈ ਸ਼ਕਤੀ ਦੀ ਲੋੜ ਹੋਵੇਗੀ ।"

"ਸਾਨੂੰ ਇਸ ਤੱਥ ਨੂੰ ਸਵੀਕਾਰ ਕਰਕੇ ਅੱਗੇ ਸ਼ੁਰੂ ਕਰਨਾ ਚਾਹੀਦਾ ਹੈ ਕਿ ਇੰਡੀਅਨ ਸੁਸਾਇਟੀ ਵਿਚ ਦੋ ਗੱਲਾਂ ਦੀ ਪੂਰਨ ਗੈਰਹਾਜ਼ਰੀ ਹੈ। ਇਹਨਾਂ ਵਿੱਚੋਂ ਇੱਕ ਹੈ ਸਮਾਨਤਾ। ਸਮਾਜਿਕ ਪੱਧਰ ਉੱਤੇ, ਸਾਡੇ ਕੋਲ ਭਾਰਤ ਵਿੱਚ ਅਜਿਹੀਆਂ ਪੌੜੀ ਨੁਮਾਂ ਅਸਮਾਨਤਾ ਦੇ ਸਿੱਧਾਂਤ ਦੇ ਅਧਾਰ ਤੇ ਇੱਕ ਸਮਾਜ ਹੈ। ਜਿਸ ਵਿੱਚ ਸਾਡੇ ਕੋਲ ਜੋ ਇਹ ਸਮਾਜ ਹੈ, ਉਸ ਵਿੱਚ ਅਮੀਰ ਕੋਲ ਢੇਰ ਸਾਰਾ ਧੰਨ ਹੈ, ਅਤੇ ਗ਼ਰੀਬੀ ਵਿੱਚ ਵੀ ਰਹਿਣ ਵਾਲੇ ਬਹੁਤ ਸਾਰੇ ਬੇਘਰੇ ਲੋਕ ਹਨ । 26 ਜਨਵਰੀ 1950 ਨੂੰ, ਅਸੀਂ ਵਿਰੋਧਾਭਾਸ ਨਾਲ ਭਰੇ ਜੀਵਨ ਵਿਚ ਪ੍ਰਵੇਸ਼ ਕਰਨ ਜਾ ਰਹੇ ਹਾਂ । ਰਾਜਨੀਤੀ ਵਿਚ ਸਾਡੇ ਕੋਲ ਬਰਾਬਰਤਾ ਹੋਵੇਗੀ, ਸਮਾਜਿਕ ਅਤੇ ਆਰਥਿਕ ਜੀਵਨ ਵਿਚ ਸਾਡੇ ਵਿਚ ਅਸਮਾਨਤਾ ਹੋਵੇਗੀ। ਰਾਜਨੀਤੀ ਵਿਚ ਅਸੀਂ ਇਕ ਵਿਅਕਤੀ ਦੇ ਇਕ ਵੋਟ ਅਤੇ ਇਕ ਵੋਟ ਬਰਾਬਰ ਦੇ ਮੁੱਲ ਦੇ ਸਿਧਾਂਤ ਨੂੰ ਮਾਨਤਾ ਦੇਵਾਂਗੇ। ਸਾਡੇ ਸਮਾਜਿਕ ਅਤੇ ਆਰਥਕ ਜੀਵਨ ਵਿੱਚ, ਅਸੀਂ, ਸਾਡੇ ਸਮਾਜਿਕ ਅਤੇ ਆਰਥਿਕ ਢਾਂਚੇ ਦੇ ਕਾਰਨ, ਇਕ ਵਿਅਕਤੀ ਦੀ ਕੀਮਤ ਦੇ ਸਿਧਾਂਤ ਨੂੰ ਰੱਦ ਕਰਨਾ ਜਾਰੀ ਰੱਖਾਂਗੇ। ਅਸੀਂ ਕਿੰਨੇ ਸਮੇਂ ਤੱਕ ਇਸ ਵਿਰੋਧਾਭਾਸੀ ਵਾਲੇ ਜੀਵਨ ਨੂੰ ਜਿਉਣਾ ਜਾਰੀ ਰੱਖਾਂਗੇ? ਕਿੰਨੀ ਦੇਰ ਤੱਕ ਅਸੀਂ ਆਪਣੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਸਮਾਨਤਾ ਤੋਂ ਇਨਕਾਰ ਕਰਦੇ ਰਹਿਣਾ ਹੈ? ਜੇ ਅਸੀਂ ਇਸ ਨੂੰ ਲੰਬੇ ਸਮੇਂ ਤਕ ਮਨਜ਼ੂਰ ਕਰਦੇ ਹਾਂ, ਤਾਂ ਅਸੀਂ ਆਪਣੇ ਰਾਜਨੀਤਕ ਪਰਜਾਤੰਤਰ ਨੂੰ ਸੰਕਟ ਵਿਚ ਪਾ ਕੇ ਅਜਿਹਾ ਹੀ ਕਰਾਂਗੇ । ਸਾਨੂੰ ਇਸ ਵਿਰੋਧਾਭਾਸ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੀਦਾ ਹੈ, ਨਹੀਂ ਤਾਂ ਜਿਹੜੇ ਅਸਮਾਨਤਾ ਤੋਂ ਪੀੜਤ ਹੋਣਗੇ ਉਹ ਰਾਜਨੀਤਕ ਪਰਜਾਤੰਤਰ ਦੀ ਬਣਤਰ ਨੂੰ ਉਡਾ ਦੇਣਗੇ, ਜਿਸ ਨੂੰ ਵਿਧਾਨ ਸਭਾ ਨੇ ਸਖ਼ਤ ਮਿਹਨਤ ਨਾਲ ਬਣਾਇਆ ਹੈ ।"

"ਦੂਸਰੀ ਚੀਜ਼ ਜੋ ਅਸੀਂ ਚਾਹੁੰਦੇ ਹਾਂ, ਉਹ ਹੈ ਭਰੱਪਣ ਦੇ ਸਿਧਾਂਤ ਦਾ ਚੰਗੀ ਤਰਾਂ ਮਤਲਬ ਸਮਝ ਲੈਣ । ਭਾਈਚਾਰੇ ਸ਼ਬਦ ਦਾ ਕੀ ਅਰਥ ਹੈ? ਭਰੱਪਣ ਦਾ ਅਰਥ ਸਾਰੇ ਭਾਰਤੀਆਂ ਦੇ ਆਪਸ ਵਿਚ ਸਾਂਝੇ ਭਾਈਚਾਰੇ ਦੀ ਭਾਵਨਾ ਹੈ- ਇਕ ਵਿਅਕਤੀ ਦਾ ਦੂਜੇ ਭਾਰਤੀ ਵਿਅਕਤੀ ਨਾਲ ਭਾਈਚਾਰਾ । ਇਹ ਇਕ ਅਜਿਹਾ ਸਿਧਾਂਤ ਹੈ ਜੋ ਏਕਤਾ ਪ੍ਰਦਾਨ ਕਰਦਾ ਹੈ ਅਤੇ ਸਮਾਜਿਕ ਜੀਵਨ ਵਿਚ ਇਕਜੁੱਟਤਾ ਬਣਾਉਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਇੱਕ ਮੁਸ਼ਕਲ ਕੰਮ ਹੈ। ਇਹ ਕਿੰਨੀ ਮੁਸ਼ਕਲ ਹੈ, ਜੇਮਜ਼ ਬਰਾਇਸ ਦੁਆਰਾ ਸੰਯੁਕਤ ਰਾਜ ਅਮਰੀਕਾ ਦੇ ਬਾਰੇ ਅਮਰੀਕੀ ਕਾਮਨਵੈਲਥ 'ਤੇ ਉਸ ਦੀ ਕੀਮਤੀ ਭਾਵ ਦੇ ਵਿਚਲੀ ਕਹਾਣੀ ਤੋਂ ਅਨੁਭਵ ਕੀਤਾ ਜਾ ਸਕਦਾ ਹੈ।" ਕਹਾਣੀ ਇਹ ਹੈ- ਮੈਂ ਇਸਨੂੰ ਬ੍ਰੇਸ ਦੇ ਸ਼ਬਦਾਂ ਵਿਚ ਦੁਹਰਾਉਣਾਂ ਚਾਹਾਂਗਾ – "ਕੁਝ ਸਾਲ ਪਹਿਲਾਂ ਅਮਰੀਕਨ ਪ੍ਰੋਟੇਸਟੈਂਟ ਏਪਿਸਕੋਪਲ ਗਿਰਜਾ ਘਰ ਨੂੰ ਆਪਣੇ ਤੀਜੀ ਕਨਵੈਨਸ਼ਨ ਵਿਚ ਕਬਜੇ ਵਿਚ ਲੈ ਪੂਜਾ ਦੇ ਨਵਾਂ ਫਾਰਮੂਲਾ ਬਣਾਇਆ ਸੀ। ਇਹ ਸਮਝਿਆ ਗਿਆ ਕਿ ਛੋਟੇ-ਵਾਕ ਵਾਲੀ ਅਰਦਾਸ ਨੂੰ ਸਾਰੇ ਲੋਕਾਂ ਲਈ ਅਰਦਾਸ ਬਣਾਈ ਜਾਵੇ, ਇੱਕ ਖਾਸ ਤੌਰ ਤੇ ਨਵੇਂ ਇੰਗਲੈਂਡ ਦੇ ਲਈ ਦੈਵੀ ਸ਼ਬਦ ਪਾਏ ਜਾਣ "ਹੇ ਪ੍ਰਭੂ, ਸਾਡੇ ਦੇਸ਼ ਨੂੰ ਅਸੀਸ ਦੇਵੋ" ਸ਼ਬਦਾਂ ਦੀ ਪ੍ਰਸਤਾਵਨਾ ਕੀਤੀ । ਇਕ ਦੁਪਹਿਰ ਨੂੰ ਇਕ ਪਲ ਵਿਚ ਛੋਟੇ-ਵਾਕ ਵਾਲੀ ਅਰਦਾਸ ਨੂੰ ਮੰਨ ਲਿਆ ਗਿਆ, ਇਸ ਛੋਟੇ-ਵਾਕ ਵਾਲੀ ਅਰਦਾਸ ਦੇ ਸਪੱਸ਼ਟਤਾ 'ਤੇ, ਨੂੰ ਦੁਬਾਰਾ ਵਿਚਾਰਨ ਲਈ ਅਗਲੇ ਦਿਨ ਸਭਾ ਵਿਚ ਲਿਆਂਦਾ ਗਿਆ, ਜਦੋਂ ਆਮ ਲੋਕਾਂ ਨੇ ਇਹ ਸ਼ਬਦ ਜੋ ਰਾਸ਼ਟਰ ਲਈ ਸਨ ਉਸ ਉੱਤੇ ਬਹੁਤ ਸਾਰੇ ਇਤਰਾਜ਼ ਉਠਾਏ, ਕੌਮੀ ਏਕਤਾ ਦੀ ਇੱਕ ਵਿਸ਼ੇਸ਼ ਪਛਾਣ ਆਯਾਤ ਕਰਨ ਲਈ, ਇਸਨੂੰ ਹਟਾ ਦਿੱਤਾ ਗਿਆ ਸੀ ਅਤੇ ਇਸਦੇ ਉਲਟ ਸ਼ਬਦਾਂ ਨੂੰ ਅਪਨਾ ਲਿਆ ਗਿਆ, "ਹੇ ਪ੍ਰਭੂ, ਸੰਜੁਕਤ ਰਾਜਾਂ ਨੂੰ ਅਸੀਂਸ ਦੇ।"

"ਉਸ ਸਮੇਂ ਅਮਰੀਕਾ ਵਿਚ ਬਹੁਤ ਘੱਟ ਇਕਜੁੱਟਤਾ ਸੀ। ਉਸ ਵੇਲੇ ਜਦੋਂ ਇਹ ਘਟਨਾ ਵਾਪਰੀ ਤਾਂ ਅਮਰੀਕਾ ਦੇ ਲੋਕਾਂ ਨੇ ਇਹ ਨਹੀਂ ਸੋਚਿਆ ਕਿ ਉਹ ਇਕ ਰਾਸ਼ਟਰ ਹਨ। ਜੇ ਅਮਰੀਕਾ ਦੇ ਲੋਕ ਮਹਿਸੂਸ ਨਹੀਂ ਕਰ ਸਕਦੇ ਸਨ ਕਿ ਉਹ ਇੱਕ ਰਾਸ਼ਟਰ ਹਨ ਤਾਂ ਭਾਰਤੀਆਂ ਲਈ ਇਹ ਸੋਚਣਾ ਕਿੰਨਾ ਮੁਸ਼ਕਿਲ ਹੈ ਕਿ ਉਹ ਇੱਕ ਰਾਸ਼ਟਰ ਹਨ। ਮੈਨੂੰ ਉਹ ਦਿਨ ਯਾਦ ਹੈ ਜਦੋਂ ਰਾਜਨੀਤਕ ਸੋਚ ਵਾਲੇ ਭਾਰਤੀਆਂ ਨੇ "ਭਾਰਤ ਦੇ ਲੋਕਾਂ" ਦੀ ਪ੍ਰਗਤੀ ਦਾ ਵਿਰੁੱਧ ਕੀਤਾ ਸੀ ।ਅਸੀਂ "ਭਾਰਤੀ ਰਾਸ਼ਟਰ" ਨੂੰ ਤਰਜੀਹ ਦਿੱਤੀ। ਮੇਰਾ ਮੰਨਣਾ ਹੈ ਕਿ ਅਸੀਂ ਇਕ ਰਾਸ਼ਟਰ ਹਾਂ, ਅਸੀਂ ਇੱਕ ਬਹੁਤ ਵੱਡਾ ਭੁਲੇਖਾ ਦਾ ਅਨੰਦ ਮਾਣ ਰਹੇ ਹਾਂ, ਕਿਵੇਂ ਹਜ਼ਾਰਾਂ ਜਾਤੀਆਂ ਵਿੱਚ ਵੰਡੇ ਲੋਕ ਇੱਕ ਰਾਸ਼ਟਰ ਹੋ ਸਕਦੇ ਹਨ?ਜਿੰਨੀ ਜਲਦੀ ਅਸੀਂ ਇਹ ਮਹਿਸੂਸ ਕਰ ਲਈਏ ਕਿ ਅਸੀਂ ਸੰਸਾਰ ਦੇ ਸਮਾਜਿਕ ਅਤੇ ਮਨੋਵਿਗਿਆਨਕ ਅਰਥਾਂ ਵਿੱਚ ਅਜੇ ਇੱਕ ਰਾਸ਼ਟਰ ਨਹੀਂ ਹਾਂ, ਸਾਡੇ ਲਈ ਚੰਗਾ ਹੈ। ਕੇਵਲ ਤਾਂ ਹੀ ਅਸੀਂ ਇੱਕ ਰਾਸ਼ਟਰ ਬਨਣ ਦੀ ਜ਼ਰੂਰਤ ਦਾ ਅਹਿਸਾਸ ਕਰਾਂਗੇ ਅਤੇ ਟੀਚਾ ਨੂੰ ਸਮਝਣ ਦੇ ਤਰੀਕਿਆਂ ਅਤੇ ਸਾਧਨਾਂ ਬਾਰੇ ਗੰਭੀਰਤਾ ਨਾਲ ਵਿਚਾਰ ਸਕਾਂਗੇ। ਇਸ ਟੀਚੇ ਦੀ ਪ੍ਰਾਪਤੀ ਬਹੁਤ ਮੁਸ਼ਕਲ ਹੋਣੀ ਹੈ- ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਰਾਸ਼ਟਰ ਹੋਣ ਦਾ ਭਾਵਨਾਂ ਹੋਣ ਨਾਲੋਂ ਭਾਰਤ ਦੀ ਇੱਕ ਰਾਸ਼ਟਰ ਹੋਣ ਦਾ ਭਾਵਨਾਂ ਹੋਣਾਂਕਿਤੇ ਜਿਆਦਾ ਮੁਸ਼ਕਿਲ ਹੈ । ਅਮਰੀਕਾ ਦੀ ਕੋਈ ਜਾਤ ਸਮੱਸਿਆ ਨਹੀਂ ਹੈ ਭਾਰਤ ਵਿਚ ਜਾਤ ਸਮੱਸਿਆ ਹੈ। ਜਾਤੀਆਂ ਰਾਸ਼ਟਰ-ਵਿਰੋਧੀ ਹਨ ਪਹਿਲੇ ਸਥਾਨ ਤੇ ਕਿਉਂਕਿ ਉਹ ਸਮਾਜਿਕ ਜੀਵਨ ਵਿੱਚ ਅਲੱਗ-ਥਲੱਗਤਾ ਲਿਆਉਂਦੀਆਂ ਹਨ। ਜਾਤੀ ਵਿਵਸਥਾ ਦੇਸ਼ ਵਿਰੋਧੀ ਵੀ ਹੁੰਦੀ ਹੈ, ਕਿਉਂਕਿ ਉਹ ਇਕ ਜਾਤ ਵਿਚ ਦੂਜੀ ਜਾਤ ਦੇ ਪ੍ਰਤੀ ਈਰਖਾ ਅਤੇ ਵਿਰੋਧਤਾ ਪੈਦਾ ਕਰਦੀ ਹੈ। ਪਰ ਜੇ ਅਸੀਂ ਅਸਲੀਅਤ ਵਿੱਚ ਇਕ ਰਾਸ਼ਟਰ ਬਨਣ ਦੀ ਇੱਛਾ ਰੱਖਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰੀਆਂ ਮੁਸ਼ਕਲਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ। ਭਰੱਪਣ ਇੱਕ ਤੱਥ ਹੋ ਸਕਦਾ ਹੈ ਜਦੋਂ ਇੱਕ ਰਾਸ਼ਟਰ ਹੁੰਦਾ ਹੈ। ਬਿਨਾਂ ਭਰੱਪਣ ਸਮਾਨਤਾ ਅਤੇ ਆਜ਼ਾਦੀ ਗਹਿਰੇ ਰੂਪ ਵਿਚ ਨਹੀਂ ਹੋ ਸਕਦੀ ਇਹ ਉਪਰੋਂ ਰੰਗ ਦੀਆਂ ਪਰਤਾਂ ਚੜਾਉਣ ਜਿਹਾ ਕੰਮ ਹੋਵੇਗਾ। ਇਹ ਉਸ ਕੰਮ ਦੇ ਪ੍ਰਤੀਬਿੰਬ ਹਨ ਜੋ ਕਰਨ ਲਈ ਸਾਡੇ ਸਾਹਮਣੇ ਪਏ ਹਨ। "ਕੁਝ ਉਹ ਕੰਮ ਹਨ ਜੋ ਆਸਾਨ ਨਹੀਂ ਹੋ ਸਕਦੇ। ਪਰ ਇਹਨਾਂ ਨਾਲ ਕੋਈ ਮੁਸ਼ਕਿਲ ਨਹੀਂ ਹੋ ਸਕਦੀ ਕਿ ਇਸ ਦੇਸ਼ ਵਿਚ ਰਾਜਨੀਤਿਕ ਸ਼ਕਤੀਆਂ ਕੁੱਝ ਸਮੇਂ ਲਈ ਏਕਾਧਿਕਾਰ ਹਨ। ਬਹੁਤ ਸਾਰੇ ਬੋਝ ਹਨ, ਪਰ ਇਸ ਦੇ ਸ਼ਿਕਾਰ ਜਾਨਵਰ ਹੀ ਹਨ। ਇਹ ਮਨੋਪਲੀ/ ਏਕਾਧਿਕਾਰ ਨੇ ਉਨ੍ਹਾਂ ਨੂੰ ਭਲਾਈ ਦੇ ਕੰਮ ਕਰਨ ਤੋਂ ਵੰਚਿਤ ਨਹੀਂ ਕੀਤਾ ਹੈ, ਉਹ ਇਹ ਕਰ ਸਕਦੇ ਹਨ ਅਤੇ ਜੀਵਨ ਦੇ ਮਹੱਤਵ ਨੂੰ ਸ਼ਾਨਦਾਰ ਮਕਸ਼ਦ ਲਈ ਢਾਲ ਸਕਦੇ ਹਨ। ਇਹ ਦਬੇ-ਕੁਚਲੇ ਵਰਗ ਇਹਨਾਂ ਦੇ ਸ਼ਾਸਨ ਦੇ ਥੱਕ ਚੁਕੇ ਹਨ। ਉਹ ਆਪਣੇ ਆਪ ਰਾਜ ਚਲਾਉਣ ਲਈ ਉਤਸੁਕ ਹਨ। ਦਲਿਤ ਵਰਗਾਂ ਵਿਚ ਸਵੈ ਪ੍ਰੇਰਿਤ ਦੇ ਲਈ ਸਲਾਹ, ਕਿ ਕਿਸੇ ਵਰਗ ਨੂੰ ਸੰਘਰਸ਼ ਜਾਂ ਵਰਗ ਯੁੱਧ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਹ ਸਭਾ ਦੀ ਇੱਕ ਵੰਡ ਦਾ ਕੰਮ ਕਰੇਗਾ ।ਇਹ ਅਸਲ ਵਿੱਚ ਇਹ ਖਤਰੇ ਦਾ ਦਿਨ ਹੋਵੇਗਾ। ਕਿਉਂਕਿ ਜਿਵੇਂ ਅਬ੍ਰਾਹਿਮ ਲਿੰਕਨ ਨੇ ਵਧੀਆ ਢੰਗ ਨਾਲ ਕਿਹਾ ਹੈ, ਆਪਣੇ ਆਪ ਦੀ ਫੁੱਟਵਿਚ ਪਾਏ ਘਰ ਬਹੁਤ ਲੰਬਾ ਨਹੀਂ ਰਹਿ ਸਕਦੇ, ਇਸ ਲਈ ਜਿਨੀ ਜਲਦੀ ਹੋ ਸਕਦਾ ਹੈ ਕਿ ਉਨ੍ਹਾਂ ਦੀ ਇੱਛਾ ਦੀ ਪੂਰਤੀ ਲਈ, ਕੁਝ ਬਿਹਤਰੀ ਲਈ, ਦੇਸ਼ ਦੀ ਬਿਹਤਰੀ ਲਈ, ਆਪਣੀ ਆਜ਼ਾਦੀ ਦੇ ਰੱਖ ਰਖਾਵ ਲਈ ਜੋ ਬਿਹਤਰ ਹੈ ਉਹ ਅਸੀਂ ਕਰੀਏ ਅਤੇ ਇਹ ਲੋਕਤੰਤਰਿਕ ਢਾਂਚੇ ਨੂੰ ਜਾਰੀ ਰੱਖਣ ਲਈ ਬਿਹਤਰ ਹੈ। ਇਹ ਕੇਵਲ ਜੀਵਨ ਦੇ ਸਾਰੇ ਖੇਤਰਾਂ ਵਿੱਚ ਸਮਾਨਤਾ ਅਤੇ ਭਰੱਪਣ ਦੀ ਸਥਾਪਨਾ ਦੁਆਰਾ ਹੀ ਕੀਤਾ ਜਾ ਸਕਦਾ ਹੈ । ਇਸੇ ਕਰਕੇ ਮੈਂ ਉਹਨਾਂ ਤੇ ਬਹੁਤ ਜ਼ਿਆਦਾ ਜੋਰ ਦਿੱਤਾ ਹੈ।"

"ਮੈਂ ਸਦਨ ਨੂੰ ਅੱਗੇ ਹੋਰ ਲੰਬਾ ਕਰਨ ਦੀ ਇੱਛਾ ਨਹੀਂ ਰੱਖਦਾ। ਕੋਈ ਸ਼ੱਕ ਵਿਚ ਨਹੀਂ ਹੈ ਕਿ ਸੁਤੰਤਰਤਾ ਖੁਸ਼ੀ ਦਾ ਮਾਮਲਾ ਹੈ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਆਜ਼ਾਦੀ ਨੇ ਸਾਡੇ 'ਤੇ ਵੱਡੀਆਂ ਜ਼ਿੰਮੇਵਾਰੀਆਂ ਪਾ ਦਿੱਤੀਆਂ ਹਨ। ਆਜ਼ਾਦੀ ਹੋਣ ਦੇ ਨਾਤੇ, ਅਸੀਂ ਕਿਸੇ ਵੀ ਗਲਤ ਕੰਮ ਦੇ ਦੋਸ਼ ਨੂੰ ਬਰਤਾਨਵੀ ਲੋਕਾਂ ਉੱਤੇ ਲਾਉਣ ਦਾ ਬਹਾਨਾ ਗੁਆ ਦਿੱਤਾ ਹੈ। ਜੇ ਇਸ ਤੋਂ ਬਾਅਦ ਜੋ ਕੁਝ ਗ਼ਲਤ ਹੋ ਜਾਂਦਾ ਹੈ, ਤਾਂ ਸਾਡੇ ਕੋਲ ਖੁਦ ਨੂੰ ਛੱਡ ਕੇ ਕੋਈ ਵੀ ਦੋਸ਼ੀ ਨਹੀਂ ਹੋਵੇਗਾ ।ਸਮਾਂ ਤੇਜੀ ਨਾਲ ਬਦਲ ਰਿਹਾ ਹੈਕੁਝ ਗਲਤ ਹੋਣ ਵਾਲੀਆਂ ਗੱਲਾਂ ਦਾ ਵੱਡਾ ਖਤਰਾ ਹੈ। ਅਸੀਂ ਸਾਡੇ ਆਪਣੇ ਸਮੇਤ ਨਵੇਂ ਵਿਚਾਰਧਾਰਾ ਵੱਲ ਵਧ ਰਹੇ ਹਾਂ।

ਲੋਕ ਉਹਨਾਂ ਦੀਆਂ ਸਰਕਾਰਾਂ ਤੋਂ ਥੱਕ ਚੁੱਕੇ ਹਨ। ਉਹ ਆਪਣੇ ਲੋਕਾਂ ਲਈ ਸਰਕਾਰ ਬਣਾਉਣ ਲਈ ਤਿਆਰ ਹਨ ਅਤੇ ਉਹ ਇਸ ਗੱਲ ਪ੍ਰਤੀ ਉਦਾਸੀਨ ਹਨ ਕਿ ਇਹ ਲੋਕਾਂ ਦੁਆਰਾ ਅਤੇ ਉਹਨਾਂ ਲੋਕਾਂ ਦੀ ਸਰਕਾਰ ਹੈ। ਅਸੀਂ ਸੰਵਿਧਾਨ ਨੂੰ ਸਾਂਭਣਾ ਚਾਹੁੰਦੇ ਹਾਂ ਜਿਸ ਵਿੱਚ ਅਸੀਂ ਲੋਕਾਂ ਦੀ ਲੋਕਾਂ ਲਈ ਅਤੇ ਲੋਕਾਂ ਦੁਆਰਾ, ਸਰਕਾਰ ਦੇ ਸਿਧਾਂਤ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਲੋਕਾਂ ਦੁਆਰਾ ਲੋਕਾਂ ਲਈ ਦਿਤੇ ਗਏ ਸੁਝਾਵਾਂ ਨੂੰ ਅੱਗੇ ਵਧਾਉਣ ਦੀ ਕੋਸ਼ਸ ਕੀਤੀ ਹੈ। ਸਾਨੂੰ ਸਾਡੇ ਰਸਤੇ ਵਿਚ ਆਉਣ ਵਾਲੀਆਂ ਬੁਰਾਈਆਂ ਨੂੰ ਪਹਿਚਾਨ ਕਰ ਸਖਤੀ ਨਾਲ ਖਤਮ ਕਰਨਾ ਹੋਵੇਗਾ। ਲੋਕਾਂ ਨੂੰ ਜਨਤਾ ਦੁਆਰਾ ਬਣਾਈ ਸਰਕਾਰ ਨੂੰ ਪਸੰਦ ਕਰਨ ਲਈ ਪ੍ਰੇਰਿਤ ਕਰਨਾ ਹੋਵੇਗਾ ਨਾਂ ਕਿ ਉਸ ਨੂੰ ਹਟਾਉਣ ਲਈ ਉਹ ਸਾਡੇ ਦੁਆਰਾ ਕੀਤੀ ਪਹਿਲਕਦਮੀ ਨੂੰ ਕਮਜੋਰ ਕਰਨ। ਦੇਸ਼ ਦੀ ਸੇਵਾ ਕਰਨ ਦਾ ਇਹੀ ਇਕੋ ਇਕ ਤਰੀਕਾ ਹੈ। ਮੈਨੂੰ ਇਸ ਤੋਂ ਹੋਰ ਕੋਈ ਬਿਹਤਰ ਢੰਗ ਦਾ ਨਹੀਂ ਪਤਾ।"

# ਜਿਥੇ ਘੋੜਾ ਰੱਖਣ ਤੇ ਹੋਵੇ ਕਤਲ ਉੱਥੇ ਐਸ ਸੀ ਐਸ ਟੀ ਐਕਟ ਨੂੰ ਹੋਰ ਕਮਜੋਰ ਕਰਨਾ ਕਿਥੋਂ ਤੱਕ ਜਾਇਜ

## ਇਹ ਪਿਛੜਿਆਂ ਦਾ ਸਮਾਜਿਕ ਧਰੁਵੀਕਰਨ ਵੀ ਹੋ ਸਕਦਾ ਹੈ

ਅੱਜ ਦੇਸ਼ ਦਾ ਸਮੁੱਚਾ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗ ਇੱਕ ਹੀ ਚਰਚਾ ਕਰ ਰਿਹਾ ਹੈ ਕਿ 2 ਅਪ੍ਰੈਲ ਦੇ ਭਾਰਤ ਬੰਦ ਨੂੰ ਸਫਲ ਬਣਾਓ ਅਤੇ ਜਿਸ ਪ੍ਰਕਾਰ ਮੌਜੂਦਾ ਸਮੇਂ ਇਨਖ਼ਾਂ ਵਰਗਾਂ ਲਈ ਏਹ ਪ੍ਰਮੁੱਖ ਮੁੱਦਾ ਬਣ ਗਿਆ ਹੈ ਉਸ ਤੋਂ ਇਸਦੀ ਸਫਲਤਾ ਹੁੰਦੀ ਸਾਫ ਨਜਰ ਆ ਰਹੀ ਹੈ। ਉਪਰੋਕਤ ਵਰਗਾਂ ਨਾਲ ਸਬੰਧਿਤ ਬੱਚਾ ਬੱਚਾ ਵੀ ਜਾਣ ਗਿਆ ਹੈ ਕਿ 2 ਅਪ੍ਰੈਲ ਨੂੰ ਜੋ ਭਾਰਤ ਬੰਦ ਦਾ ਸੱਦਾ ਕਿਉਂ ਦਿੱਤਾ ਗਿਆ ਹੈ ਅਤੇ ਉਸਨੂੰ ਸਫਲ ਬਣਾਉਣਾ ਕਿਉਂ ਜਰੂਰੀ ਹੋ ਗਿਆ ਹੈ। ਭਾਵੇਂ ਕਿ 2 ਅਪ੍ਰੈਲ ਦਾ ਸੱਦਾ ਕਿਸੇ ਵੀ ਇੱਕ ਦਲਿਤ ਸਗੰਠਨ ਜਾਂ ਰਾਜਨੀਤਿਕ ਪਾਰਟੀ ਵੱਲੋਂ ਨਹੀ ਦਿੱਤਾ ਗਿਆ ਫੇਰ ਵੀ ਇਨਖ਼ਾਂ ਵਰਗਾਂ ਦੇ ਲੋਕ ਪੂਰੀ ਤਰਖ਼ਾਂ ਇੱਕਜੁੱਟ ਦਿਖਾਈ ਦੇ ਰਹੇ ਹਨ ਜਿਸ ਦੇ ਭਵਿੱਖ ਵਿੱਚ ਚੰਗੇ ਸਾਰਥਕ ਨਤੀਜੇ ਵੀ ਨਿਕਲ ਸਕਦੇ ਹਨ। ਬੇਸ਼ਰਤੇ ਕਿ ਏਹ ਆਰ ਐਸ ਐਸ ਦਾ ਉੱਚ/ਪਿਛੜਾ ਵਰਗ ਬਨਾਮ ਦਲਿਤ ਧਰੁਵੀਕਰਨ ਨਾ ਹੋਵੇ। ਜੇਕਰ ਅਜਿਹਾ ਹੋਇਆ ਤਾਂ ਭਾਜਪਾ ਜਿਸ ਪ੍ਰਕਾਰ ਮੁਸਲਿਮ ਬਨਾਮ ਹਿੰਦੂ (ਉੱਚ/ਪਿਛੜਾ/ਦਲਿਤ ਜਾਤੀ) ਧਾਰਮਿਕ ਧਰੁਵੀਕਰਨ ਕਰਕੇ ਸਾਲ 2014 ਦੀਆਂ ਚੋਣਾਂ ਰਾਹੀਂ ਕੇਂਦਰ ਦੀ ਸੱਤਾ 'ਤੇ ਅਤੇ ਬਾਅਦ ਵਿੱਚ ਮੁੜ ਏਹੀ ਧਾਰਮਿਕ ਧਰੁਵੀਕਰਨ ਕਰਕੇ 2017 ਦੀਆਂ ਚੋਣਾਂ ਰਾਹੀਂ ਕਈ ਰਾਜਾਂ 'ਚ ਪੂਰਨ ਬਹੁਮਤ ਦੀ ਸਰਕਾਰਾਂ ਬਣਾ ਗਈ ਹੈ। ਏਸੇ ਪ੍ਰਕਾਰ ਧਾਰਮਿਕ ਧਰੁਵੀਕਰਨ ਦੇ ਨਾਲ ਨਾਲ ਪਿਛੜੇ ਵਰਗ ਦੇ ਸਮਾਜਿਕ ਧਰੁਵੀਕਰਨ ਦੇ ਬਲਬੂਤੇ 'ਤੇ ਏਹ ਸਾਲ 2019 'ਚ ਕੇਂਦਰ ਵਿੱਚ ਦੂਸਰੀ ਵਾਰ ਸਰਕਾਰ ਬਣਾ ਸਕਦੀ ਹੈ। ਹੱਥਲਾ ਲੇਖ ਦੋਵਾਂ ਮੁੱਦਿਆਂ ਤੇ ਲੋਕਾਂ ਦਾ ਧਿਆਨ ਕੇਂਦਰਤ ਕਰਨ ਦੇ ਮਕਸਦ ਨਾਲ ਲਿਖਿਆ ਗਿਆ ਹੈ। ਦੋਵਾਂ ਦੇ ਅੰਕੜਿਆਂ 'ਚ ਜਾਣ ਤੋਂ ਪਹਿਲਾਂ ਆਪਾਂ 2 ਅਪ੍ਰੈਲ ਦੇ ਬੰਦ ਦੇ ਕਾਰਨ ਤੇ ਪੰਛੀ ਝਾਤ ਮਾਰ ਲਈਏ।

"20 ਮਾਰਚ ਨੂੰ ਮਾਨਯੋਗ ਸੁਪਰੀਮ ਕੋਰਟ ਨੇ ਮਹਾਂਰਾਸ਼ਟਰ ਦੇ ਕਿਸੇ ਕਾਲਜ ਦੇ ਪ੍ਰਿੰਸੀਪਲ ਦੇ ਕੇਸ ਤੇ ਐਸ ਸੀ ਐਸ ਟੀ ਐਕਟ 1989 ਦੇ ਸਬੰਧ ਵਿੱਚ ਨਵੇਂ ਆਦੇਸ਼ ਦਿੱਤੇ ਕਿ ਹੁਣ ਦੋਸ਼ੀ ਦੀ ਤੁਰੰਤ ਗ੍ਰਿਫਤਾਰੀ ਨਹੀ ਹੋਵੇਗੀ ਅਤੇ ਉਹ ਅਗਾਊ ਜਮਾਨਤ ਵੀ ਲੈ ਸਕਦਾ ਹੈ। ਸਰਕਾਰੀ ਕਰਮਚਾਰੀਆਂ ਦੇ ਸਬੰਧ ਵਿੱਚ ਕੇਸ ਦਰਜ ਕਰਨ ਲਈ ਉਨਖ਼ਾਂ ਦੇ ਵਿਭਾਗ ਦੇ ਹੀ ਮੁੱਖੀ ਕੋਲੋਂ ਆਗਿਆ ਲੈਣੀ ਹੋਵੇਗੀ ਅਤੇ ਗ੍ਰਿਫਤਾਰੀ ਲਈ ਜਿਲਖ਼ੇ ਦੇ ਸੀਨੀਅਰ ਪੁਲਿਸ ਅਧਿਕਾਰੀ ਦੀ ਆਗਿਆ ਵੀ ਲੈਣੀ ਪਵੇਗੀ। ਇਸ ਐਕਟ ਤਹਿਤ ਪਹਿਲਾਂ ਡੀ ਐਸ ਪੀ ਰੈਂਕ ਦਾ ਪੁਲਿਸ ਅਧਿਕਾਰੀ ਇਸਦੀ ਮੁੱਢਲੀ ਜਾਂਚ ਕਰੇਗਾ ਕਿ ਏਹ ਮਾਮਲਾ ਸੱਚਮੁੱਚ ਬਣਦਾ ਹੈ ਜਾਂ ਕਿਸੇ ਨੂੰ ਫਸਾਉਣ ਦੀ ਨੀਅਤ ਨਾਲ ਕੀਤਾ ਗਿਆ ਹੈ।''

ਅੱਜ ਹੀ (31 ਮਾਰਚ) ਨੂੰ ਗੁਜਰਾਤ ਦਾ ਤਾਜਾ ਮਾਮਲਾ ਸਾਹਮਣੇ ਆਇਆ ਹੈ ਕਿ ਜਿਥੇ ਭਾਵਨਗਰ ਤੋਂ 60 ਕਿਲੋਮੀਟਰ ਦੀ ਦੂਰੀ ਤੇ ਪੈਂਦੇ ਪਿੰਡ ਟੀਬੀ ਦੇ ਰਹਿਣ ਵਾਲੇ 21 ਸਾਲਾ ਦਲਿਤ ਮੁੰਡੇ ਪ੍ਰਦੀਪ ਰਾਠੌਰ ਨੂੰ ਸਿਰਫ ਇਸ ਕਰਕੇ ਉੱਚ ਜਾਤੀ ਦੇ ਲੋਕਾਂ ਨੇ ਮਾਰ ਦਿੱਤਾ ਕਿ ਉਸ ਨੇ ਇੱਕ ਘੋੜਾ ਪਾਲ ਲਿਆ ਸੀ। ਉੱਚ ਜਾਤੀ ਦੇ ਲੋਕਾਂ ਨੂੰ ਏਹ ਪੰਸਦ ਨਹੀ ਸੀ ਕਿ ਖੇਤੀਬਾੜੀ ਕਰਨ ਵਾਲਾ ਏਹ ਦਲਿਤ ਮੁੰਡਾ ਘੋੜਾ ਰੱਖੇ ਤੇ ਉਸ ਦੀ ਸਵਾਰੀ ਕਰੇ। ਉਹ ਦਲਿਤ ਮੁੰਡੇ ਨੂੰ ਘੋੜਾ ਵੇਚਣ ਲਈ ਵਾਰ ਵਾਰ ਧਮਕੀਆਂ ਦੇ ਰਹੇ ਸਨ। ਪਿਛਲੇ ਸਾਲ ਵੀ ਗੁਜਰਾਤ ਦੇ ਆਣੰਦ ਵਿੱਚ ਇੱਕ ਦਲਿਤ ਮੁੰਡੇ ਨੂੰ ਗਰਬਾ ਦੇਖਣ ਤੇ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਜੇਕਰ ਗੱਲ ਪੰਜਾਬ ਦੀ ਹੀ ਕਰੀਏ ਤਾਂ ਗੁਰੂਆਂ ਦੀ ਧਰਤੀ ਵੀ ਅਜਿਹੇ ਜਾਤੀ ਜੁਲਮਾਂ ਤੋਂ ਅਛੂਤੀ ਨਹੀ ਹੈ ਏਥੇ ਵੀ ਜਾਤੀ ਨਫਰਤ ਕਾਰਨ ਕਈ ਕਤਲ ਹੋ ਚੁੱਕੇ ਹਨ ਅਤੇ ਜਾਤੀ ਤੌਰ ਤੇ ਸਮਾਜਿਕ ਬਾਈਕਾਟ ਕਰਨ ਦੀਆਂ ਸੁਰਖੀਆਂ ਵੀ ਲੋਕ ਅਕਸਰ ਹੀ ਪੜਦੇ ਰਹਿੰਦੇ ਹਨ। ਹੁਣ ਇੱਕ ਪਾਸੇ ਤਾਂ ਘੋੜਾ ਰੱਖਣ ਜਾਂ ਗਰਬਾ ਦੇਖਣ ਤੇ ਹੀ ਦਲਿਤਾਂ ਨੂੰ ਬੇਰਹਿਮੀਂ ਨਾਲ ਮਾਰਿਆ ਜਾ ਰਿਹਾ ਹੈ ਦੂਜੇ ਪਾਸੇ ਦੇਸ਼ ਦੀ ਸਰਵਉੱਚ ਅਦਾਲਤ ਅਜਿਹੇ ਫੈਸਲੇ ਦੇ ਰਹੀ ਹੈ ਜਿਸ ਨੇ ਕਿਸੇ ਇੱਕ ਸੂਬੇ ਨਹੀ ਬਲਕਿ ਪੂਰੇ ਭਾਰਤ ਦੇ ਮੂਲਨਿਵਾਸੀ ਬਹੁਜਨਾਂ (ਦਲਿਤਾਂ) ਨੂੰ ਸੜਕਾਂ ਤੇ ਆਉਣ ਲਈ ਮਜਬੂਤ ਕਰ ਦਿੱਤਾ ਹੈ। ਅਸੀ ਮਾਨਯੋਗ ਸਾਰੀਆਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ ਪਰ ਉਪਰੋਕਤ ਗੈਰਮਨੁੱਖਤਾਵਾਦੀ ਘਟਨਾਵਾਂ ਦੇ ਮੱਦੇਨਜਰ ਏਥੇ ਸਹਿਸੁਭਾਅ ਹੀ ਇੱਕ ਸਵਾਲ ਖੜਖ਼ਾ ਹੁੰਦਾ ਹੈ ਕਿ ਅਦਾਲਤਾਂ ਦੁਆਰਾ ਐਸ ਸੀ ਐਸ ਟੀ ਐਕਟ ਨੂੰ ਕਮਜੋਰ ਕਰਨਾ ਆਖਰਕਾਰ ਕਿਥੋਂ ਤੱਕ ਜਾਇਜ ਹੈ।

ਐਸ ਸੀ ਐਸ ਟੀ ਐਕਟ ਨੂੰ ਕਮਜੋਰ ਕਰਨ ਦੀ ਸਾਰੀ ਉਂਗਲ ਮਾਨਯੋਗ ਅਦਾਲਤ ਦੇ ਨਾਲ ਨਾਲ ਕੇਂਦਰ ਦੀ ਮੋਦੀ ਸਰਕਾਰ ਵੱਲ ਵੀ ਜਾ ਰਹੀ ਹੈ ਜਿਸਨੇ ਇਸ ਕੇਸ ਦੌਰਾਨ ਦਲਿਤਾਂ ਦੇ ਪੱਖ 'ਚ ਦੀ ਪੈਰਵੀ ਨਾ ਕਰਦਿਆਂ ਕਾਨੂੰਨੀ ਚਾਰਾਜੋਈ ਨਹੀ ਕੀਤੀ ਜਿਸ ਨੂੰ ਹੁਣ ਕਰਨ ਦੀਆਂ ਏਹ ਗੱਲਾਂ ਕਰ ਰਹੀ ਹੈ। ਜੇਕਰ ਇਸ ਸਰਕਾਰ ਨੇ ਮਾਨਯੋਗ ਅਦਾਲਤ ਸਾਹਮਣੇ ਦਲੀਲ ਵਜੋਂ ਦਲਿਤਾਂ ਉੱਤੇ ਹੁੰਦੇ ਜੁਲਮ, ਪੁਲਿਸ ਥਾਣਿਆਂ ਅਤੇ ਅਦਾਲਤਾਂ ਵਿੱਚ ਲਟਕਦੇ ਮਾਮਲਿਆਂ ਦੇ ਸਹੀ ਅੰਕੜੇ ਰੱਖੇ ਹੁੰਦੇ ਤਾਂ ਸਾਇਦ ਦਲਿਤਾਂ ਨੂੰ ਅਦਾਲਤਾਂ ਦੀ ਨੁਕਤਾਚੀਨੀ ਕਰਨ ਦੀ ਲੋੜ ਨਾ ਪੈਂਦੀ ਅਤੇ ਨਾ ਹੀ ਆਪਣੇ ਨਾਲ ਚੁੱਪ ਚੁਪੀਤੇ ਕੀਤੀ ਇਸ ਵਧੀਕੀ ਦੇ ਖਿਲਾਫ ਸੜਕਾਂ ਤੇ ਨਾ ਆਉਣ ਦੀ ਲੋੜ ਪੈਂਦੀ ਜਿਸਨੂੰ ਅੱਗੇ ਜਾ ਕੇ ਸਰਕਾਰ ਗੈਰਕਾਨੂੰਨੀ ਆਖ ਖੌਫ ਪੈਦਾ ਕਰਨ ਲਈ ਪਰਚੇ ਦਰਜ ਕਰਨ ਦੀ ਪ੍ਰਕਿਰਿਆ ਵੀ ਅਮਲ ਵਿੱਚ ਲਿਆ ਸਕਦੀ ਹੈ। ਮਾਨਯੋਗ ਅਦਾਲਤ ਦਾ ਏਹ ਤਰਕ ਵੀ ਕਿ ਇਸ ਐਕਟ ਦਾ ਦੁਰਪ੍ਰਯੋਗ ਹੋ ਰਿਹਾ ਹੈ ਸੀਨੀਅਰ ਵਕੀਲ ਕੇ ਟੀ ਐਸ ਤੁਲਸੀ ਇੰਟਰਵਿਊ ਸੁਣਨ ਤੋਂ ਬਾਅਦ ਗਲਖ਼ੇ ਨਹੀ ਉੱਤਰ ਰਿਹਾ। ਉਹਨਾਂ ਕਿਹਾ ਕਿ ਅੰਕੜੇ ਦੱਸ ਰਹੇ ਹਨ ਕਿ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਦੇ ਲੋਕਾਂ ਪ੍ਰਤੀ ਹਿੰਸਾ ਅਤੇ ਜੁਰਮ ਵੱਧ ਰਹੇ ਹਨ। ਕਤਲ ਅਤੇ ਬਲਾਤਕਾਰ ਦੀ ਸਜਾ ਰੇਸ਼ੋ 22 ਫੀਸਦੀ ਹੈ ਤਾਂ ਕੀ ਏਹ ਮੰਨਿਆ ਜਾ ਸਕਦਾ ਹੈ ਕਿ 88 ਫੀਸਦੀ ਕੇਸ ਝੂਠੇ ਹੁੰਦੇ ਹਨ। ਕੀ ਇਨਖ਼ਾਂ ਨੂੰ ਗੈਰ ਜਮਾਨਤੀ ਤੋਂ ਜਮਾਨਤੀ ਕਰ ਦੇਣਾ ਚਾਹੀਦਾ ਹੈ। ਭ੍ਰਿਸਟਾਚਾਰ ਦੀ ਸਜਾ ਦਰ 10 ਫੀਸਦੀ ਹੈ ਅਤੇ ਅੱਤਵਾਦ ਦੀ ਸਜਾ ਦਰ 2 ਫੀਸਦੀ ਹੈ ਕੀ ਏਥੇ ਵੀ ਬਦਲਾਅ ਕਰ ਦੇਣੇ ਚਾਹੀਦੇ ਹਨ। ਉਨਖ਼ਾਂ ਕਿਹਾ ਕੋਈ ਵੀ ਬਦਲਾਅ ਅਦਾਲਤ ਨਹੀ ਬਲਕਿ ਸੰਸਦ ਹੀ ਕਰ ਸਕਦੀ ਹੈ।

ਭਾਰਤੀ ਸੰਵਿਧਾਨ ਵਿੱਚ ਛੂਆ ਛੂਤ ਨੂੰ ਰੋਕਣ ਲਈ ਭਾਵੇਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਨੇ ਆਰਟੀਕਲ 17 ਦਾ ਪ੍ਰਬੰਧ ਕੀਤਾ ਹੋਇਆ ਹੈ ਫੇਰ ਐਸ ਸੀ ਐਸ ਟੀ ਐਕਟ 1989 ਤੋਂ ਪਹਿਲਾਂ ਸਿਵਲ ਰਾਈਟਸ ਐਕਟ 1955 ਅਤੇ ਇੰਡੀਅਨ ਪੈਨਲ ਕੋਡ ਦਾ ਮਕਸਦ ਵੀ ਅੱਤਿਆਚਾਰਾਂ ਨੂੰ ਰੋਕਣਾ ਸੀ ਜੋ ਪੂਰੀ ਤਰਖ਼ਾਂ ਫੇਲਖ਼ ਸਾਬਿਤ ਹੋਏ।

ਇਸ ਤੋਂ ਬਾਅਦ 1976 ਤੋਂ ਇਸ ਐਕਟ ਨੂੰ ਸਿਵਲ ਐਕਟ ਦੀ ਸੁੱਰਖਿਆ ਦੇ ਰੂਪ ਵਿੱਚ ਪੁਨਰ ਗਠਨ ਕੀਤਾ ਗਿਆ ਹਾਲਾਂਕਿ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੀਆਂ ਸਮਾਜਿਕ ਅਤੇ ਆਰਥਿਕ ਹਾਲਾਤਾਂ ਦੇ ਸੁਧਾਰ ਲਈ ਅਪਣਾਏ ਗਏ ਹਰ ਉਪਾਅ ਦੇ ਬਾਵਜੂਦ ਏਹ ਅਸਫਲ ਰਹੇ ਹਨ। ਇਸਦੇ ਲਈ ਜਦੋਂ ਵੀ ਅਪਣੇ ਅਧਿਕਾਰ ਅਤੇ ਛੂਆ ਛੂਤ ਦੇ ਵਿਰੁੱਧ ਅਵਾਜ ਉਠਾਈ ਗਈ ਉਦੋਂ ਵੀ ਅਸਫਲ ਹੀ ਹੁੰਦੇ ਰਹੇ। ਇਸਦੇ ਮੱਦੇਨਜਰ ਇਨਖ਼ਾਂ ਵਰਗਾ ਤੇ ਹੁੰਦੇ ਅੱਤਿਆਚਾਰਾਂ ਨੂੰ ਰੋਕਣ ਲਈ 11 ਸਤੰਬਰ 1989 ਨੂੰ ਏਹ ਐਕਟ ਪਾਸ ਕਰਕੇ ਸੰਸਦ ਵਿੱਚ ਪਾਸ ਕਰਕੇ 30 ਜਨਵਰੀ 1990 ਨੂੰ ਦੇਸ਼ ਵਿੱਚ ਕਾਨੂੰਨੀ ਰੂਪ ਵਿੱਚ ਲਾਗੂ ਕਰ ਦਿੱਤਾ ਗਿਆ। ਇਸਦੇ 5 ਅਧਿਆਏ ਅਤੇ 23 ਧਾਰਾਵਾਂ ਹਨ। 4 ਅਗਸਤ 2015 ਨੂੰ ਇਸ ਐਕਟ ਵਿੱਚ ਸੋਧ ਵੀ ਕੀਤੀ ਗਈ।

ਦਸ ਦਈਏ ਕਿ ਏਹ ਐਕਟ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗਾਂ ਨਾਲ ਸਬੰਧਿਤ ਪੀੜਤਾਂ ਨੂੰ ਫਾਸਟ ਟ੍ਰੈਕ ਅਦਾਲਤਾਂ ਤੱਕ ਲਗਾ ਕੇ ਦੋਸ਼ੀਆਂ ਨੂੰ ਸਜਾਵਾਂ ਦਿੰਦਾ ਹੈ ਅਤੇ ਪੀੜਤਾਂ ਨੂੰ ਵਿਸ਼ੇਸ ਸੁਰੱਖਿਆ ਅਤੇ ਅਧਿਕਾਰ ਪ੍ਰਦਾਨ ਕਰਦਾ ਹੈ। ਅਨੁਸੂਚਿਤ ਜਾਤੀ ਜਾਂ ਜਨ ਜਾਤੀ ਵਰਗਾਂ ਦੇ ਲੋਕ ਜਿਆਦ-'ਤਰ ਏਹੀ ਜਾਣਕਾਰੀ ਰੱਖਦੇ ਪਾਏ ਗਏ ਕਿ ਏਹ ਐਕਟ ਉਨਖ਼ਾਂ ਨੂੰ ਜਾਤੀ ਸੂਚਕ ਸਬਦਾਂ ਦੀ ਵਰਤੋਂ ਕਰਨ ਵਾਲੇ ਦੋਸ਼ੀਆਂ ਨੂੰ ਸਜਾਵਾਂ ਦਿੰਦਾ ਹੈ ਪਰ ਇਸ ਤੋਂ ਇਲਾਵਾ ਏਹ ਐਕਟ ਜਾਤੀ ਪ੍ਰਤੀ ਕਿਸੇ ਵੀ ਪ੍ਰਕਾਰ ਦੀ ਹੀਣ ਭਾਵਨਾ ਰੱਖਣ ਜਾਂ ਜਾਤੀ ਦੀ ਵਜਖ਼ਾ ਕਾਰਨ ਵਿਤਕਰਾ ਕਰਨ, ਉਸਦੇ ਸਰਕਾਰੀ, ਗੈਰ ਸਰਕਾਰੀ ਕੰਮ ਅਤੇ ਵਪਾਰ 'ਚ ਅੜਖ਼ਚਨ ਪਾਉਣ ਦੀ ਭਾਵਨਾ ਕਾਰਨ ਰੁਕਾਵਟ ਬਣਨ ਜਾਂ ਮੰਦੀ ਭਾਵਨਾ ਨਾਲ ਸਤਾਉਣ ਜਾਂ ਉਸਦਾ ਕਤਲ ਕਰਨ ਜਾਂ ਜਖਮੀਂ ਤੇ ਗੰਭੀਰ ਜਖਮੀਂ ਕਰਨ ਜਾਂ ਝੂਠੇ ਕੇਸ਼ਾਂ ਵਿੱਚ ਫਸਾਉਣ ਜਾਂ ਝੂਠੀ ਗਵਾਹੀ ਦੇਣ ਤੇ ਐਫ ਆਈ ਆਰ ਦਰਜ ਕਰਕੇ ਸਜਾਵਾਂ ਦਾ ਪ੍ਰਬੰਧ ਕਰਦਾ ਹੈ। ਜੇਕਰ ਅਨੁਸੂਚਿਤ ਜਾਤੀ/ ਅਨੁਸੂਚਿਤ ਜਨ ਜਾਤੀ ਦੇ ਮੈਂਬਰ ਖਿਲਾਫ ਕੋਈ ਝੂਠੀ ਗਵਾਹੀ ਦਿੰਦਾਂ ਹੈ ਜਾ ਫਸਾਉਂਦਾ ਹੈ ਤਾਂ ਸਜਾ ਮੌਤ ਜਾਂ ਉਮਰ ਅਤੇ ਜੁਰਮਾਨਾ ਹੋ ਸਕਦਾ ਹੈ।

ਝੂਠੀ ਗਵਾਹੀ ਦੇ ਕਾਰਨ ਜੇਕਰ ਅਨੁਸੂਚਿਤ ਜਾਤੀ ਜਾਂ ਜਨ ਜਾਤੀ ਦੇ ਮੈਂਬਰ ਨੂੰ ਫਾਂਸੀ ਦੀ ਸਜਾ ਦਿੱਤੀ ਜਾਂਦੀ ਹੈ ਤਾਂ ਝੂਠੀ ਗਵਾਹੀ ਦੇਣ ਵਾਲਾ ਮੌਤ ਦੀ ਸਜਾ ਦਾ ਦੋਸ਼ੀ ਹੋਵੇਗਾ। ਇਨਖ਼ਾਂ ਵਰਗਾਂ ਦੇ ਵਿਆਕਤੀ ਦੇ ਮਕਾਨ ਜਾਂ ਪੂਜਾ ਦੇ ਸਥਾਨ ਨੂੰ ਨਸ਼ਟ ਕਰਦਾ ਹੈ ਤਾਂ ਦੋਸ਼ੀ ਨੂੰ ਉਮਰ ਕੈਦ ਅਤੇ ਜੁਰਮਾਨਾ ਹੋਵੇਗਾ। ਲੋਕ ਸੇਵਕ ਹੁੰਦੇ ਹੋਏ ਇਸ ਧਾਰਾ ਦੇ ਅਧੀਨ ਜਿਹੜਾ ਵੀ ਅਪਰਾਧ ਕਰੇਗਾ ਉਸਨੂੰ ਇੱਕ ਸਾਲ ਦੀ ਸਜਾ ਹੋਵੇਗੀ। ਇਸਦੇ ਅਧੀਨ ਧਾਰਾ 4 ਦੇ ਮੁਤਾਬਿਕ ਕੋਈ ਵੀ ਸਰਕਾਰੀ ਕਰਮਚਾਰੀ/ਅਧਿਕਾਰੀ ਜੋ ਅਨੁਸੂਚਿਤ ਜਾਤੀ/ਜਨ ਜਾਤੀ ਦਾ ਮੈਂਬਰ ਨਹੀ ਹੈ, ਜੇ ਉਹ ਜਾਣ ਬੁੱਝ ਕੇ ਇਸ ਐਕਟ ਦੀ ਪਾਲਣਾ 'ਚ ਲਾਪਰਵਾਹੀ ਕਰਦਾ ਹੈ ਤਾਂ ਉਸਨੂੰ 6 ਮਹੀਨੇ ਤੋਂ ਇੱਕ ਸਾਲ ਦੀ ਸਜਾ ਵੀ ਦਿੱਤੀ ਜਾ ਸਕਦੀ ਹੈ।

ਧਾਰਾ 7(1) ਤੇ ਤਹਿਤ 30 ਦਿਨਾਂ 'ਚ ਜਾਂਚ ਅਧਿਕਾਰੀ ਡੀ ਐਸ ਪੀ ਇਸਦੀ ਰਿਪੋਰਟ ਐਸ ਪੀ ਨੂੰ ਸੋਂਪੇਗਾ ਅਤੇ ਉਹ ਤੁਰੰਤ ਰਾਜ ਦੇ ਡੀ ਜੀ ਪੀ ਨੂੰ ਭੇਜੇਗਾ। ਧਾਰਾ 11(1) ਦੇ ਤਹਿਤ ਮਾਮਲੇ ਦੀ ਜਾਂਚ ਪੜਤਾਲ, ਵਿਚਾਰਨ ਅਤੇ ਸੁਣਵਾਈ ਦੇ ਸਮੇਂ ਪੀੜਤ ਵਿਆਕਤੀ, ਉਸਦੇ ਗਵਾਹਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਜਾਂਚ ਵਾਲੀ ਜਗਖ਼ਾ ਅਤੇ ਅਦਾਲਤ ਆਉਣ ਜਾਣ ਦਾ ਖਰਚਾ ਤੱਕ ਦਿੱਤਾ ਜਾਵੇਗਾ। 11(2) ਦੇ ਤਹਿਤ ਜਿਲਖ਼ਾ ਮਜਿਸਟਰੇਟ/ ਐਸ ਡੀ ਐਮ ਜਾਂਚ ਅਕਿਾਰੀ ਦੇ ਸਾਹਮਣੇ ਪੇਸ਼ ਹੋਣ ਦੇ ਲਈ ਵਾਹਨ ਤੱਕ ਦਾ ਪ੍ਰਬੰਧ ਕਰੇਗਾ ਜਾਂ ਇਸਤੇ ਆਏ ਖਰਚੇ ਦਾ ਭੁਗਤਾਣ ਕਰੇਗਾ। ਧਾਰਾ 12 ਦੇ ਤਹਿਤ ਜਿਲਖ਼ਾ ਮਜਿਸਟਰੇਟ ਅਤੇ ਐਸ ਪੀ ਘਟਨਾ ਵਾਲੀ ਜਗਖ਼ਾ ਦਾ ਦੌਰਾ ਕਰਨਗੇ ਅਤੇ ਪੂਰਾ ਵੇਰਵਾ ਤਿਆਰ ਕਰਨ ਤੋਂ ਇਲਾਵਾ ਪੀੜਤ ਨੂੰ ਮੁਆਵਜਾ ਦੇਣ ਦੇ ਨਾਲ ਸੁਰੱਖਿਆ ਦੀ ਵਿਵਸਥਾ ਕਰਨਗੇ।



ਗੁਰਪ੍ਰੀਤ ਸਿੰਘ ਮਹਿਦੂਦਾਂ
91-98889-75440



ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਤੇ ਮੁਕੰਮਲ ਮੰਥਨ ਕਰਨ ਲਈ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗਾਂ ਤੇ ਹੋਏ ਅੱਤਿਆਚਾਰਾਂ ਦੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਰਿਪੋਰਟ ਮੁਤਾਬਿਕ ਸਾਲ 2016 ਵਿੱਚ ਕੁੱਲ 50357 ਕੇਸ ਸਨ ਜਿਨਖ਼ਾਂ ਵਿੱਚੋਂ 11060 ਕੇਸ ਜਾਂਚ ਅਧੀਨ ਸਨ ਜਿਨਖ਼ਾਂ ਦੀ ਚਾਰਜਸੀਟ ਰੇਸ਼ੋ 77 ਫੀਸਦੀ ਸੀ। 45233 ਕੇਸ ਬਕਾਇਆ ਪਏ ਹਨ ਅਤੇ 4546 ਕੇਸਾਂ ਦੀ ਟਰਾਇਲ ਪੂਰਾ ਹੋ ਗਿਆ ਹੈ (701 ਕੇਸਾਂ 'ਚ ਦੋਸ਼ੀ ਠਹਿਰਾਏ ਗਏ ਤੇ 3845 ਬਰੀ ਹੋ ਗਏ ਭਾਵ ਦੋਸ਼ ਸਾਬਿਤ ਹੋਣ ਦੀ ਰੇਸ਼ੋ 15.04 ਫੀਸਦੀ ਸੀ) ਜਦਕਿ 5124 ਕੇਸਾਂ ਦਾ ਟਰਾਇਲ ਚੱਲ ਰਿਹਾ ਹੈ। 16 ਕੇਸ ਸਰਕਾਰ ਦੁਆਰਾ ਵਾਪਸ ਲਏ ਗਏ ਸਨ। 40 ਕੇਸ ਪੁਲਿਸ ਅਤੇ ਮਜਿਸਟਰੇਟਾਂ ਨੂੰ ਭੇਜੇ ਗਏ ਅਤੇ 6 ਕੇਸ ਅੰਡਰ ਸੈਕਸ਼ਨ 15(1) ਬੀ ਅਪਰਾਧਿਕ ਪ੍ਰਕਿਰਿਆ ਕੋਡ ਦੇ ਅਧੀਨ ਜਾਂਚ ਨਹੀ ਕੀਤੇ ਗਏ।

ਇਸ ਲੇਖੇ ਜੋਖੇ ਤੋਂ ਬਾਅਦ ਮੁੜ ਭਾਜਪਾ ਦੇ ਸਮਾਜਿਕ ਧਰੁਵੀਕਰਨ ਦੇ ਪੱਤੇ ਵੱਲ ਚੱਲਦੇ ਹਨ। ਮੌਜੂਦਾ ਸਮੇਂ ਇਸ ਮੁੱਦੇ ਨੇ ਸਮੁੱਚੇ ਦਲਿਤ ਸਮਾਜ ਨੂੰ ਇੱਕ ਮੰਚ ਤੇ ਇੱਕਠਾ ਕਰ ਦਿੱਤਾ ਹੈ ਪਰ ਭਾਜਪਾ ਤਾਂ ਅਜਿਹਾ ਕਦੇ ਵੀ ਨਹੀ ਚਾਹੇਗੀ ਕਿ ਦਲਿਤ ਵਰਗ ਉਸ ਦੇ ਵਿਰੋਧ 'ਚ ਇੱਕਠਾ ਹੋਵੇ। ਜੇਕਰ ਛਿੜੀਆਂ ਚਰਚਾਵਾਂ ਨੂੰ ਧਿਆਨ ਵਿੱਚ ਰੱਖਕੇ ਸੋਚੀਏ ਕਿ ਅਦਾਲਤਾਂ 'ਚ ਦਖਲ ਦੇ ਕੇ ਉਹ ਅਜਿਹਾ ਕਰ ਰਹੀ ਹੈ ਤਾਂ ਉਸ ਨੂੰ ਕੇਵਲ ਐਸ ਸੀ ਐਸ ਟੀ ਐਕਟ ਤੇ ਹਮਲਾ ਹੀ ਨਾ ਸਮਝਿਆ ਜਾਵੇ ਬਲਕਿ ਪਹਿਲਾਂ ਦੱਸਣ ਮੁਤਾਬਿਕ ਇਸ ਨੂੰ ਪਿਛੜੇ ਵਰਗ ਦਾ ਧਾਰਮਿਕ ਧਰੁਵੀਕਰਨ ਦੇ ਨਾਲ ਨਾਲ ਸਮਾਜਿਕ ਧਰੁਵੀਕਰਨ ਕੀਤਾ ਜਾ ਰਿਹਾ, ਮੰਨਿਆ ਜਾਵੇ। ਦੇਸ਼ ਦੀ ਜਨ ਸੰਖਿਆ (2011) ਮੁਤਾਬਿਕ ਐਸ ਸੀ ਦੀ ਅਬਾਦੀ 19.7 ਫੀਸਦੀ, ਐਸ ਟੀ 8.5 ਫੀਸਦੀ ਕੁੱਲ 28.2 ਫੀਸਦੀ, ਓ ਬੀ ਸੀ 41.1 ਫੀਸਦੀ ਅਤੇ ਜਰਨਲ 30.8 ਫੀਸਦੀ ਦੋਵਾਂ ਦੀ ਕੁੱਲ 71.9 ਫੀਸਦੀ ਹੈ।

ਜੇਕਰ ਭਾਜਪਾ ਦੇਸ਼ ਦੇ ਹਿੰਦੂਆਂ ਨੂੰ ਮੁਸਲਿਮਾਂ ਵਿਰੁੱਧ ਇੱਕਠੇ ਕਰਕੇ ਵੋਟਾਂ ਵਟੋਰ ਸਕਦੀ ਹੈ ਤਾਂ ਪਿਛੜਿਆਂ ਨੂੰ ਦਲਿਤਾਂ ਵਿਰੁੱਧ ਇੱਕਠੇ ਕਰਕੇ ਆਪਣੇ ਪੱਖ 'ਚ ਵੀ ਭੁਗਤਾ ਸਕਦੀ ਹੈ।

# ਮਨੁੱਖੀ ਸਰੀਰ ਲਈ ਲੋੜੀਦੇ ਤੱਤਾਂ ਅਤੇ ਖਣਿਜਾਂ ਨਾਲ ਭਰਪੂਰ ਹੈ -ਗੁੜ੍ਹ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਭਾਰਤੀ ਲੋਕ ਸਦੀਆਂ ਤੋਂ ਖਾਣ ਲਈ ਗੁੜ ਦੀ ਵਰਤੋਂ ਮਿੱਠੇ ਵਜੋਂ ਕਰਦੇ ਰਹੇ ਹਨ। ਇਹ ਇਸਨਾਨ ਨੂੰ ਕੁਦਰਤ ਤੋਂ ਮਿਲੀ ਗੁਣਾਂ ਅਤੇ ਸਰੀਰ ਲਈ ਲੋੜੀਂਦੇ ਤੱਤਾਂ ਨਾਲ ਭਰਪੂਰ ਇੱਕ ਅਮਾਨਤ ਹੈ। ਇਸਨੂੰ ਮਿੱਠਿਆਂ ਦਾ ਸਰਦਾਰ ਕਹਿਣ ਤੇ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁੜ੍ਹ ਭਾਰਤੀ ਸੱਭਿਆਚਾਰ ਵਿੱਚ ਖੁਸ਼ੀ ਅਤੇ ਸ਼ਗਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੱਜ ਵੀ ਭਾਰਤੀ ਸ਼ਗਨ ਦੇ ਤੌਰ ਤੇ ਗੁੜ੍ਹ ਦੀ ਭੇਲੀ ਦਾ ਆਦਾਨ ਪ੍ਰਦਾਨ ਕਰਦੇ ਹਨ।ਪੁਰਾਣੇ ਜ਼ਮਾਨੇ ਚ ਖ਼ੁਸ਼ੀ ਮੌਕੇ ਗੁੜ੍ਹ ਨਾਲ ਮੂੰਹ ਮਿੱਠਾ ਕਰਵਾਇਆ ਜਾਂਦਾ ਸੀ, ਮੁੰਡਾ ਜੰਮਣ ਅਤੇ ਵਿਆਹ ਦੀ ਗੰਢ ਭੇਜਣ ਸਮੇਂ ਗੁੜ੍ਹ ਸ਼ਗਨ ਵਜੋਂ ਭੇਜਿਆ ਜਾਂਦਾ ਸੀ, ਪਰ ਸਮੇਂ ਚ ਬਦਲਾਅ ਦੇ ਨਾਲ ਇਸਦੀ ਥਾਂ ਰਸਾਇਣ ਭਰਪੂਰ ਚੀਨੀ ਤੋਂ ਬਣੇ ਖਾਧ ਪਦਾਰਥਾਂ ਨੇ ਲੈ ਲਈ ਹੈ। ਇਸ ਨੂੰ ਖਾਣ ਨਾਲ ਸਰੀਰ ਨੂੰ ਕਈ ਪੋਸ਼ਕ ਤੱਤ ਮਿਲਦੇ ਹਨ। ਗੁੜ ਹਮੇਸ਼ਾ ਤਾਜ਼ੇ ਗੰਨੇ ਅਤੇ ਤਾੜ ਦੇ ਰਸ ਤੋਂ ਬਣਾਇਆ ਜਾਂਦਾ ਹੈ। ਗੁੜ੍ਹ ਦਾ ਰੰਗ ਅਕਸਰ ਗਹਿਰਾ ਸੁਨਹਿਰੀ ਭੂਰਾ ਹੁੰਦਾ ਹੈ। ਗੁੜ ਨੂੰ ਖਾਣੇ ਦੇ ਸੁਆਦ ਲਈ ਹੀ ਨਹੀਂ ਵਰਤਿਆ ਜਾਂਦਾ ਸਗੋਂ ਸਿਹਤ ਸਬੰਧੀ ਕਈ ਪ੍ਰੇਸ਼ਾਨੀਆਂ ਦੂਰ ਕਰਨ ਲਈ ਵੀ ਵਰਤਿਆਂ ਜਾਂਦਾ ਹੈ। ਗੁੜ ਵਿੱਚ ਮਿਨਰਲ ਅਤੇ ਵਿਟਾਮਿਨਜ਼ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਵਿੱਚ ਮੈਗਨੀਸ਼ੀਅਮ, ਕੈਲਸ਼ੀਅਮ, ਸੋਡੀਅਮ ਅਤੇ ਪੋਟਾਸ਼ੀਅਮ ਤੇ ਕਾਪਰ ਵੀ ਹੁੰਦੇ ਹਨ। ਇਸ ਤੋਂ ਇਲਾਵਾ ਇਸ ਵਿੱਚ ਵਿਟਾਮਿਨ 'ਬੀ', ਗੁਲੂਕੋਜ, ਫਰੋਕਟੋਜ਼,ਅਤੇ ਨਿਆਸਿਨ ਵੀ ਹੁੰਦੀ ਹੈ।



ਗੁੜ ਦੀ ਗੱਚਕ, ਰਿਉੜੀਆਂ, ਗੁੜ੍ਹ ਦੀ ਚਾਹ, ਦੁੱਧ ਚ ਗੁੜ੍ਹ ਪਾਕੇ ਪੀਣਾ, ਸ਼ੱਕਰ ਦੀ ਚੂਰੀ, ਗੁੜ੍ਹ ਜਾਂ ਸ਼ੱਕਰ ਦਾ ਸ਼ਰਬਤ ਸਿਹਤ ਲਈ ਅਨਾਮਤ ਹੈ ਅਤੇ ਇਹਨਾਂ ਦਾ ਦੁਨੀਆਂ ਦੀ ਕੋਈ ਵੀ ਮਿਠਾਸ ਮੁਕਾਬਲਾ ਨਹੀਂ ਕਰ ਸਕਦੀ। ਇਸਦੇ ਮਨੁੱਖੀ ਸਰੀਰ ਲਈ ਬੇਮਿਸਾਲ ਫਾਇਦੇ ਹਨ, ਆਉ ਜਾਣੀਏ।

ਚਿਹਰੇ ਅਤੇ ਵਾਲਾਂ ਦੀ ਖ਼ੂਬਸੂਰਤੀ ਲਈ ਗੁੜ ਅਤੇ ਸ਼ੱਕਰ ਨੂੰ ਬਹੁਤ ਫ਼ਾਇਦੇਮੰਦ ਮੰਨਿਆ ਗਿਆ ਹੈ। ਖ਼ੂਬਸੂਰਤ, ਗਲੋਇੰਗ ਅਤੇ ਸਾਫ਼ ਸਕਿਨ ਹਰ ਲੜਕੀ ਦੀ ਚਾਹਤ ਹੁੰਦੀ, ਹੈ ਇਸ ਲਈ ਉਹ ਕਈ ਬਿਊਟੀ ਪ੍ਰਾਡਕਟਸ ਅਤੇ ਟਰੀਟਮੈਂਟ ਕਰਵਾਉਂਦੀਆਂ ਹਨ ਪਰ ਇਨ੍ਹਾਂ ਦਾ ਅਸਰ ਜਿਆਦਾ ਦੇਰ ਨਹੀਂ ਰਹਿੰਦਾ। ਕਈ ਵਾਰ ਕੈਮੀਕਲ ਯਕਤ ਕਰੀਮਾਂ ਦੀ ਵਰਤੋਂ ਨਾਲ ਚਮੜੀ ਠੀਕ ਹੋਣ ਦੀ ਬਜਾਏ ਹੋਰ ਵੀ ਖ਼ਰਾਬ ਹੋ ਜਾਂਦੀ ਹੈ ਅਜਿਹੇ 'ਚ ਗੁੜ੍ਹ ਅਤੇ ਸ਼ੱਕਰ ਦੇ ਸ਼ਰਬਤ ਨਾਲ ਰਾਹਤ ਮਿਲਦੀ ਹੈ।ਗੁੜ ਹਰ ਘਰ 'ਚ ਮੌਜੂਦ ਹੁੰਦਾ ਹੈ,ਗੁੜ੍ਹ ਖਾਣਾ ਚਮੜੀ ਅਤੇ ਵਾਲਾਂ ਲਈ ਵੀ ਬਹੁਤ ਹੀ ਫ਼ਾਇਦੇਮੰਦ ਹੁੰਦਾ ਹੈ। ਅੱਜ ਅਸੀਂ ਤੁਹਾਨੂੰ ਫੇਸ ਪੈਕ ਅਤੇ ਹੇਅਰ ਮਾਸਕ ਦੇ ਬਾਰੇ ਦੱਸਣ ਜਾ ਰਹੇ ਇਨ੍ਹਾਂ ਦੀ ਵਰਤੋਂ ਕਰ ਕੇ ਤੁਸੀਂ ਖ਼ੂਬਸੂਰਤ ਸਕਿਨ ਅਤੇ ਸ਼ਾਇਨੀ ਵਾਲ ਪਾ ਸਕਦੀ ਹੋ।

**ਗਲੋਇੰਗ ਚਮੜੀ—** ਗੁੜ 'ਚ ਮੌਜੂਦ ਗਲਾਈਕੋਲਿਕ ਐਸਿਡ ਚਮੜੀ 'ਚ ਨਿਖਾਰ ਲਿਆਉਣ ਦਾ ਕੰਮ ਕਰਦਾ ਹੈ। ਹਫ਼ਤੇ 'ਚ 2 ਵਾਰ ਇਸ ਦਾ ਪੈਕ ਲਗਾਉਣ ਨਾਲ ਚਿਹਰਾ ਚਮਕਦਾਰ ਲੱਗਣ ਲੱਗਦਾ ਹੈ। 2 ਚੱਮਚ ਗੁੜ 'ਚ 2 ਚੱਮਚ ਸ਼ਹਿਦ ਅਤੇ ਅੱਧਾ ਚੱਮਚ ਨਿੰਬੂ ਦਾ ਰਸ ਮਿਲਾ ਕੇ ਚੰਗੀ

(ਬਾਕੀ ਸਫਾ 20 'ਤੇ)

# ਖੇਤੀ ਸਬਸਿਡੀਆਂ, ਕਿਸਾਨ ਅਤੇ ਸਰਕਾਰਾਂ

**ਪਿੰਡ ਤੇ ਕਿਸਾਨ ਨੂੰ ਬਚਾਉਣ ਲਈ ਖੇਤੀ ਨਾਲ ਸਬੰਧਤ ਧੰਦਿਆਂ ਦੇ ਨਾਲ ਗੈਰ ਖੇਤੀ ਛੋਟੇ ਉਦਯੋਗ ਪਿੰਡਾਂ 'ਚ ਚਾਲੂ ਕਰਨਾ ਸਮੇਂ ਦੀ ਲੋੜ ਹੈ। ਪਿੰਡਾਂ 'ਚ ਵਿਕਾਸ ਦਾ ਇਹੋ ਜਿਹਾ ਮਾਡਲ ਲਿਆਉਣਾ ਪਵੇਗਾ ਜਿਹੜਾ ਖੇਤੀ ਉਤਪਾਦਨ ਦੇ ਨਾਲ-ਨਾਲ ਬਜ਼ਾਰ ਵਿੱਚ ਪਿੰਡ ਵਿੱਚੋਂ ਇਹੋ ਜਿਹੀਆਂ ਚੀਜਾਂ-ਵਸਤਾਂ ਸਪਲਾਈ ਕਰੇ, ਜਿਸਦੀ ਬਜ਼ਾਰ ਵਿੱਚ ਮੰਗ ਹੋਵੇ। ਉਦਾਹਰਨ ਦੇ ਤੌਰ ਤੇ ਕਣਕ ਦਾ ਆਟਾ ਜਾਂ ਡਬਲਰੋਟੀ ਪਿੰਡ ਵਿੱਚੋਂ ਬਣਕੇ ਬਜ਼ਾਰ 'ਚ ਕਿਉਂ ਨਹੀਂ ਜਾ ਸਕਦੀ? ਅੱਜ ਕਾਰਪੋਰੇਟ ਸੈਕਟਰ ਖੇਤੀ ਖੇਤਰ ਦਾ ਕੱਚਾ ਮਾਲ ਹਜ਼ਮ ਕਰ ਰਿਹਾ ਹੈ, ਥਾਂ-ਥਾਂ ਉਦਯੋਗ ਖੋਹਲ ਰਿਹਾ ਹੈ। ਪਿੰਡ ਦਾ ਛੋਟਾ ਉਦਯੋਗ, ਇਸ ਕਿਸਮ ਦੇ ਵੱਡੇ ਉਦਯੋਗ ਧੰਦੇ ਨੂੰ ਠੱਲ ਪਾ ਸਕਦਾ ਹੈ। ਇਸ ਨਾਲ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਣ ਵੀ ਰੁਕ ਸਕਦਾ ਹੈ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲ ਸਕਦਾ ਹੈ, ਜਿਸਦੀ ਕਮੀ ਪਿਛਲੇ ਇੱਕ ਦਹਾਕੇ ਤੋਂ ਦੇਸ਼ ਵਿੱਚ ਲਗਾਤਾਰ ਵੇਖਣ ਨੂੰ ਮਿਲ ਰਹੀ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਯੂ ਐਨ ਓ ਦੇ ਵਿਸ਼ਵਪੱਧਰੀ ਨੈਟਵਰਕ ਯੂ ਐਨ ਡੀ ਪੀ (ਯੂਨਾਈਟੇਡ ਨੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ) ਨੇ ਇਹਨੀ ਦਿਨੀਂ ਇਹ ਵਿਚਾਰ ਪ੍ਰਗਟਾਇਆ ਹੈ ਕਿ 2050 ਤੱਕ ਭਾਰਤ ਵਿੱਚ ਕੋਈ ਪੇਂਡੂ ਖੇਤਰ ਨਹੀਂ ਰਹੇਗਾ। ਇਸਦਾ ਸਿੱਧਾ ਅਰਥ ਤਾਂ ਇਹ ਹੈ ਕਿ ਭਾਰਤ ਦੇ ਪਿੰਡ ਖਤਮ ਹੋ ਜਾਣਗੇ। ਯੂ ਐਨ ਡੀ ਪੀ ਵਿਸ਼ਵ ਦੇ 170 ਦੇਸ਼ਾਂ ਸਮੇਤ ਭਾਰਤ ਵਿੱਚ ਗਰੀਬੀ ਦੇ ਖਾਤਮੇ, ਨਾ ਬਰਾਬਰੀ ਹਟਾਉਣ ਸਬੰਧੀ ਕੰਮ ਕਰ ਰਿਹਾ ਹੈ ਅਤੇ ਭਾਰਤ ਵਿੱਚ 1951 ਤੋਂ ਪੇਂਡੂ ਵਿਕਾਸ, ਵਾਤਾਵਰਨ, ਮਨੁੱਖੀ ਵਿਕਾਸ ਅਤੇ ਊਰਜਾ ਸਰੋਤਾਂ ਸਬੰਧੀ ਪ੍ਰੋਗਰਾਮਾਂ ਤੇ ਘੋਖਵੀਂ ਨਜ਼ਰ ਰੱਖ ਰਿਹਾ ਹੈ। ਇੱਕ ਨਹੀਂ ਸੈਂਕੜੇ ਪ੍ਰਾਜੈਕਟ ਯੂ ਐਨ ਡੀ ਪੀ ਦੇ ਸਹਿਯੋਗ, ਸਹਾਇਤਾ, ਅਤੇ ਨਿਗਰਾਨੀ ਹੇਠ ਦੇਸ਼ ਦੇ ਵੱਖੋ-ਵੱਖਰੇ ਸਰਕਾਰੀ ਮਹਿਕਮਿਆਂ ਨਾਲ ਰਲਕੇ ਚਲਾਏ ਜਾ ਰਹੇ ਹਨ।

ਖੇਤੀ ਕਦੇ ਭਾਰਤ ਦੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਸੀ, ਪਰ ਅੱਜ ਇਹ ਇਵੇਂ ਨਹੀਂ ਰਹੀ। ਖੇਤੀ ਖੇਤਰ ਦੀਆਂ ਸਚਾਈਆਂ ਬਦਲਦੀਆਂ ਜਾ ਰਹੀਆਂ ਹਨ। ਇਹੋ ਕਾਰਨ ਹੈ ਕਿ ਕਿਸਾਨਾਂ ਨੂੰ ਨਿੱਤ ਨਵੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਇਸ ਵੇਲੇ ਦੇਸ਼ ਵਿੱਚ ਖੇਤੀ ਦੀ ਜੀ ਡੀ ਪੀ (ਸਕਲ ਘਰੇਲੂ ਉਤਪਾਦ) ਵਿੱਚ ਮਸਾਂ 16 ਫੀਸਦੀ ਦੀ ਹਿੱਸੇਦਾਰੀ ਹੈ। ਜਦ ਕਿ ਦੇਸ਼ ਦੀ ਆਬਾਦੀ ਦਾ 60 ਫੀਸਦੀ ਹਿੱਸਾ ਖੇਤੀ ਉਤੇ ਨਿਰਭਰ ਹੈ। ਨਤੀਜੇ ਵਜੋਂ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ 'ਚ ਵਾਧਾ ਹੋ ਰਿਹਾ ਹੈ। ਕਿਸਾਨਾਂ ਦੇ ਸੁਫਨੇ ਟੁੱਟ ਰਹੇ ਹਨ। ਕਿਸਾਨਾਂ ਨੂੰ ਮੌਜੂਦਾ ਹਾਕਮਾਂ ਭਰੋਸਾ ਦਿੱਤਾ ਸੀ ਕਿ ਉਹ ਕਿਸਾਨਾਂ ਦੀ ਆਮਦਨ ਦੁਗਣੀ ਕਰ ਦੇਣਗੇ। ਉਹਨਾ ਦੇ ਅੱਛੇ ਦਿਨ ਆਉਣ ਦੀ ਆਸ ਵੀ ਬੰਨਾਈ ਗਈ ਸੀ। ਪਰ ਜੇਕਰ ਸਚਮੁੱਚ ਕਿਸਾਨਾਂ ਨੂੰ ਪਿਛਲੇ ਇੱਕ ਦੋ ਵਰ੍ਹਿਆਂ 'ਚ ਬੰਨਾਈ ਆਸ 'ਚ ਰਤਾ-ਮਾਸਾ ਵੀ ਵਾਧਾ ਹੋਇਆ ਪ੍ਰਤੀਤ ਹੁੰਦਾ ਤਾਂ ਕਿਸਾਨਾਂ ਦੇ ਵੱਡੀ ਗਿਣਤੀ ਨੁਮਾਇੰਦੇ ਬੇਬਸ ਹੋ, ਰੋਂਦੇ ਕੁਰਲਾਉਂਦੇ 170 ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਸਰਕਾਰ ਦੇ ਬੂਹੇ ਇਹ ਦੁਹਾਈ ਦੇਣ ਲਈ ਕਦੇ ਨਾ ਪੁੱਜਦੇ, "ਸਰਕਾਰ ਜੀ, ਅਸੀਂ ਤਾਂ ਮਰ ਰਹੇ ਹਾਂ"।

ਦੇਸ਼ ਦਾ ਪੇਂਡੂ ਕਿਸਾਨਾਂ ਬਹੁਤਾ ਕਰਕੇ ਅਨਪੜ੍ਹ ਹੈ। ਤੰਗੀ-ਤੁਰਸ਼ੀ ਦਾ ਜੀਵਨ ਬਿਤਾ ਰਿਹਾ ਹੈ। ਉਸਦੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਉਸਨੂੰ ਆਪਣੀ ਦੁਰਦਸ਼ਾ ਦਾ ਅਹਿਸਾਸ ਤਾਂ ਹੈ, ਪਰ ਉਸਦੀ ਇਸ ਦੁਰਦਸ਼ਾ ਦਾ ਦੋਸ਼ੀ ਕੌਣ ਹੈ, ਉਹ ਸ਼ਾਇਦ ਸਮਝ ਨਹੀਂ ਰਿਹਾ? ਆਜ਼ਾਦੀ ਦਾ ਲੰਮਾ ਅਰਸਾ ਬੀਤਣ ਬਾਅਦ ਵੀ ਦੇਸ਼ ਦੇ ਹਾਕਮਾਂ ਉਸ ਦੀਆਂ ਸਮੱਸਿਆਵਾਂ ਨਾ ਤਾਂ ਸਮਝੀਆਂ ਹਨ, ਨਾ ਹੱਲ ਕੀਤੀਆਂ ਹਨ। ਨਾ ਦੇਸ਼ ਦੇ ਹਾਕਮਾਂ ਨੇ ਅਤੇ ਨਾ ਹੀ ਕਿਸਾਨ ਆਗੂਆਂ ਨੇ ਕਦੇ ਇਹ ਜਾਨਣ ਜਾਂ ਸਮਝਣ ਦਾ ਯਤਨ ਕੀਤਾ ਹੈ ਕਿ ਦੇਸ਼ ਦੇ ਖੇਤੀ ਵਿਗਿਆਨਕ ਕੀ ਕਰ ਰਹੇ ਹਨ? ਅੱਧੇ ਤੋਂ ਜਿਆਦਾ ਖੇਤਰ ਵਿੱਚ ਸਿੰਚਾਈ ਦੀ ਸੁਵਿਧਾ ਨਹੀਂ ਹੈ। ਫਲ ਅਤੇ ਸਬਜ਼ੀਆਂ ਮਸਾਂ ਦਸ ਫੀਸਦੀ ਖੇਤਰ ਵਿੱਚ ਉਗਾਈਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਦਾ ਸਾਲ 2015-16 ਦਾ ਸਰਵੇ ਇਹ ਦੱਸਦਾ ਹੈ ਕਿ 63 ਫੀਸਦੀ ਤੋਂ ਜਿਆਦਾ ਖੇਤੀ ਵਿਗਿਆਨਕਾਂ ਦੀ ਖੋਜ਼ ਉਤਪਾਦਕਤਾ ਬਹੁਤ ਹੀ ਘੱਟ ਹੈ। ਕੀ ਮੋਟੀਆਂ ਤਨਖਾਹਾਂ ਲੈਣ ਵਾਲੇ ਇਹ ਵਿਗਿਆਨਕ ਕਿਸਾਨਾਂ ਅਤੇ ਸਮਾਜ ਲਈ ਸਫੈਦ ਹਾਥੀ ਨਹੀਂ ਹਨ? ਕੀ ਉਹਨਾ ਦੀ ਕੋਈ ਜਵਾਬਦੇਹੀ ਨਹੀਂ ਹੈ? ਸਿਰਫ ਕਿਸਾਨਾਂ ਪ੍ਰਤੀ ਖੇਤੀ ਵਿਗਿਆਨਕ ਹੀ ਗੈਰ-ਜੁੰਮੇਵਾਰ ਨਹੀਂ, ਸਗੋਂ ਸਿਆਸੀ ਲੋਕ ਵੀ ਕਿਸਾਨਾਂ ਤੋਂ ਮੂੰਹ ਫੇਰ ਰਹੇ ਹਨ। ਕਿਸਾਨ ਤੋਂ ਨੇਤਾ ਵੋਟ ਮੰਗਦੇ ਹਨ, ਉਹਨਾ ਨੂੰ ਵਾਇਦੇ ਦਿੰਦੇ ਹਨ। ਪਰ ਵੋਟਾਂ ਉਪਰੰਤ ਉਹ ਸਭੋ ਕੁਝ ਭੁਲ-ਭੁਲਾ ਜਾਂਦੇ ਹਨ। ਕਿਸਾਨ ਘਾਟੇ ਦੀ ਖੇਤੀ ਕਰ ਰਹੇ ਹਨ। ਬਹੁਤੀ ਮਿਹਨਤ ਕਰਕੇ ਵੀ ਉਹਨਾ ਦੇ ਪੱਲੇ ਕੁਝ ਨਹੀਂ ਪੈਂਦਾ। ਖੇਤੀ ਦਾ ਉਤਪਾਦਨ ਵਧਾਉਣ ਦੀ ਹੋੜ ਵਿੱਚ, ਉਹ ਵੱਖੋ-ਵੱਖ ਢੰਗ ਤਰੀਕੇ ਵਰਤਦੇ ਹਨ। ਨਵੀਂ ਮਸ਼ੀਨਰੀ, ਨਵੇਂ ਬੀਜਾਂ, ਨਵੀਆਂ ਕੀਟਨਾਸ਼ਕ ਦਵਾਈਆਂ, ਖਾਦਾਂ ਦੀ ਵਰਤੋਂ ਕਰਦੇ ਹਨ। ਇਹ ਸਭ ਕੁਝ ਕਰਦਿਆਂ ਤਾਂ ਉਹ ਭੁਲ ਹੀ ਜਾਂਦੇ ਹਨ ਕਿ ਉਹਨਾ ਦੇ ਪੱਲੇ ਕੀ ਪਿਆ? ਖੇਤੀ ਤੋਂ ਉਹਨਾ ਨੂੰ ਆਮਦਨ ਕਿੰਨੀ ਹੋਈ? ਖੇਤੀ ਤੋਂ ਉਤਪਾਦਨ ਵਧਾਉਣ ਦੀ ਹੁਣ ਨਵੇਂ ਖੇਤੀ ਦੇ ਢੰਗਾਂ ਤੇ ਮਸ਼ੀਨਰੀ ਕਾਰਨ ਬਹੁਤੇ ਕਿਸਾਨਾਂ ਨੂੰ ਸਮੱਸਿਆ ਨਹੀਂ ਰਹੀ ਹੋਏਗੀ, ਪਰ ਕੀ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਇਆ, ਇਹ ਵੇਖਣ ਵਾਲੀ ਗੱਲ ਹੈ। ਕੀ ਉਸਨੂੰ ਖੇਤੀ ਤੋਂ ਸ਼ੁੱਧ ਆਮਦਨ ਹੋ ਰਹੀ ਹੈ? ਇਹੀ ਸਮੱਸਿਆ ਹੈ ਕਿ ਕਿਸਾਨ ਨੂੰ ਖੇਤੀ ਤੋਂ ਸ਼ੁੱਧ ਆਮਦਨ ਜਾਣੀ ਨੈਟ ਇਨਕਮ ਨਹੀਂ ਹੋ ਰਹੀ। ਅਸਲ ਵਿੱਚ ਤਾਂ ਕਿਸਾਨ "ਫਾਰਮ ਬਿਜਨਿਸ ਆਮਦਨ" ਨੂੰ ਹੀ ਆਪਣੀ ਸ਼ੁੱਧ ਆਮਦਨ ਸਮਝਦਾ ਹੈ। ਇਸ ਆਮਦਨ ਵਿੱਚ ਕਿਸਾਨਾਂ ਦੀ ਆਪਣੀ ਮਿਹਨਤ ਜਾਂ ਮਜ਼ਦੂਰੀ ਸ਼ਾਮਲ ਨਹੀਂ ਹੁੰਦੀ। ਜੋ ਖੇਤੀ ਕਰਦੇ ਹਨ, ਉਹ ਜਾਣਦੇ ਹਨ ਕਿ ਕਿਸਾਨ ਦਾ ਪੂਰਾ ਪਰਿਵਾਰ ਹੀ ਇਸ ਕਿੱਤੇ ਵਿੱਚ ਲੱਗਿਆ ਰਹਿੰਦਾ ਹੈ। ਇਹ ਕਿੱਤਾ ਸਵੇਰ ਸ਼ਾਮ ਦਾ ਨਹੀਂ, ਇਹ ਤਾਂ ਦਿਨ ਰਾਤ ਦਾ ਹੈ, 24 ਘੰਟੇ ਦਾ ਹੈ। ਜੇਕਰ ਕਿਸਾਨ "ਫਾਰਮ ਬਿਜਨਿਸ ਆਮਦਨ" ਦੀ ਥਾਂ ਤੇ ਸ਼ੁੱਧ ਆਮਦਨ ਬਾਰੇ ਸੋਚਣਾ, ਜਾਨਣਾ ਸ਼ੁਰੂ ਕਰ ਦੇਣ ਤਾਂ ਉਹ ਖੇਤੀ ਦਾ ਕਾਰੋਬਾਰ ਹੀ ਛੱਡ ਦੇਣਗੇ।ਅਸਲ ਮਸਲਾ ਤਾਂ ਇਹ ਹੈ ਕਿ ਕਿਸਾਨ ਆਪਣੀ ਸ਼ੁੱਧ ਆਮਦਨ ਕਿਵੇਂ ਵਧਾਉਣ? ਇਸ ਵਾਸਤੇ ਇਹ ਜ਼ਰੂਰੀ ਹੈ ਕਿ ਖੇਤ ਉਤੇ ਲਾਗਤ ਘੱਟ ਕੀਤੀ ਜਾਵੇ। ਸਾਂਝੀ ਖੇਤੀ ਇਸਦਾ ਇੱਕ ਹੱਲ ਹੋ ਸਕਦਾ ਹੈ। ਵੇਖਣ ਵਿੱਚ ਤਾਂ ਇਹ ਆਉਂਦਾ ਹੈ ਕਿ ਜਿਹਨਾ ਕਿਸਾਨਾਂ ਦੀ ਸਮੱਰਥਾ ਵੀ ਨਹੀਂ ਹੈ, ਉਹ ਕਿਸਾਨ ਵੀ ਵੱਡੇ ਵੱਡੇ ਟਰੈਕਟਰ, ਮਸ਼ੀਨਰੀ ਖਰੀਦਦੇ ਹਨ, ਕਰਜ਼ਾਈ ਹੋ ਜਾਂਦੇ ਹਨ। ਉਦਾਹਰਨ ਦੇ ਤੌਰ ਤੇ ਜੇ ਤਿੰਨ ਭਰਾ ਖੇਤੀ ਕਰਦੇ ਹਨ, ਤਿੰਨ ਰੀਸੋ-ਰੀਸੀ ਆਪੋ ਆਪਣੀ ਮਸ਼ੀਨਰੀ ਬਨਾਉਣ ਦੇ ਚੱਕਰ ਵਿੱਚ ਆਪਣੀ ਜ਼ਮੀਨ ਕ ਗਹਿਣੇ/ ਜਾਂ ਰਹਿਣ ਕਰ ਦੇਂਦੇ ਹਨ। ਇਸ ਨਾਲ ਉਹ ਆਰਥਿਕ ਨੁਕਸਾਨ ਝੱਲਦੇ ਹਨ। ਸਿੱਟਾ ਲਾਗਤ ਵੱਧਦੀ ਹੈ, ਆਮਦਨ ਘੱਟ ਰਹਿੰਦੀ ਹੈ। ਇਸ ਵਰਤਾਰੇ ਕਾਰਨ ਜਿਸ ਕਿਸਮ ਦੀ ਸਥਿਤੀ ਬਣਦੀ ਜਾ ਰਹੀ ਹੈ, ਖੇਤੀ ਕਰਨ ਵਾਲੇ ਲੋਕ ਖੇਤੀ ਛੱਡਕੇ ਮਜ਼ਦੂਰ ਬਨਣ ਵੱਲ ਅੱਗੇ ਵੱਧ ਰਹੇ ਹਨ। ਸਰਕਾਰਾਂ ਆਮ ਤੌਰ 'ਤੇ ਕਿਸਾਨਾਂ ਨੂੰ ਖੁਸ਼ ਕਰਨ ਲਈ ਸਮੇਂ- ਸਮੇਂ ਸਬਸਿਡੀਆਂ ਦੇ ਰਹੀਆਂ ਹਨ। ਮੁਫਤ ਪਾਣੀ ਦੇਣ ਲਈ ਸਬਸਿਡੀ, ਖਾਦ, ਕੀਟ ਨਾਸ਼ਕਾਂ ਉਤੇ ਸਬਸਿਡੀ, ਪਰ ਸਰਕਾਰ ਕਿਸਾਨਾਂ ਦੀ ਸ਼ੁੱਧ ਆਮਦਨ ਵਧਾਉਣ ਲਈ ਉਹ ਕਦਮ ਨਹੀਂ ਪੁੱਟ ਰਹੀ ਜੋ ਉਸਨੂੰ ਪੁੱਟਣੇ ਚਾਹੀਦੇ ਹਨ! ਕੀ ਸਰਕਾਰ ਡਾ: ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਨਹੀਂ ਕਰ ਸਕਦੀ, ਜਿਸ ਤਹਿਤ ਕਿਸਾਨਾਂ ਨੂੰ ਲਾਗਤ ਮੁੱਲ ਨਾਲੋਂ 50 ਫੀਸਦੀ ਆਮਦਨ ਦੇ ਪ੍ਰਾਵਾਧਾਨ ਦੀ ਸਿਫਾਰਸ਼ ਕੀਤੀ ਗਈ ਹੈ? ਕੀ ਸਰਕਾਰ ਕਿਸਾਨ ਦੀ ਹਰੇਕ ਫਸਲ ਦਾ ਘੱਟੋ-ਘੱਟ ਮੁੱਲ ਨਿਰਧਾਰਤ ਨਹੀਂ ਕਰ ਸਕਦੀ? ਇਸ ਸਾਲ ਦੇ ਬਜ਼ਟ ਵਿੱਚ ਕਿਸਾਨਾਂ ਦੀ ਆਮਦਨ ਵਧਾਉਣ ਦੀ ਗੱਲ ਤਾਂ ਕੇਂਦਰ ਸਰਕਾਰ ਨੇ ਕੀਤੀ ਹੈ, ਪਰ ਸ਼ੁੱਧ ਆਮਦਨ ਵਧਾਉਣ ਵਾਲੀ ਗੱਲ ਤੋਂ ਸਰਕਾਰ ਅਛੋਪਲੇ ਜਿਹੇ ਕਿਨਾਰਾ ਕਰੀ ਬੈਠੀ ਹੈ। ਕਿਸਾਨ ਹੁਣ ਸਰਕਾਰ ਦੇ ਅਸਲ ਮੰਤਵ ਨੂੰ ਸਮਝਕੇ ਸੰਘਰਸ਼ ਦੇ ਰਾਹ ਪੈ ਰਹੇ ਹਨ। ਮੁੰਬਈ ਪੁੱਜੇ ਮਹਾਂਰਾਸ਼ਟਰ ਦੇ ਕਿਸਾਨ ਇੱਕ ਉਦਾਹਰਨ ਹੈ। ਉਹ ਸਮਝ ਰਹੇ ਹਨ ਕਿ ਸਰਕਾਰ ਅੱਗੇ ਰੋਇਆਂ-ਕੁਰਲਾਇਆਂ ਕੁਝ ਨਹੀਂ ਬਨਣਾ ਅਤੇ ਨਾ ਹੀ ਆਪਣੇ ਆਪ ਨੂੰ ਵਿਚਾਰਾ ਸਮਝਕੇ ਡੰਗ-ਟਪਾਈ ਹੋਣੀ ਹੈ। ਕਿਸਾਨ ਸਮਝ ਬੈਠੇ ਹਨ ਕਿ ਉਹਨਾ ਨੂੰ ਸਬਸਿਡੀਆਂ ਨਹੀਂ, ਆਪਣੇ ਹੱਕ ਚਾਹੀਦੇ ਹਨ, ਫਸਲ ਦਾ ਪੂਰਾ ਮੁੱਲ ਚਾਹੀਦਾ ਹੈ, ਦਲਾਲਾਂ ਤੇ ਸ਼ਾਹੂਕਾਰਾਂ ਤੋਂ ਨਿਜ਼ਾਤ ਚਾਹੀਦੀ ਹੈ। ਅੱਜ ਹਾਲਤ ਤਾਂ ਇਹ ਹੈ ਕਿ ਗੰਨੇ ਦੀ ਫਸਲ ਗੰਨਾ ਮਿਲ 'ਚ ਜਾਂਦੀ ਹੈ ਤਾਂ ਉਸਨੂੰ ਰਿਸ਼ਵਤ ਦੇ ਕੇ ਗੰਨੇ ਦੀ ਪਰਚੀਆਂ ਮਿੱਲ ਮਾਲਕਾਂ ਦੇ ਕਰਿੰਦਿਆਂ ਤੋਂ ਲੈਣੀਆਂ ਪੈਂਦੀਆਂ ਹਨ! ਗੰਨੇ ਦਾ ਭਾਅ ਪੂਰਾ ਨਹੀਂ ਮਿਲਦਾ! ਕਣਕ, ਬਾਸਮਤੀ, ਝੋਨਾ, ਦਾਲਾਂ ਦੇ ਬਜ਼ਾਰੂ ਭਾਅ ਉਹਦੀ ਫਸਲ ਦੇ ਮੇਚ ਦੇ ਨਹੀਂ, ਤੇ ਮੰਡੀ 'ਚ ਵੇਚਣ ਲਈ ਨਹੀਂ , ਉਹਨਾ ਨੂੰ ਆਪਣੀ ਫਸਲ "ਸੁੱਟਣ" ਲਈ ਜਾਣਾ ਪੈਂਦਾ ਹੈ।



ਪਿੰਡ ਤੇ ਕਿਸਾਨ ਨੂੰ ਬਚਾਉਣ ਲਈ ਖੇਤੀ ਨਾਲ ਸਬੰਧਤ ਧੰਦਿਆਂ ਦੇ ਨਾਲ ਗੈਰ ਖੇਤੀ ਛੋਟੇ ਉਦਯੋਗ ਪਿੰਡਾਂ 'ਚ ਚਾਲੂ ਕਰਨਾ ਸਮੇਂ ਦੀ ਲੋੜ ਹੈ। ਪਿੰਡਾਂ 'ਚ ਵਿਕਾਸ ਦਾ ਇਹੋ ਜਿਹਾ ਮਾਡਲ ਲਿਆਉਣਾ ਪਵੇਗਾ ਜਿਹੜਾ ਖੇਤੀ ਉਤਪਾਦਨ ਦੇ ਨਾਲ-ਨਾਲ ਬਜ਼ਾਰ ਵਿੱਚ ਪਿੰਡ ਵਿੱਚੋਂ ਇਹੋ ਜਿਹੀਆਂ ਚੀਜਾਂ-ਵਸਤਾਂ ਸਪਲਾਈ ਕਰੇ, ਜਿਸਦੀ ਬਜ਼ਾਰ ਵਿੱਚ ਮੰਗ ਹੋਵੇ। ਉਦਾਹਰਨ ਦੇ ਤੌਰ ਤੇ ਕਣਕ ਦਾ ਆਟਾ ਜਾਂ ਡਬਲਰੋਟੀ ਪਿੰਡ ਵਿੱਚੋਂ ਬਣਕੇ ਬਜ਼ਾਰ 'ਚ ਕਿਉਂ ਨਹੀਂ ਜਾ ਸਕਦੀ? ਅੱਜ ਕਾਰਪੋਰੇਟ ਸੈਕਟਰ ਖੇਤੀ ਖੇਤਰ ਦਾ ਕੱਚਾ ਮਾਲ ਹਜ਼ਮ ਕਰ ਰਿਹਾ ਹੈ, ਥਾਂ-ਥਾਂ ਉਦਯੋਗ ਖੋਹਲ ਰਿਹਾ ਹੈ। ਪਿੰਡ ਦਾ ਛੋਟਾ ਉਦਯੋਗ, ਇਸ ਕਿਸਮ ਦੇ ਵੱਡੇ ਉਦਯੋਗ ਧੰਦੇ ਨੂੰ ਠੱਲ ਪਾ ਸਕਦਾ ਹੈ। ਇਸ ਨਾਲ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਣ ਵੀ ਰੁਕ ਸਕਦਾ ਹੈ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲ ਸਕਦਾ ਹੈ, ਜਿਸਦੀ ਕਮੀ ਪਿਛਲੇ ਇੱਕ ਦਹਾਕੇ ਤੋਂ ਦੇਸ਼ ਵਿੱਚ ਲਗਾਤਾਰ ਵੇਖਣ ਨੂੰ ਮਿਲ ਰਹੀ ਹੈ। ਕਿਸਾਨਾਂ ਅਤੇ ਯੁਵਕਾਂ ਲਈ ਆਪਣੀ ਖੇਤੀ ਵੇਖਣ ਦੇ ਨਾਲ ਨਾਲ ਛੋਟੇ ਖੇਤੀ ਉਦਯੋਗ ਵੀ ਪਿੰਡ 'ਚ ਵਧਣ ਫੁਲਣਗੇ ਤਾਂ ਪੇਂਡੂਆਂ, ਕਿਸਾਨਾਂ, ਯੁਵਕਾਂ ਨੂੰ ਸ਼ਹਿਰ ਦੀ ਮਿੱਟੀ ਵੀ ਨਹੀਂ ਫੱਕਣੀ ਪਵੇਗੀ, ਸਬਸਿਡੀਆਂ ਦੀ ਝਾਕ ਵੀ ਨਹੀਂ ਰਹੇਗੀ।

ਅਸਲ ਵਿੱਚ ਤਾਂ ਖੇਤੀ ਦਾ ਉਤਪਾਦਨ ਵਧਾਉਣ ਦੀ ਸਮੱਸਿਆ ਉਤਨੀ ਵੱਡੀ ਜਾਂ ਗੰਭੀਰ ਨਹੀਂ ਹੈ, ਜਿੰਨੀ ਵੱਡੀ ਲੋੜ ਕਿਸਾਨ ਦੀ ਸ਼ੁੱਧ ਆਮਦਨ ਵਧਾਉਣ ਦੀ ਹੈ। ਇਸ ਸਬੰਧੀ ਕਿਸਾਨਾਂ ਨੂੰ ਆਪਣੀ ਹੱਕਾਂ ਪਰਤੀ ਜਿਥੇ ਸੁਚੇਤ ਹੋਣਾ ਪਵੇਗਾ, ਉਥੇ ਉਹਨਾ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਖ਼ੁਦ ਨੂੰ ਵਿਚਾਰਾ ਮੰਨਣ ਦੀ ਮਾਨਸਿਕਤਾ ਤੋਂ ਵੀ ਛੁਟਕਾਰਾ ਪਾਉਣਾ ਹੋਵੇਗਾ। ਕਿਉਂ ਨਾ ਕਿਸਾਨ ਉਹਨਾ ਲੋਕਾਂ ਤੋਂ ਸਵਾਲ ਪੁੱਛਣ ਜਿਹੜੇ ਉਹਨਾ ਦੇ ਬਲਬੂਤੇ ਸੱਤਾ ਦਾ ਆਨੰਦ ਭੋਗਦੇ ਹਨ, ਪਰ ਉਹਨਾ ਨੂੰ ਵਿਚਾਰੇ ਸਮਝਕੇ ਸਬਸਿਡੀਆਂ ਦਾ ਲਾਲੀ ਪਾਪ ਦੇ ਕੇ ਉਹਨਾ ਦੇ ਹੱਕ ਮਾਰ ਰਹੇ ਹਨ।

# ਵੱਧਦੀ ਆਬਾਦੀ, ਘਟਦਾ ਪਾਣੀ

**ਮੂਲ ਲੇਖਕ:- ਮੁਹੰਮਦ ਖ਼ਾਲਿਦ ਜੀਲਾਨੀ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਪਾਣੀ ਦੀ ਉਪਲੱਭਤਾ ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ ਨੇ ਮਨੁੱਖ ਜਾਤੀ ਦੀ ਚਿੰਤਾ ਵਧਾ ਦਿੱਤੀ ਹੈ। 1 22ਮਾਰਚ 1993 ਨੂੰ ਸੰਯੁਕਤ ਰਾਸ਼ਟਰ ਨੇ "ਵਿਸ਼ਵ ਪਾਣੀ ਦਿਹਾੜੇ' ਦੇ ਮੌਕੇ ਉਤੇ ਸ਼ੁੱਧ ਪਾਣੀ ਦੀ ਘਾਟ ਦੀ ਤੁਲਨਾ "ਟਾਈਮ ਬੰਬ" ਨਾਲ ਕਰਕੇ ਇਹ ਦਰਸਾਉਣ ਦਾ ਯਤਨ ਕੀਤਾ ਸੀ ਕਿ ਮਨੁੱਖ ਜਾਤੀ ਲਈ ਇੱਕ ਵੱਡਾ ਖਤਰਾ ਸਾਹਮਣੇ ਹੈ। ਸੰਯੁਕਤ ਰਾਸ਼ਟਰ ਦਾ ਇਹ ਮੰਨਣਾ ਹੈ ਕਿ ਦੁਨੀਆ ਦੇ 20 ਫੀਸਦੀ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਮਿਲਦਾ ਅਤੇ ਲਗਭਗ 50 ਫੀਸਦੀ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਨਹੀਂ ਮਿਲਦਾ। ਧਰਤੀ ਹੇਠਲੇ ਪਾਣੀ ਦੀ ਤੇਜ਼ੀ ਨਾਲ ਹੋ ਰਹੀ ਦੁਰਵਰਤੋਂ ਮਨੁੱਖ ਜਾਤੀ ਲਈ ਖਤਰੇ ਦੀ ਘੰਟੀ ਹੈ।

ਦੇਸ਼ ਵਿੱਚ ਜਿਆਦਾ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਘਾਟ ਆਮ ਜਿਹੀ ਗੱਲ ਹੈ। ਸਮਾਜਿਕ ਵਿਕਾਸ ਅਤੇ ਜਨਸੰਖਿਆ 'ਚ ਵਾਧੇ ਨਾਲ ਜਿਥੇ ਆਮ ਆਦਮੀ ਦੇ ਜੀਵਨ ਸੱਤਰ ਵਿੱਚ ਸੁਧਾਰ ਹੋਇਆ ਹੈ, ਉਥੇ ਕੁਦਰਤੀ ਸਾਧਨਾਂ ਦੀ ਤਬਾਹੀ ਹੋਈ ਹੈ। ਦੁਨੀਆ ਦੀ ਲਗਭਗ 90 ਫੀਸਦੀ ਆਬਾਦੀ ਧਰਤੀ ਹੇਠਲੇ ਪਾਣੀ ਸਰੋਤਾਂ ਉਤੇ ਨਿਰਭਰ ਹੈ। ਆਬਾਦੀ ਦਾ ਬੋਝ ਸਾਡੇ ਕੁਦਰਤੀ ਪਾਣੀ ਸਰੋਤਾਂ ਉਤੇ ਇੰਨਾ ਵਧ ਗਿਆ ਹੈ ਕਿ ਉਹ ਜਵਾਬ ਦੇ ਰਹੇ ਹਨ। ਰੋਜ਼ਾਨਾ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਖੇਤੀ ਅਤੇ ਉਦਯੋਗ ਦੀਆਂ ਜ਼ਰੂਰਤ 'ਚ ਸੈਂਕੜੇ ਗੁਣਾ ਜਿਆਦਾ ਵਾਧਾ ਹੋਇਆ ਹੈ। ਇਹੀ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਦਾ ਕਾਰਨ ਹੈ। ਇਸਦਾ ਨਤੀਜਾ ਇਹ ਹੈ ਕਿ ਨਦੀਆਂ, ਨਾਲੇ, ਤਲਾਬ, ਛੱਪੜ ਸਾਰੇ ਸੁੱਕੇ ਨਜ਼ਰ ਆ ਰਹੇ ਹਨ। ਜਿਹੜੀਆਂ ਬਚੀਆਂ-ਖੁਚੀਆਂ ਨਦੀਆਂ ਹਨ, ਉਹ ਪ੍ਰਦੂਸ਼ਨ ਅਤੇ ਗੰਦਗੀ ਦੇ ਕਾਰਨ ਕੂੜਾ ਘਰ ਵਿੱਚ ਤਬਦੀਲ ਹੁੰਦੀਆਂ ਜਾ ਰਹੀਆਂ ਹਨ।



ਧਰਤੀ ਹੇਠਲੇ ਪਾਣੀ ਦੇ ਲਗਭਗ 70 ਫੀਸਦੀ ਨਾਲ ਧਰਤੀ ਦੀ ਸਿੰਚਾਈ ਕੀਤੀ ਜਾਂਦੀ ਹੈ, ਜਦਕਿ ਹੋਰ ਸਾਰੇ ਵਸੀਲਿਆਂ ਨਾਲ ਪ੍ਰਾਪਤ ਪਾਣੀ ਦੇ ਜ਼ਰੀਏ ਬਾਕੀ ਧਰਤੀ ਦੀ ਸਿੰਚਾਈ ਕੀਤੀ ਜਾਂਦੀ ਹੈ। ਨਾਲ ਹੀ ਦੇਸ਼ ਦੇ ਬਹੁਤੇ ਰਾਜਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਛੋਟੇ-ਛੋਟੇ ਉਦਯੋਗਾਂ ਅਤੇ ਪੀਣ ਦੇ ਪਾਣੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਹੁਣ ਤੱਕ ਅਸੀਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ਼ ਕਰਨ ਦੇ ਇੱਕ ਤਿਹਾਈ ਹਿੱਸੇ ਨੂੰ ਹੀ ਵਰਤ ਸਕੇ ਹਾਂ। ਪਰੰਤੂ ਵਧਦੇ ਉਦਯੋਗੀਕਰਨ ਅਤੇ ਵਿਸ਼ਾਲ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਸੀਂ ਪਾਣੀ ਦੀ ਬੇਹਿਸਾਬ ਵਰਤੋਂ ਨਾਲ ਬਾਕੀ ਬਚੇ ਪਾਣੀ ਨੂੰ ਵਰਤਣ ਤੋਂ ਪਹਿਲਾਂ ਹੀ ਗੰਦਾ ਕਰਕੇ ਬਰਬਾਦ ਕਰ ਦਿੰਦੇ ਹਾਂ। ਨਤੀਜਾ ਇਹ ਹੋ ਰਿਹਾ ਹੈ ਕਿ ਵਧਦੀ ਆਬਾਦੀ ਨੂੰ ਸ਼ੁੱਧ ਪੀਣ ਵਾਲਾ ਪਾਣੀ ਉਪਲੱਭਧ ਕਰਾਉਣਾ ਹੁਣ ਨਾ-ਮੁਮਕਿਨ ਲੱਗ ਰਿਹਾ ਹੈ।

ਇੱਕ ਰਿਪੋਰਟ ਦੇ ਮੁਤਾਬਿਕ, ਸੱਠ ਕਰੋੜ ਲੋਕ ਪਾਣੀ ਪ੍ਰਾਪਤੀ ਦੇ ਸੰਕਟ ਨਾਲ ਲੜ ਰਹੇ ਹਨ, ਦੇਸ਼ ਦੇ ਸਿਰਫ 59 ਜ਼ਿਲਿਆਂ ਵਿੱਚ ਹੀ ਧਰਤੀ ਹੇਠਲਾ ਪਾਣੀ ਸੁਰੱਖਿਅਤ ਹੈ, ਦੇਸ਼ ਦਾ 54 ਫੀਸਦੀ ਇਲਾਕਾ ਭਾਰੀ ਸੰਕਟ ਨਾਲ ਜੂਝ ਰਿਹਾ ਹੈ, 40 ਫੀਸਦੀ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਹਰ ਸਾਲ ਸ਼ਹਿਰੀਕਰਨ ਅਤੇ ਉਦਯੋਗਾਂ ਲਈ, ਜਦਕਿ 60 ਫ਼ੀਸਦੀ ਧਰਤੀ ਹੇਠਲੇ ਪਾਣੀ ਦੀ ਵਰਤੋਂ ਘਰੇਲੂ ਵਰਤੋਂ ਲਈ ਹੁੰਦੀ ਹੈ। ਦੇਸ਼ ਦੇ 65 ਫੀਸਦੀ ਖੇਤਾਂ ਦੇ ਲਈ ਸਿੰਚਾਈ ਦੀ ਸੁਵਿਧਾ ਨਹੀਂ ਹੈ। ਪਿਛਲੇ ਸੱਤ ਸਾਲਾਂ ਵਿੱਚ ਧਰਤੀ ਹੇਠਲੇ ਪਾਣੀ ਦੇ ਸੱਤਰ ਵਿੱਚ 54 ਫੀਸਦੀ ਗਿਰਾਵਟ ਆਈ ਹੈ।

ਪਾਣੀ ਦੀ ਵੰਡ ਨੂੰ ਲੈ ਕੇ ਤਾਮਿਲਨਾਡੂ, ਕਰਨਾਟਕ, ਆਂਧਰਾਪ੍ਰਦੇਸ਼ ਅਤੇ ਮਹਾਂਰਾਸ਼ਟਰ ਆਦਿ ਰਾਜਾਂ ਵਿੱਚ ਅਕਸਰ ਟਕਰਾਅ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ( ਪੰਜਾਬ, ਹਰਿਆਣਾ, ਰਾਜਸਥਾਨ 'ਚ ਪਾਣੀ ਦੀ ਵੰਡ ਦਾ ਰੇੜਕਾ ਵੀ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਹੈ- ਅਨੁਵਾਦਕ) ਪਹਿਲੇ ਦਰਜੇ ਦੇ ਸ਼ਹਿਰਾਂ ਵਿੱਚ 86.55 ਫੀਸਦੀ ਆਬਾਦੀ ਦੇ ਲਈ ਸੰਗਠਿਤ ਜਲਪੂਰਤੀ ਵਿਵਸਥਾ ਹੈ, ਜਿਥੇ ਪ੍ਰਤੀ ਵਿਅਕਤੀ ਔਸਤਨ 189 ਲਿਟਰ ਪਾਣੀ ਦੀ ਉਪਲੱਬਤਾ ਹੈ, ਜਦਕਿ ਉੜੀਸਾ ਜਿਹੇ ਰਾਜ ਦੇ ਕੁਝ ਇਲਾਕਿਆਂ ਵਿੱਚ ਪ੍ਰਤੀ ਵਿਅਕਤੀ ਜਲਪੂਰਤੀ ਮਸਾਂ 8 ਲਿਟਰ ਹੈ।

ਜਦਕਿ ਤਾਮਿਲਨਾਡੂ ਦੇ ਤਿਰੂਨਲੇਵੇਲੀ ਵਿੱਚ ਪ੍ਰਤੀ ਵਿਅਕਤੀ ਰੋਜ਼ਾਨਾਂ ਜਲਪੂਰਤੀ 5 ਲਿਟਰ ਹੈ। ਦਿਲੀ ਵਿੱਚ ਹਰੇਕ ਥਾਂ ਲੋਕ ਗੰਦਾ ਪਾਣੀ ਪੀਣ ਲਈ ਮਜ਼ਬੂਰ ਹੁੰਦੇ ਹਨ।

ਭਾਰਤ ਸਮੇਤ ਅਨੇਕਾਂ ਵਿਕਾਸ ਕਰ ਰਹੇ ਦੇਸ਼ ਅੱਜ ਪੀਣ ਦੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ । ਸਾਰਿਆਂ ਨੂੰ ਸਾਫ ਪਾਣੀ ਉਪਲੱਬਧ ਕਰਾਉਣਾ ਅੱਜ ਸੁਫਨੇ ਜਿਹਾ ਲੱਗ ਰਿਹਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਪਹਿਲਾਂ ਤੋਂ ਜਿਆਦਾ ਠੋਸ ਕਦਮ ਚੁਕਣੇ ਹੋਣਗੇ,ਤਦੇ ਆਮ ਆਦਮੀ ਨੂੰ ਪਾਣੀ ਮੁਹੱਈਆ ਕੀਤਾ ਜਾ ਸਕੇਗਾ।

# ਦਲਿਤ ਹਿੱਤਾਂ ਦੇ ਪਹਿਰੇਦਾਰ-ਡਾ.ਭੀਮ ਰਾਓ ਅੰਬੇਡਕਰ

ਭਾਰਤੀ ਸਮਾਜ ਵਿੱਚ ਬ੍ਰਾਹਮਣਵਾਦ ਹਮੇਸ਼ਾ ਤੋਂ ਭਾਰੂ ਰਿਹਾ ਹੈ। ਬ੍ਰਾਹਮਣਵਾਦੀ ਸੌੜੀ ਸੋਚ ਦੇ ਫਿਰਕੂ ਆਡੰਬਰਦਾਰਾਂ ਨੇ ਸਮਾਜ ਨੂੰ ਜਾਤਾਂ ਪਾਤਾਂ, ਊਚ ਨੀਚ, ਛੂਆ-ਛਾਤ ਆਦਿ ਦੇ ਆਧਾਰ ਤੇ ਫਿਰਕਿਆਂ ਚ ਵੰਡ ਕੇ ਗਰੀਬ ਅਤੇ ਦਲਿਤ ਲੋਕਾਂ ਨੂੰ ਅੱਤਿਆਚਾਰ ਦਾ ਸ਼ਿਕਾਰ ਬਣਾਇਆ ਹੋਇਆ ਸੀ। ਗਰੀਬ ਦਲਿਤ ਲੋਕਾਂ ਨੂੰ ਪੜ੍ਹਾਈ, ਰਾਜਨੀਤਕ ਅਤੇ ਸਮਾਜਿਕ ਵਿਚਾਰਧਾਰਾ ਤੋਂ ਬਿਲਕੁੱਲ ਵਿਰਵੇ ਕੀਤਾ ਹੋਇਆ ਸੀ।ਉਹਨਾਂ ਨਾਲ ਬਹੁਤ ਹੀ ਭੈੜਾ ਪਸ਼ੂਆਂ ਵਰਗਾ ਸਲੂਕ ਕੀਤਾ ਜਾਂਦਾ ਸੀ।" ਪਸ਼ੂ, ਸੂਦਰ ਅਤੇ ਨਾਰੀ, ਤਿੰਨੋਂ ਤਾੜਨ ਕੇ ਅਧਿਕਾਰੀ" ਉੱਪਰ ਅਮਲ ਕਰਦਿਆਂ ਮਨੂੰਵਾਦੀ ਤਾਕਤਾਂ ਨੂੰ ਪੂਰਨ ਅਧਿਕਾਰ ਸੌਂਪ ਰੱਖੇ ਸਨ। ਅਜਿਹੇ ਚ ਬ੍ਰਾਹਮਣਵਾਦ ਵਿਰੋਧੀ,ਸਮਾਜ ਸੁਧਾਰਕ ਸੁਰਾਂ ਅਤੇ ਇਨਕਲਾਬੀ ਲਹਿਰਾਂ ਦਾ ਪ੍ਰਕਾਸ਼ਮਾਨ ਹੋਣਾ ਲਾਜ਼ਮੀ ਸੀ। ਸੋ ਭਗਤ ਰਵਿਦਾਸ ਜੀ,ਭਗਤ ਕਬੀਰ ਜੀ, ਭਗਤ ਤਰਲੋਚਨ ਜੀ ਆਦਿ ਨੇ ਭਗਤੀ ਲਹਿਰ ਦੇ ਜ਼ਰੀਏ ਗਰੀਬ ਲੋਕਾਂ ਦੇ ਹੱਕਾਂ ਲਈ ਇਨਕਲਾਬੀ ਲਹਿਰ ਦਾ ਮੁੱਢ ਬੰਨਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁੱਲ੍ਹੇ ਆਮ ਜਾਤ ਪਾਤ ਦਾ ਖੰਡਨ ਕਰਦਿਆਂ ਬਚਨ ਕੀਤਾ,

"ਨੀਚਾ ਅੰਦਰਿ ਨੀਚੁ ਜਾਤਿ, ਨੀਚੀ ਹੂ ਅਤਿ ਨੀਚ॥

ਨਾਨਕ ਜਿਨਿ ਕੇ ਸੰਗ ਸਾਥਿ ਵਡਿਆ ਕੀ ਕਿਆ ਰੀਸ॥ਉਹਨਾਂ ਮਨੂੰਵਾਦੀ ਸੋਚ ਅਤੇ ਸਮਾਜ ਦੇ ਦੁਰਕਾਰੇ ਅਤੇ ਦੱਬੇ ਕੁਚਲੇ ਲੋਕਾਂ ਨੂੰ ਗਲ ਨਾਲ ਲਾਇਆ।ਇਸਤਰੀ ਜਾਤ ਤੇ ਹੁੰਦੇ ਅੱਤਿਆਚਾਰਾਂ ਖਿਲਾਫ ਆਵਾਜ਼ ਬੁਲੰਦ ਕਰਦਿਆਂ ਗੁਰਬਾਣੀ ਚ ਲਿਖਿਆ ਹੈ,

"ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ ॥"

ਇਸੇ ਤਰ੍ਹਾਂ ਇਹ ਲਹਿਰਾਂ ਅੱਗੇ ਚੱਲ ਕੇ ਬ੍ਰਾਹਮਣਵਾਦੀ ਅਤੇ ਮਨੂੰਵਾਦੀ ਸਮਾਜ ਲਈ ਇੱਕ ਬਹੁਤ ਵੱਡੀ ਚੁਣੌਤੀ ਦੇ ਰੂਪ ਚ ਉੱਭਰਕੇ ਸਾਹਮਣੇ ਆਈਆਂ ਅਤੇ ਪਿਛਾਂਹਖਿੱਚੂ ਸੋਚ ਤੇ ਭਾਰੂ ਪੈਂਦੀਆਂ ਜਾਪੀਆਂ।

ਇਹਨਾਂ ਹੀ ਸਮਾਜ ਸੁਧਾਰਕ ਲਹਿਰਾਂ ਦੇ ਇੱਕ ਵੱਡੇ ਸਮੱਰਥਕ ਵਜੋਂ ਗਰੀਬਾਂ ਦੇ ਹਮਦਰਦ, ਦਲਿਤਾਂ ਦੇ ਮਸੀਹਾ, ਵਰਣ ਵੰਡ ਆਧਾਰਿਤ ਸਮਾਜ 'ਚ ਬਰਾਬਰੀ ਦੇ ਹੱਕਾਂ ਦੇ ਰਖਵਾਲੇ ਡਾ.ਭੀਮ ਰਾਓ ਅੰਬੇਡਕਰ ਉੱਭਰ ਕੇ ਸਾਹਮਣੇ ਆਏ। ਡਾ.ਭੀਮ ਰਾਓ ਅੰਬੇਡਕਰ ਵੀ ਜਾਤ ਪਾਤ, ਛੂਆ ਛਾਤ, ਗਰੀਬੀ ਅੱਤਿਆਚਾਰ, ਊਚ ਨੀਚ ਆਦਿ ਸਮਾਜਿਕ ਬੁਰਾਈਆਂ ਦਾ ਸ਼ਿਕਾਰ ਹੋਏ ਤਾਂ ਉਹਨਾਂ ਭਗਤਾਂ ਅਤੇ ਗੁਰੂ ਸਾਹਿਬਾਨਾਂ ਦੇ ਸਮਾਜ ਸੁਧਾਰ ਪ੍ਰਤੀ ਲਏ ਸੰਕਲਪ, ਵਿਚਾਰਧਾਰਾ ਅਤੇ ਸੋਚ ਨੂੰ ਪ੍ਰਫੁਲਿਤ ਕਰਨ ਦਾ ਪ੍ਰਣ ਲਿਆ।

ਉਨਾਂ ਦਾ ਜਨਮ ਨੂੰ ਬ੍ਰਿਟਿਸ਼ ਸਾਸ਼ਨ ਕਾਲ ਦੇ ਦੌਰਾਨ ਪਿਤਾ ਰਾਮਜੀ ਸਕਪਾਲ ਅਤੇ ਮਾਤਾ ਭੀਮਾਂ ਬਾਈ ਮੁਰਬੇਦਕਰ ਦੇ ਘਰ 14 ਅਪ੍ਰੈਲ 1891 ਨੂੰ ਅਛੂਤ ਮੰਨੇ ਜਾਂਦੇ ਹਿੰਦੂ ਮੈੜ ਪਰਿਵਾਰ ਵਿੱਚ ਹੋਇਆ। ਉਹ ਮਰਾਠਾ ਸ਼ਹਿਰ "ਅੰਬਾਵਡੇ", ਜ਼ਿਲਾ 'ਰਤਨਾਗਿਰੀ' ਜੋ ਕਿ ਹੁਣ ਮਹਾਰਾਸ਼ਟਰ ਵਿੱਚ ਹੈ, ਦੇ ਰਹਿਣ ਵਾਲੇ ਸਨ। ਉਹ ਆਪਣੇ ਮਾਤਾ ਪਿਤਾ ਦੇ 14ਵੇਂ ਤੇ ਸਭ ਤੋਂ ਛੋਟੇ ਪੁੱਤਰ ਸਨ। ਆਪ ਕਬੀਰ ਪੰਥੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਆਪ ਭਾਰਤ ਦੇ ਅਜਿਹੇ ਨਾਗਰਿਕ ਹਨ ਜਿਨਾਂ ਨੇ ਇੱਕ ਨੀਵੀਂ ਜ਼ਾਤ ਨਾਲ ਸੰਬੰਧਤ ਹੋਣ ਦੇ ਬਾਵਜੂਦ ਵੀ ਕਈ ਸਮਾਜਿਕ ਅਤੇ ਆਰਥਿਕ ਕਠਿਨਾਈਆਂ ਦਾ ਸਾਹਮਣਾ ਕਰ ਕੇ ਇੰਨੀ ਉੱਚ ਸਿਖਿਆ ਪ੍ਰਾਪਤ ਕੀਤੀ ਹੈ ਕਿ ਇੱਕ ਇਤਿਹਾਸ ਹੀ ਸਿਰਜ ਕੇ ਰੱਖ ਦਿੱਤਾ ਹੈ।

ਉਨਾਂ ਨੇ ਆਪਣੀ ਅਣਥੱਕ ਮਿਹਨਤ, ਦ੍ਰਿੜ ਇਰਾਦੇ, ਬੁਲੰਦ ਹੌਸਲੇ ਅਤੇ ਕਿਸੇ ਵੀ ਕਿਸਮ ਦੀ ਰੁਕਾਵਟ ਅਤੇ ਔਕੜਾਂ ਦੀ ਪ੍ਰਵਾਹ ਨਾ ਕਰਦੇ ਹੋਏ ਇੱਕ ਅਜਿਹੀ ਪ੍ਰਾਪਤੀ ਪਾਈ ਹੈ ਕਿ ਉਨਾ ਨੇ ਪੂਰੇ ਮਨੁੱਖਤਾਵਾਦੀ ਸਮਾਜ ਦੇ ਮਸੀਹਾ ਹੋਣ ਦਾ ਮਾਣ ਹਾਸਲ ਕਰ ਲਿਆ ਹੈ। ਉਨਾਂ ਨੇ ਇਸ ਰਸਤੇ ਵਿੱਚ ਆਈਆਂ ਬਹੁਤ ਸਾਰੀਆਂ ਸਮਾਜਿਕ ਅਤੇ ਵਿੱਤੀ ਸਮੱਸਿਆਵਾਂ ਦੀ ਕੋਈ ਵੀ ਪ੍ਰਵਾਹ ਨਹੀਂ ਕੀਤੀ। ਪੜਾਈ ਸਮੇਂ ਦੌਰਾਨ ਉਹਨਾਂ ਵਾਚਿਆ ਇੱਕ ਐਸੀ ਛੂਤ ਦੀ ਬਿਮਾਰੀ ਸਮਾਜ ਵਿੱਚ ਫੈਲੀ ਹੈ ਜੋ ਕਿ ਮਨੁੱਖਤਾ ਨੂੰ ਘੁਣ ਵਾਂਗ ਖਾ ਰਹੀ ਹੈ। ਜਾਤ ਪਾਤ ਦੇ ਆਧਿਰ ਤੇ ਅਛੂਤ ਜਾਤ ਨਾਲ ਸੰਬੰਧਤ ਬੱਚਿਆਂ ਨਾਲ ਅਧਿਆਪਕ ਵਰਗ ਵਲੋਂ ਵੀ ਵਿਤਕਰਾ ਕੀਤਾ ਜਾਂਦਾ ਸੀ। ਉਹ ਵੀ ਇਨਾਂ ਬੱਚਿਆਂ ਨੂੰ ਪੜਾਉਣ ਵਿੱਚ ਕੋਈ ਰੁਚੀ ਨਹੀਂ ਸਨ ਦਿਖਾਉਂਦੇ ਸਨ। ਅਛੂਤ ਵਿਤਕਰੇ ਤਹਿਤ ਬੱਚਿਆਂ ਨੂੰ ਕਲਾਸ ਦੇ ਅੰਦਰ ਬੈਠਣ ਦੀ ਪੂਰਨ ਮਨਾਹੀ ਸੀ। ਕੋਈ ਵੀ ਇਨਾਂ ਦੇ ਹੱਥਾਂ ਦੀ ਛੂਹ ਵਾਲਾ ਪਾਣੀ ਪੀਣ ਨੂੰ ਤਿਆਰ ਨਹੀਂ ਸੀ। ਉਸ ਵੇਲੇ ਦਾ ਹਿੰਦੂ ਸਮਾਜ ਮਨੂੰ ਸਿਮਰਤੀ ਮੁਤਾਬਿਕ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ।

ਇੱਕ ਵਾਰ ਸਕੂਲ ਪੜਦੇ ਸਮੇਂ ਦੌਰਾਨ ਬਾਬਾ ਸਾਹਿਬ ਅਤੇ ਉਸ ਦਾ ਇੱਕ ਹੋਰ ਭਰਾ ਆਪਣੇ ਪਿਤਾ ਜੀ ਨੂੰ ਮਿਲਣ ਗਏ। ਉਹ ਮਸੂਰ ਰੇਲਵੇ ਸਟੇਸ਼ਨ ਤੇ ਉੱਤਰੇ। ਉਹ ਉੱਥੋਂ ਇੱਕ ਗੱਡੇ 'ਤੇ ਬੈਠ ਗਏ। ਕੁਝ ਦੂਰੀ ਤੇ ਜਾ ਕੇ ਗੱਡੇ ਵਾਲੇ ਨੂੰ ਜਦੋਂ ਉਨਾਂ ਦੀ ਜ਼ਾਤ ਬਾਰੇ ਪਤਾ ਲੱਗਾ ਤਾਂ ਉਸਨੇ ਉਨਾਂ ਨੂੰ ਆਪਣੇ ਗੱਡੇ ਤੋਂ ਹੇਠਾਂ ਉਤਾਰ ਦਿੱਤਾ। ਫਿਰ ਜਦ ਉਨਾਂ ਨੂੰ ਬਹੁਤ ਪਿਆਸ ਲੱਗੀ ਹੋਈ ਸੀ ਤਾਂ ਉਨਾਂ ਨੂੰ ਪਾਣੀ ਪੀਣ ਨੂੰ ਕਿਸੇ ਨਹੀਂ ਦਿੱਤਾ। ਫਿਰ ਇੱਕ ਦਿਨ ਇੱਕ ਬੱਚੇ ਨੇ ਕਿਸੇ ਖੂਹ ਤੋਂ ਪਾਣੀ ਪੀ ਲਿਆ, ਬੱਚੇ ਨੂੰ ਖੂਹ ਤੋਂ ਪਾਣੀ ਪੀਂਦਿਆਂ ਦੇਖ ਬ੍ਰਰਾਹਮਣਵਾਦੀ ਸੌੜੀ ਸੋਚ ਦੇ ਧਾਰਨੀਆਂ ਨੇ ਇਕੱਠੇ ਹੋ ਕੇ ਬੱਚੇ ਨੂੰ ਕੁੱਟ ਸੁਟਿਆ।ਫਿਰ ਉਹ ਬੱਚਾ ਸਕੂਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਮੀਂਹ ਕਾਫੀ ਜ਼ੋਰ ਨਾਲ ਆ ਗਿਆ ਤੇ ਉਸ ਨੇ ਮੀਂਹ ਤੋਂ ਬਚਣ ਲਈ ਇੱਕ ਦੀਵਾਰ ਦਾ ਸਹਾਰ ਲੈ ਲਿਆ। ਘਰ ਦੀ ਗ੍ਰਹਿਣੀ ਨੇ ਉਸਨੂੰ ਇਸ ਤਰਾਂ ਕਰਦਿਆਂ ਦੇਖ ਲਿਆ ਤੇ ਉਸਨੇ ਉਸ ਬੱਚੇ ਨੂੰ ਧੱਕਾ ਦੇ ਕੇ ਮੀਂਹ ਦੇ ਪਾਣੀ ਵਿੱਚ ਸੁੱਟ ਦਿੱਤਾ। ਉਸ ਦੀਆਂ ਕਿਤਾਬਾਂ ਵੀ ਪਾਣੀ ਵਿੱਚ ਡਿਗ ਪਈਆਂ। ਬੱਚੇ ਨੇ ਕੋਈ ਵੀ ਗ਼ਲਤੀ ਨਹੀਂ ਸੀ ਕੀਤੀ, ਪਰ ਫਿਰ ਵੀ ਉਸਨੂੰ ਇਨਾਂ ਅਪਮਾਨਾਂ ਦਾ ਸਾਹਮਣਾ ਕਰਨਾ ਪਿਆ। ਇਸ ਸਭ ਕੁਝ ਨੇ ਉਸ ਦੇ ਮਨ 'ਤੇ ਬਹੁਤ ਗਹਿਰਾ ਅਸਰ ਕੀਤਾ ਤੇ ਉਸ ਨੇ ਇਨਾਂ ਕੁਰੀਤੀਆਂ ਨੂੰ ਖ਼ਤਮ ਕਰਨ ਦਾ ਪ੍ਰਣ ਕਰ ਲਿਆ।



1894 ਵਿੱਚ ਉਹਨਾਂ ਦੇ ਪਿਤਾ ਨੌਕਰੀ ਤੋਂ ਰਿਟਾਇਰ ਹੋ ਗਏ। ਉਸਤੋਂ ਜਲਦੀ ਹੀ ਬਾਅਦ ਉਹਨਾਂ ਦੇ ਮਾਤਾ ਜੀ ਵੀ ਸਵਰਗ ਸਿਧਾਰ ਗਏ ਅਤੇ ਆਕੇ ਬੰਬੇ ਰਹਿਣ ਲੱਗ ਪਏ। 1907 ਈ. ਵਿੱਚ ਬਾਬਾ ਸਹਿਬ ਜੀ ਨੇ ਜੋ ਅਲਗਾਂਵਬਾਦ ਦੇ ਭਿੰਨ-ਭੇਦ ਦੇਖੇ, ਇਹਨਾਂ ਕੁਰੀਤੀਆਂ ਨੇ ਉਨਾਂ ਦਾ ਮਨ ਕਾਫ਼ੀ ਦੁਖਾਇਆ। ਉਨਾਂ ਦੀ ਛਾਦੀ ਹਿੰਦੂ ਰੀਤੀ ਰਿਵਾਜ਼ਾਂ ਤਹਿਤ ਰਾਮਾਂਬਾਈ ਦੇ ਨਾਲ ਕਰ ਦਿੱਤੀ ਗਈ। 1908 ਈ. ਵਿੱਚ ਆਪ ਜੀ ਨੇ "ਐਲਫਿਨਸਟੋਨ" ਕਾਲਜ ਵਿੱਚ ਦਾਖਲਾ ਲੈ ਲਿਆ ਤੇ ਬੜੋਦਾ ਦੇ ਸ਼ਾਸ਼ਕ "ਗਾਇਕਵਾੜ" ਕੋਲੋਂ 25 ਰੁਪਏ ਪ੍ਰਤੀ ਮਹੀਨਾਂ ਸਕਾਲਰਸ਼ਿੱਪ ਹਾਸਲ ਕੀਤੀ। 1912 ਈ. ਵਿੱਚ ਆਪ ਨੇ "ਇਕਨਾਮਿਕਸ ਤੇ ਪੋਲੀਟੀਕਲ ਸਾਇੰਸ਼" ਦੀ ਡਿਗਰੀ ਹਾਸਲ ਕੀਤੀ। ਉਸ ਸਮੇਂ ਦੌਰਾਨ ਹੀ ਉਨਾਂ ਨੇ ਬੜੋਦਾ ਰਾਜ ਸਰਕਾਰ ਵਿੱਚ ਨੌਕਰੀ ਕਰ ਦਾ ਫੈਸਲਾ ਕਰ ਲਿਆ। ਉਸ ਸਮੇਂ ਦੌਰਾਨ ਆਪ ਜੀ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਪੁੱਤਰ ਦਾ ਨਾਂ ਯਸਵੰਤ ਰੱਖਿਆ ਗਿਆ। ਫਿਰ 2 ਫਰਵਰੀ 1913 ਈ. ਵਿੱਚ ਆਪ ਜੀ ਦੇ ਪਿਤਾ ਜੀ ਵੀ ਸਵਰਗ ਸਿਧਾਰ ਗਏ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਗਰੀਬ ਤੇ ਪੱਛੜੇ ਹੋਏ ਦਲਿਤਾਂ ਦੇ ਹਿੱਤਾਂ ਦੀ ਰੱਖਿਆ ਲਈ ਜੋ ਪਹਿਰਾ ਦਿੱਤਾ ਉਸ ਨੂੰ ਅੱਜ ਇਹ ਸਮਾਜ ਵੀ ਅੱਖੋਂ ਉਹਲੇ ਨਹੀਂ ਕਰ ਸਕਦਾ। ਗਰੀਬ ਤੇ ਪੱਛੜੇ ਹੋਏ ਸਮਾਜ ਲਈ ਜੋ ਨੌਕਰੀਆਂ ਲਈ ਰਾਖ਼ਵਾਂਕਰਨ ਕੀਤਾ ਗਿਆ ਹੈ ਉਸ ਦੇ ਪਿੱਛੇ ਬਾਬਾ ਸਹਿਬ ਜੀ ਦਾ ਹੀ ਯੋਗਦਾਨ ਹੈ। 1920 ਈ. ਵਿੱਚ "ਵੀਕਲੀ ਨਾਇਕ" ਦੇ ਸਿਰਲੇਖ ਹੇਠ ਇੱਕ ਪ੍ਰਕਾਸ਼ਨ ਸ਼ੁਰੂ ਕੀਤਾ ਗਿਆ ਜਿਸਨੂੰ "ਲੀਡਰ ਆਫ ਸਾਇਲੰਟ" ਵੀ ਕਿਹਾ ਜਾਂਦਾ ਹੈ। ਇਸ ਪ੍ਰਕਾਸ਼ਨ ਦਾ ਇਸਤੇਮਾਲ ਛੂਤ-ਛਾਤ ਦੀ ਬਿਮਾਰੀ ਦੇ ਖ਼ਿਲਾਫ ਲੜਨ ਲਈ ਇੱਕ ਕੈਪਸੂਲ ਜਾਂ ਟੀਕੇ ਦੇ ਤੌਰ ਤੇ ਕੀਤਾ ਗਿਆ। ਇਸ ਵਿੱਚ ਗ਼ਲਤ ਰਾਜਨੀਤੀ ਦੀ ਅਲੋਚਨਾ ਵੀ ਕੀਤੀ ਗਈ। ਫਿਰ ਬਾਬਾ ਸਾਹਿਬ 1926 ਈ. ਵਿੱਚ ਵਿਧਾਨ ਸਭਾ ਦੇ ਮੈਂਬਰ ਵਜੋਂ ਨਿਯੁਕਤ ਹੋਏ। ਫਿਰ 1927 ਈ. ਵਿੱਚ ਛੂਤ-ਛਾਤ ਦੀ ਬਿਮਾਰੀ ਖ਼ਿਲਾਫ ਲੜਨ ਲਈ ਕਈ ਅੰਦੋਲਨ ਕੀਤੇ ਗਏ। ਉਸ ਸਮੇਂ ਦੌਰਾਨ ਛੂਤ-ਛਾਤ ਦਾ ਇੰਨਾਂ ਬੋਲ-ਬਾਲਾ ਸੀ ਕਿ ਗਰੀਬ ਵਰਗ ਦੇ ਲੋਕਾਂ ਦੇ ਹੱਥਾਂ ਦਾ ਕੋਈ ਪਾਣੀ ਵੀ ਪੀਣ ਲਈ ਤਿਆਰ ਨਹੀਂ ਸੀ। ਉਨਾਂ ਨੂੰ ਮੰਦਰਾਂ ਵਿੱਚ ਜਾਣ ਦੀ ਵੀ ਮਨਾਹੀ ਸੀ। ਬਾਬਾ ਸਾਹਿਬ ਨੇ ਇਸ ਖ਼ਿਲਾਫ ਆਵਾਜ਼ ਉਠਾਈ ਤੇ ਉਨਾਂ ਦੇ ਅਧਿਕਾਰ ਦੀ ਰੱਖਿਆ ਲਈ ਕਦਮ ਉਠਾਏ ਗਏ। ਉਨਾਂ ਇੱਕ ਅੰਦੋਲਨ ਵੀ ਚਲਾਇਆ ਜਿਸ ਵਿੱਚ ਪਾਣੀ ਦੀ ਸਮੱਸਿਆ ਦਾ ਹੱਲ ਲੱਭਿਆ ਗਿਆ। 1928 ਈ. ਵਿੱਚ ਬਾਬਾ ਸਾਹਿਬ ਜੀ ਨੂੰ ਬੰਬੇ ਪ੍ਰੈਜ਼ੀਡੇਂਸ਼ੀ ਕਮੇਟੀ ਵਿੱਚ ਸਾਰੇ ਯੂਰਪੀ ਸਾਇਮਨ ਕਮਿਸ਼ਨਾ ਵਿੱਚ ਕੰਮ ਕਰਨ ਲਈ ਨਿਯੁਕਤ ਕਰ ਲਿਆ ਗਿਆ। ਬ੍ਰਿਟਿਸ਼ ਸਰਕਾਰ ਵਿੱਚ ਉੱਚ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਬ੍ਰਿਟਿਸ਼ ਸਰਕਾਰ ਇਸਦਾ ਕਾਰਨ ਇਹ ਮੰਨਦੀ ਸੀ ਕਿ ਭਾਰਤੀਆਂ ਦੀ ਵਿਦਿਅਕ ਪੱਖੋਂ ਮੈਰਿਟ ਅੰਗਰੇਜਾਂ ਨਾਲੋਂ ਹੇਠਾਂ ਹੈ। ਭਾਰਤੀ ਲੋਕਾਂ ਵਲੋਂ ਕਿਤੇ ਅੰਦੋਲਨ ਬਾਦ ਸਾਊਥਬੋ ਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡੀਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਦਲਿਤਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸਖਤੀ ਨਾਲ ਵਿਰੋਧ ਕੀਤਾ ਜਿਸ ਕਾਰਨ ਇਨ੍ਹਾਂ ਵਿਚੋਂ ਕੋਈ ਵੀ ਪੋਸਟ ਦਲਿਤਾਂ ਲਈ ਨਾਂ ਰੱਖੀ ਗਈ। ਡਾਕਟਰ ਅੰਬੇਡਕਰ ਅਤੇ ਹੋਰ ਦਲਿਤਾਂ ਨੇ ਹਿੰਦੂਆਂ ਦੇ ਇਸ ਵਿਰੋਧ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਿਸਤੋਂ ਬਾਦ ਅੰਗਰੇਜ ਸਰਕਾਰ ਨੇ ਦਲਿਤਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ। ਇਸ ਸਾਇਮਨ ਕਮਿਸ਼ਨ ਦਾ ਡਾਕਟਰ ਅੰਬੇਡਕਰ ਅਤੇ ਹੋਰ ਦਲਿਤ ਆਗੂਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਸ਼ਾਮਿਲ ਸਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਦਲਿਤ ਜਥੇਬੰਦੀਆਂ ਨੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿੱਤਾ ਜਿਸ ਅਨੁਸਾਰ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਦੇ ਮੰਨਦੇ ਹੋਏ ਵੱਖਰੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦੇ ਦਿਤਾ ਜਿਸਦਾ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ। ਗਾਂਧੀ ਦੇ ਇਸ ਮਰਨ ਵਰਤ ਕਾਰਨ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਇਸਤੋਂ ਬਾਦ ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਭਲਾਈ ਅਤੇ ਰਾਖੀ ਲਈ ਰਾਜਨੀਤਿਕ ਲੜਾਈ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੌਰ 'ਤੇ ਕੰਮ ਕੀਤਾ। 1936 ਵਿੱਚ ਅਜ਼ਾਦ ਲੇਬਰ ਪਾਰਟੀ ਦਾ ਨਿਰਮਾਣ ਹੋਇਆ। ਉਨਾਂ ਲੇਬਰ ਮਨਿਸਟਰ ਦੇ ਤੌਰ ਤੇ ਕੰਮ ਵੀ ਕੀਤਾ। ਫਿਰ 1939 ਈ. ਤੋਂ 1945 ਈ. ਦੇ ਕਾਰਜਕਾਲ ਦੌਰਾਨ ਕਈ ਕਿਤਾਬਾਂ ਦਾ ਪ੍ਰਕਾਸ਼ਨ ਵੀ ਕੀਤਾ। 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ। ਸਰਕਾਰ ਵਿੱਚ ਆਪ ਨੇ ਲਾਅ ਮਨਿਸਟਰ ਦਾ ਆਹੁਦਾ ਸੰਭਾਲਿਆ। 29 ਅਗਸਤ ਨੂੰ ਬਾਬਾ ਸਾਹਿਬ ਨੂੰ ਸੰਵਿਧਾਨਿਕ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

ਭਾਰਤੀ ਸੰਵਿਧਾਨ ਦਾ ਨਿਰਮਾਣ ਵੀ ਬਾਬਾ ਸਾਹਿਬ ਨੇ ਹੀ ਕੀਤਾ। ਫਿਰ 26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਵਿਧਾਨ ਸਭਾ ਵਲੋਂ ਅਪਣਾ ਲਿਆ ਗਿਆ।ਉਹ ਡਾਇਬਟੀਜ਼ ਦੇ ਰੋਗ ਤੋਂ ਪੀੜਤ ਸਨ। ਫਿਰ 6 ਦਸੰਬਰ 1956 ਨੂੰ ਆਪਣੇ ਦਿੱਲੀ ਵਾਲੇ ਨਿਵਾਸ ਸਥਾਨ ਤੇ ਉਨਾਂ ਦਾ ਸਵਰਗਵਾਸ ਹੋ ਗਿਆ। ਉਨਾਂ ਨੇ ਭਾਰਤੀ ਸਮਾਜ ਲਈ ਜੋ ਕੁਰਬਾਨੀਆਂ ਦਿੱਤੀਆਂ ਹਨ ਉਹ ਨਾ-ਭੁੱਲਣਯੋਗ ਹਨ। ਉਨਾਂ ਨੇ ਆਪਣਾ ਸਾਰਾ ਜੀਵਨ ਸਮਾਜ ਭਲਾਈ ਦੇ ਲੇਖੇ ਲਾ ਦਿੱਤਾ। ਉਹਨਾਂ ਨੂੰ ਮਰਨ ਉੱਪਰੰਤ ਭਾਰਤ ਸਰਕਾਰ ਨੇ "ਭਾਰਤ ਰਤਨ"ਦੀ ਉਪਾਧੀ ਨਾਲ ਨਿਵਾਜਿਆ ਸੀ।


ਅੱਜ ਵੀ 14 ਅਪ੍ਰੈਲ ਦਾ ਹਰ ਸਾਲ ਦਾ ਦਿਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ।

ਸਾਨੂੰ ਸਾਰਿਆਂ ਨੂੰ ਡਾ. ਸਾਹਿਬ ਦੇ ਜੀਵਨ ਤੋਂ ਸਿੱਖਿਆ ਲੈਣ ਦੀ ਲੋੜ੍ਹ ਹੈ ਕਿ ਉਹਨਾਂ ਕਿਸ ਤਰ੍ਹਾਂ ਸਮਾਜਿਕ ਕੁਰੀਤੀਆਂ ਨਾਲ ਜੂਝਦਿਆਂ, ਜ਼ਿੰਦਗੀ ਦੇ ਔਖੇ, ਪਥਰੀਲੇ ਅਤੇ ਕੰਡਿਆਲੇ ਰਾਹਾਂ ਤੇ ਚੱਲਦਿਆਂ ਆਪਣੇ ਸਮਾਜ ਅਤੇ ਲੋਕਾਂ ਦੇ ਹੱਕਾਂ ਲਈ ਆਪਣੇ ਜੀਵਨ ਕੁਰਬਾਨ ਕਰ ਦਿੱਤਾ ਅਤੇ ਉਹਨਾਂ ਲਈ ਮਸੀਹਾ ਬਣੇ।

# ਕੁਦਰਤ ਦੇ ਬਹੁਤ ਨੇੜੇ ਹੈ ਖਜ਼ਿਆਰ ਘਾਟੀ (ਡਲਹੌਜ਼ੀ)







ਇੰਜੀ.ਸਤਨਾਮ ਸਿੰਘ ਮੱਟੂ

ਹਿਮਾਚਲ ਪ੍ਰਦੇਸ਼ ਦਾ ਨਾਂ ਜਿਹਨ ਚ ਆਉਂਦਿਆਂ ਹੀ ਉੱਥੋਂ ਦੀ ਸੁੰਦਰਤਾ ਦੇ ਵੰਨ ਸੁਵੰਨੇ ਨਜ਼ਾਰੇ ਅਤੇ ਕੁਦਰਤ ਦੀਆਂ ਵਿਲੱਖਣ ਬਣਤਰਾਂ ਦੇ ਦ੍ਰਿਸ਼ ਅੱਖਾਂ ਅੱਗੇ ਘੁੰਮਣ ਲੱਗ ਜਾਂਦੇ ਹਨ।ਉੱਥੋਂ ਦੀਆਂ ਸੁੰਦਰ ਹਰਿਆਲੀ ਭਰਪੂਰ ਵਾਦੀਆਂ, ਤਾਜ਼ਗੀ ਭਰੀ ਠੰਡਕ ਦਿੰਦੀ ਰੁਮਕਦੀ ਹਵਾ, ਠਾਠਾਂ ਭਾਰਦੀ ਹਰਿਆਵਲ ਭਰੇ ਆਸਮਾਨ ਛੂੰਹਦੇ ਪਹਾੜਾਂ ਚੋਂ ਕੁਦਰਤੀ ਖ਼ੂਬਸੂਰਤੀ ਝਲਕਦੀ ਹੈ ਅਤੇ ਇਨਸਾਨ ਨੂੰ ਸਰੀਰਕ ਅਤੇ ਮਾਨਸਿਕ ਸਕੂਨ ਬਖਸ਼ਦੇ ਹਨ।ਹਰੇਕ ਇਨਸਾਨ ਦਾ ਇਸ ਕੁਦਰਤੀ ਸੁਹੱਪਣ ਅਤੇ ਖ਼ੂਬਸੂਰਤੀ ਨੂੰ ਮਾਣਨ ਦਾ ਦਿਲ ਉਤਸ਼ਾਹਿਤ ਰਹਿੰਦਾ ਹੈ। ਸਵੱਛ, ਸ਼ਾਂਤ ਅਤੇ ਸੁੰਦਰਤਾ ਭਰਪੂਰ ਧਰਤੀ ਹੋਣ ਕਾਰਨ ਇੱਹ ਦੇਵੀ ਦੇਵਤਿਆਂ ਦੀ ਮਨ ਪਸੰਦ ਧਰਤੀ ਰਹੀ ਹੈ।ਇਸਨੂੰ ਫਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਗਰਮੀ ਦੀਆਂ ਛੁੱਟੀਆਂ ਚ ਹਰ ਇਨਸਾਨ ਦਾ ਇਸ ਧਰਤੀ ਦੀ ਸੁੰਦਰਤਾ ਅਤੇ ਖ਼ੂਬਸੂਰਤੀ ਮਾਣਨ ਦਾ ਮਨ ਲੋਚਦਾ ਹੈ।ਛੁੱਟੀਆਂ ਦੌਰਾਨ ਪੰਜਾਬ ਦੇ ਹੁੰਮਸ ਭਰੇ ਅਤੇ ਪਿੰਡਾਂ ਲੂੰਹਦੀਆਂ ਹਵਾਵਾਂ ਤੋਂ ਕੁੱਝ ਸਮੇਂ ਲਈ ਰਾਹਤ ਪਾਉਣ ਲਈ ਪਰਿਵਾਰ ਸਮੇਤ ਡਲਹੌਜੀ ਨੇੜੇ ਖਜ਼ਿਆਰ ਘਾਟੀ ਜਾਣ ਦਾ ਪ੍ਰੋਗਰਾਮ ਬਣ ਗਿਆ। ਪਟਿਆਲਾ ਤੋਂ ਡਲਹੌਜ਼ੀ ਸੜਕੀ ਰਸਤੇ ਜਾਣ ਲਈ ਲੁਧਿਆਣਾ,ਜਲੰਧਰ, ਪਠਾਨਕੋਟ ਜਾਂ ਰੋਪੜ, ਊਨਾ, ਧਰਮਸ਼ਾਲਾ ਰਾਹੀਂ ਜਾਇਆ ਜਾ ਸਕਦਾ ਹੈ। ਪਟਿਆਲਾ ਤੋਂ ਡਲਹੌਜ਼ੀ ਦੀ ਸੜਕੀ ਰਸਤੇ ਦੂਰੀ 340 ਕਿਮੀ ਹੈ। ਚੰਡੀਗੜ੍ਹ ਅਤੇ ਜਲੰਧਰ ਤੋਂ ਡਲਹੌਜ਼ੀ ਲਈ ਬੱਸਾਂ ਆਮ ਚਲਦੀਆਂ ਹਨ। ਡਲਹੌਜ਼ੀ ਲਈ ਪਠਾਨਕੋਟ ਸਭ ਤੋਂ ਨੇੜਲਾ ਰੇਲਵੇ ਸਟੇਸ਼ਨ ਹੈ।ਪਠਾਨਕੋਟ ਪਹੁੰਚਦਿਆਂ ਹੀ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ।ਪਠਾਨਕੋਟ ਹਿਮਾਲਿਆ ਪਰਬਤ ਦੀਆਂ ਪਹਾੜੀਆਂ ਦੀ ਬੁੱਕਲ ਚ ਵਸਿਆ ਸ਼ਹਿਰ ਹੈ।

ਜਲੰਧਰ-ਜੰਮੂ ਨੈਸ਼ਨਲ ਹਾਈਵੇਅ ਤੋਂ ਪਠਾਨਕੋਟ ਦਾਖਿਲ ਹੁੰਦਿਆਂ ਹੀ ਫਲਾਈਓਵਰ ਦੇ ਥੱਲਿਉਂ ਸੱਜੇ ਹੱਥ ਮੁੜਦੀ ਸੜਕ ਕਾਂਗੜਾ-ਧਰਮਸ਼ਾਲਾ ਨੂੰ ਜਾਂਦੀ ਹੈ। ਇਸੇ ਸੜਕ ਤੇ ਚੱਲਦਿਆਂ ਪਿੰਡ ਹਰਿਆਲ ਤੋਂ ਖੱਬੇ ਪਾਸੇ ਚੜਾਈ ਚੜਦੀ

(ਬਾਕੀ ਸਫਾ 21 'ਤੇ)

# ਹੁਸ਼ਿਆਰਪੁਰ ਵਿਖੇ ਗ੍ਰੀਨ ਪਾਰਕ ਤੋਂ ਮਿੰਨੀ ਸਕੱਤਰੇਤ ਤੱਕ ਕੱਢੇ ਗਏ ਰੋਸ ਮਾਰਚ ਦੀਆਂ ਕੁਝ ਝਲਕੀਆਂ









# ਮੁਕੇਰੀਆ ਵਿਖੇ ਬੰਦ ਅਤੇ ਰੋਸ ਪ੍ਰਦਰਸ਼ਨਾਂ ਦੀਆਂ ਕੁਝ ਝਲਕੀਆਂ











# ਮਨੁੱਖੀ ਸਰੀਰ ਲਈ ਲੋੜੀਦੇ ਤੱਤਾਂ ਅਤੇ ਖਣਿਜਾਂ ਨਾਲ ਭਰਪੂਰ ਹੈ -ਗੁੜ੍ਹ

(ਸਫਾ 18 ਦੀ ਬਾਕੀ)

ਤਰ੍ਹਾਂ ਨਾਲ ਮਿਲਾਓ। ਇਸ ਨੂੰ ਚਿਹਰੇ ਅਤੇ ਗਰਦਨ ’ਤੇ 5 ਤੋਂ 10 ਮਿੰਟ ਤਕ ਲਗਾਉਣ ਦੇ ਬਾਅਦ ਕੋਸੇ ਪਾਣੀ ਨਾਲ ਧੋ ਲਓ।

ਚਿਹਰੇ ’ਤੇ ਪਏ ਗੂੜ੍ਹੇ ਦਾਗ-ਧੱਬਿਆਂ ਨੂੰ ਹਟਾਉਣ ਲਈ ਗੁੜ ਰਾਮਬਾਣ ਹੈ। ਇਸ ਲਈ 1 ਚੱਮਚ ਗੁੜ ਪਾਊਡਰ ’ਚ 1 ਚੱਮਚ ਟਮਾਟਰ ਦਾ ਰਸ, ਅੱਧਾ ਚੱਮਚ ਨਿੰਬੂ ਦਾ ਰਸ, 2 ਚੁਟਕੀ ਹਲਦੀ ਅਤੇ ਗਰੀਨ ਟੀ ਮਿਲਾ ਕੇ ਇੱਕ ਪੇਸਟ ਬਣਾਓ। ਇਸ ਪੇਸਟ ਨੂੰ 10-15 ਮਿੰਟ ਤਕ ਚਿਹਰੇ ਅਤੇ ਗਰਦਨ ’ਤੇ ਲਗਾਓ। ਹਫ਼ਤੇ ’ਚ 3 ਵਾਰ ਲਗਾਉਣ ਨਾਲ ਤੁਹਾਨੂੰ ਫ਼ਰਕ ਦਿਖਾਈ ਦੇਣ ਲੱਗੇਗਾ।

ਝੜਦੇ ਵਾਲਾਂ ਦੀ ਸਮੱਸਿਆ ਤੋਂ ਰਾਹਤ ਪਾਉਣ ਲਈ ਗੁੜ ਦੀ ਪੇਸਟ ਬਣਾ ਕੇ ਲਗਾਓ।

ਇਸ ਦੀ ਪੇਸਟ ਬਣਾਉਣ ਲਈ 1 ਛੋਟਾ ਜਿਹਾ ਚੱਮਚ ਗੁੜ ਪਾਊਡਰ, 2 ਛੋਟੇ ਚੱਮਚ ਮੁਲਤਾਨੀ ਮਿੱਟੀ ਅਤੇ ਪਾਣੀ ਮਿਲਾਓ। 10 ਮਿੰਟ ਲਈ ਇਸ ਨੂੰ ਲਗਾਉਣ ਦੇ ਬਾਅਦ ਵਾਲਾਂ ਨੂੰ ਕੋਸੇ ਪਾਣੀ ਅਤੇ ਸ਼ੈਂਪੂ ਨਾਲ ਧੋ ਲਓ। ਗੁੜ ਦੀ ਪੇਸਟ ਲਗਾਉਣ ਨਾਲ ਤੁਸੀਂ ਲੰਬੇ ਸਮੇਂ ਤਕ ਜਵਾਨ ਦਿੱਖ ਸਕਦੇ ਹੋ। 1 ਛੋਟਾ ਚੱਮਚ ਅੰਗੂਰ ਦਾ ਗੁੱਦਾ, 1 ਛੋਟਾ ਚੱਮਚ ਠੰਡੀ ਬਲੈਕ ਟੀ, 1 ਛੋਟਾ ਚੱਮਚ ਹਲਦੀ, 1/4 ਛੋਟਾ ਚੱਮਚ ਗੁਲਾਬ ਜਲ ਮਿਲਾ ਕੇ ਪੇਸਟ ਬਣਾਓ। ਇਸ ਪੇਸਟ ਨੂੰ ਚਿਹਰੇ ਅਤੇ ਗਰਦਨ ’ਤੇ ਲਗਾਓ ਅਤੇ 15 ਮਿੰਟ ਬਾਅਦ ਕੋਸੇ ਪਾਣੀ ਨਾਲ ਧੋ ਲਓ।

ਪਰ ਇਸਦੀ ਸ਼ੁੱਧਤਾ ਵੱਲ੍ਹ ਖਾਸ ਧਿਆਨਦੇਣ ਦੀ ਲੋੜ੍ਹ ਹੈ,ਕਿਉਂਕਿ ਬਜ਼ਾਰਾਂ ਚ ਵਿਕਦਿ ਗੁੜ੍ਹ ਰਸਾਇਣਕ ਪਦਾਰਥਾਂ ਦੀ ਮੱਦਦ ਨਾਲ ਬਣਾਇਆ ਹੁੰਦਾ ਹੈ।ਉਂਝ ਵੀ ਘਰ ਵਿੱਚ ਚੀਨੀ ਦੀ ਥਾਂ ਗੁੜ੍ਹ ਦੀ ਵਰਤੋਂ ਜਿਆਦਾ ਕਰਨ ਨਾਲ ਸਰੀਰ ਨੂੰ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦਾ ਦੌਰਾ,ਚਮੜੀ ਰੋਗ,ਪੇਟ ਦੀਆਂ ਬਿਮਾਰੀਆਂ ਆਦਿ ਸਮੇਤ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਅ ਲਈ ਬਹੁਤ ਮੱਦਦ ਮਿਲਦੀ ਹੈ।ਖਾਣੇ ਤੋਂ ਬਾਅਦ ਗੁੜ੍ਹ ਖਾਣਾ ਸਿਹਤ ਲਈ ਰਾਮਬਾਣ ਹੈ।

ਪਾਚਣ ਕਿਰਿਆ ਨੂੰ ਸਹੀ ਰੱਖੇ- ਗੁੜ ਸਰੀਰ ਦਾ ਖ਼ੂਨ ਸਾਫ ਕਰਦਾ ਹੈ ਅਤੇ ਮੈਟਾਬੋਲੀਜ਼ਮ ਠੀਕ ਕਰਦਾ ਹੈ। ਰੋਜ਼ ਇੱਕ ਗਲਾਸ ਪਾਣੀ ਜਾਂ ਦੁੱਧ ਦੇ ਨਾਲ ਗੁੜ ਦੀ ਵਰਤੋਂ ਨਾਲ ਪੇਟ ਨੂੰ ਠੰਡਕ ਮਿਲਦੀ ਹੈ।ਭੋਜਨ ਤੋਂ ਬਾਅਦ ਗੁੜ ਖਾ ਲੈਣ ਨਾਲ ਪੇਟ ’ਚ ਗੈਸ ਨਹੀਂ ਬਣਦੀ।

ਗੁੜ ਬਲੱਡ ਖਰਾਬ ਟਾਕਸਿਨ ਦੂਰ ਕਰਦਾ ਹੈ। ਇਸ ਨਾਲ ਚਮੜੀ ਚਮਕਦੀ ਹੈ ਅਤੇ ਮੁਹਾਸੇ ਦੀ ਸਮੱਸਿਆ ਨਹੀਂ ਹੁੰਦੀ ਹੈ।

# ਪ੍ਰਵਾਸੀ ਕਵੀ ਪਰਮਿੰਦਰ ਸਿੰਘ ਪ੍ਰਵਾਨਾ ਸਮੇਤ ਕਵੀਆਂ ਨੂੰ ਕੀਤਾ ਸਨਮਾਨਿਤ



**ਰਾਜਪੁਰਾ-** ਸਥਾਨਕ ਰੋਟਰੀ ਭਵਨ ਵਿਖੇ ਲੋਕ ਸਾਹਿਤ ਸੰਗਮ (ਰਜਿ ) ਰਾਜਪੁਰਾ ਦੀ ਵਿਸ਼ੇਸ਼ ਬੈਠਕ ਵਿਚ ਅਮਰੀਕਾ ਤੋਂ ਆਏ ਸ਼ਾਇਰ ਪਰਮਿੰਦਰ ਸਿੰਘ ਪਰਵਾਨਾ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਨਾਲ ਸਨਮਾਨਿਤ ਕੀਤਾ। ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਸਾਹਿਤਕਾਰ ਕੁਲਵੰਤ ਜੱਸਲ ਅਤੇ ਸੀਨੀਅਰ ਸਿਟੀਜਨ ਕੌਂਸਿਲ ਦੇ ਪ੍ਰਧਾਨ ਬਲਦੇਵ ਸਿੰਘ ਖੁਰਾਣਾ ਦਾ ਵਿਸ਼ੇਸ਼ ਸਾਹਿਤਕ  ਸਨਮਾਨ ਕੀਤਾ ਗਿਆ। ਸਭਾ ਦਾ ਆਗਾਜ਼ ਗ਼ਜ਼ਲਗੋ ਅਵਤਾਰ ਸਿੰਘ ਪਵਾਰ ਨੇ ’ਪਊਗਾ ਚਲਣਾ ਬਣਕੇ ਸਮੇਂ ਦੇ ਹਾਣ ਦਾ ਹਾਣੀ ’ਸੁਣਕੇ ਕੀਤਾ। ਕੁਲਵੰਤ ਸਿੰਘ ਜੱਸਲ ਨੇ ਵਿਅੰਗਮਈ ਕਾਵਿ ਰਚਨਾ ’ਕਰਤਾਰਾ ਛੱੜਾ ’ ਸੁਣਾਕੇ ਚੰਗਾ ਰੰਗ ਬੰਨਿਆ। ਤਾਰਾ ਸਿੰਘ ਮਾਠਿਅੜਾ ਦਾ ਧਾਰਮਿਕ ਗੀਤ ,ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਦਾ ਸਮਾਜਿਕ ਗੀਤ ’ਗੋਲੀ ਮਾਰੋ ਇਹੋ ਜਿਹੇ ਵਿਦੇਸ਼ੀ ਮਾਲ ਨੂੰ’  ਸੁਣਕੇ ਰੰਗ ਬੰਨਿਆ।

## ਸਾਹਿਤਕ ਪੈੜਾਂ- ਕੁਝ ਰਚਨਾਵਾਂ

# ਵਿਸਾਖੀ

ਸ਼ਾਵਾ ਵਿਸਾਖੀ ਆਈ ਏ।
ਸ਼ਾਵਾ ਵਿਸਾਖੀ ਆਈ ਏ।

ਚਿਹਰੇ 'ਤੇ ਰੌਣਕ ਆਈ ਏ।
ਸ਼ਾਵਾ ਵਿਸਾਖੀ ਆਈ ਏ।

ਕਣਕਾਂ ਨੇ ਰੰਗ ਵਟਾਇਆ ਹੈ ।
ਸੋਨੇ ਦਾ ਰੰਗ ਚੜਾਇਆ ਹੈ ।
ਇਹ ਸਿੱਟੇ ਲੈਣ ਹੁਲਾਰੇ ਨੇ ।
ਇਹ ਹਿਲੱ-ਹਿੱਲ ਕਰਨ ਇਸ਼ਾਰੇ ਨੇ।
ਉਪਰ ਕਸੀਰਾਂ ਨੇ ਝਾਲਰ ਲਾਈ ਏ।
ਸ਼ਾਵਾ ਵਿਸਾਖੀ ਆਈ ਏ।

ਅੰਬਾਂ ਨੂੰ ਅੰਬੀਆਂ ਲਗੀਆਂ ਨੇ।
ਇਹ ਪੱਤਿਆਂ ਦੇ ਵਿੱਚ ਸਜੀਆਂ ਨੇ।
ਬਾਗਾਂ ਦੇ ਵਿੱਚ ਕੋਇਲ ਗਾਉਂਦੀ ਏ।
ਮਿੱਠੀ ਕੂਕ ਸੁਣਾਉਂਦੀ ਏ।
ਇਹ ਵਖਰੀ ਰੌਣਕ ਲਾਈ ਏ।
ਸ਼ਾਵਾ ਵਿਸਾਖੀ ਆਈ ਏ।

ਰਲ ਬੈਠਾਂ ਗੇ ਠੰਢੀਆਂ ਛਾਵਾਂ ਵਿੱਚ ।
ਸਜਣਾਂ ਦੇ ਆਉਣ ਦੇ ਚਾਵਾਂ ਵਿੱਚ ।
ਭੰਗੜੇ ਪਾ ਕੇ ਜਸ਼ਨ ਮਨਾਵਾਂਗੇ।
ਨਾਲੇ ਗੀਤ ਖ਼ੁਸ਼ੀ ਦੇ ਗਾਵਾਂਗੇ।
ਸਧਰਾਂ ਦੀ ਮਸਤੀ ਛਾਈ ਏ।
ਸ਼ਾਵਾ ਵਿਸਾਖੀ ਆਈ ਏ।

ਹੋਇਆ ਸਜਣਾਂ ਦੇ ਨਾਲ ਮੇਲ ਜਿਹਾ ।
ਇਹ ਰੱਬ ਦਾ ਹੀ ਹੈ ਖੇਲ ਜਿਹਾ।
ਨਾ ਗਿਲੇ -ਸ਼ਿਕਵੇ ਰਹਿ ਗਏ ਨੇ।
ਪੇਚ ਮੁਹੱਬਤਾਂ ਵਾਲੇ ਪੈ ਗਏ ਨੇ।
ਸੱਜਣਾਂ ਨੇ ਫੇਰੀ ਪਾਈ ਏ।
ਸ਼ਾਵਾ ਵਿਸਾਖੀ ਆਈ ਏ।

ਖੇਤਾਂ ਦੇ ਵੱਲ ਵੀ ਜਾਵਾਂ ਗੇ।
ਮਿੱਠੀਆਂ ਗੋਲਾਂ ਤੋੜ ਲਿਆਵਾਂਗੇ।
ਠੰਢੀਆਂ - ਤੱਤੀਆਂ 'ਵਾਵਾਂ ਦੇ ਵਿੱਚ ।
ਮਸਤ ਤੇ ਸ਼ੋਖ ਅਦਾਵਾਂ ਦੇ ਵਿੱਚ ।
ਸਾਰਾ ਮੌਸਮ ਚਾਈਂ -ਚਾਈਂ ਏ।
ਸ਼ਾਵਾ ਵਿਸਾਖੀ ਆਈ ਏ।

ਉਹ ਕਿਰਸਾਨ ਵੀ ਭੰਗੜਾ ਪਾਉਂਦਾ ਏ।
ਇਹ ਨੱਚਦਾ- ਟੱਪਦਾ ਆਉਂਦਾ ਏ।
ਫ਼ਸਲਾਂ ਦੀ ਖ਼ੁਮਾਰੀ ਚੜ੍ਹ ਗਈ ਏ।
ਮੁੱਛ ਗਭਰੂ ਦੀ ਵੀ ਖੜ੍ਹ ਗਈ ਏ।
'ਘੇਸਲ' ਮਿਹਨਤ ਰੰਗ ਲਿਆਈ ਏ।
ਸ਼ਾਵਾ ਵਿਸਾਖੀ ਆਈ ਏ।

ਮੇਲੇ ਦੇ ਵਿੱਚ ਜਾਵਾਂਗੇ ।
ਲੱਡੂ -ਜਲੇਬੀਆਂ ਵੀ ਖਾਵਾਂਗੇ ।
ਉਹ ਵੱਡੇ ਭੰਗੂੜੇ ਝੂਟਾਂਗੇ।
ਉਹ ਸਭ ਨਾਰੇ ਲੁਟਾਂਗੇ।

**ਕਸ਼ਮੀਰ ਘੇਸਲ**
**91-94636-56047**



# ਕਵਿਤਾ ਦੇ ਪੌਦੇ



ਨਿੱਤ ਉਗਦੇ ਨੇ ਮੇਰੇ ਮਨ ਅੰਦਰ..
ਨਿੱਕੇ ਨਿੱਕੇ ਕਵਿਤਾਵਾਂ ਦੇ ਪੌਦੇ..
ਕੁਝ ਕੁ ਖਿਲਾਰਦੇ ਨੇ ਮਹਿਕ ..
ਤੇ ਕੁਝ ਮਰ ਜਾਂਦੇ ਜਲਦ ਹੀ..
ਨਹੀਂ ਮਿਲਦਾ ਉਹਨਾਂ ਨੂੰ ..
ਮੇਰੀ ਫੁਰਸਤ ਦਾ ਪਾਣੀ ਤੇ ਖਾਦ..
ਜੋ ਜ਼ਰੂਰੀ ਹੁੰਦਾ ਹੈ ਉਹਨਾਂ ਦੇ..
ਇੱਕ ਰੁੱਖ ਬਣਕੇ ਮਹਿਕਣ ਲਈ..
ਮੁੜਕੇ ਨਹੀਂ ਉਗਦੇ ਫੇਰ ਉਹੋ ..
ਕੋਈ ਬੀਜ਼ ਨਹੀਂ ਮਿਲਦਾ ਇਹਨਾਂ ਦਾ..
ਤੇ ਨਾ ਹੀ ਹੁੰਦੀ ਹੈ ਕੋਈ ਪਨੀਰੀ ..
ਕਿ ਜਿੱਥੋਂ ਦਿਲ ਕਰੇ ਉਗਾ ਲਵੋਗੇ..
ਮਨ ਨੇ ਕਿਹਾ ਇੱਕ ਦਿਨ ਘੂਰਕੇ..
ਦਿਆ ਕਰ ਇਹਨਾਂ ਦੀ ਖੁਰਾਕ..
ਇਹਨਾਂ ਦੇ ਉੱਗਣ ਸਾਰ ਹੀ..
ਨਾ ਮਰਨ ਦੇਵੀਂ ਹੁਣ ਕਦੇ..
ਬਣਾ ਦਿਆ ਕਰ ਪੂਰੀ ਕਵਿਤਾ ..
ਇਹਨਾਂ ਖਿਆਲਾਂ ਦੇ ਪੌਦਿਆਂ ਤੋਂ..

**- ਹਰਦੀਪ ਬਿਰਦੀ**
**91-90416-00900**

# ਜੇ ਆਉਂਦੇ ਸੰਵਿਧਾਨ ਬਣਾਉਣੇ

ਜਿਹੜੇ ਹੱਥ ਨੇ ਮਿਹਨਤ ਕਰਦੇ
ਉਹ ਦਖਾਲਣੇ ਵੀ ਆਉਂਦੇ ਨੇ।
ਜੇ ਆਉਂਦੇ ਸੰਵਿਧਾਨ ਬਣਾਉਣੇ
ਸਾਨੂੰ ਸੰਭਾਲਣੇ ਵੀ ਆਉਂਦੇ ਨੇ।
ਅੰਗਰੇਜ਼ਾਂ ਛੱਡਿਆਂ ਭਾਰਤ ਮਾਂ ਨੂੰ,
ਆਈ ਚਿਹਰੇ ਤੇ ਮੁਸਕਾਨ।
ਫਿਰ ਜਨਮੇ ਦੋ ਪੁੱਤਰ ਧੀਆਂ
ਅਜ਼ਾਦੀ ਤੇ ਸੰਵਿਧਾਨ।
ਜਨਮਦਾਤੇ ਹਾਂ ਅਸੀਂ ਜ਼ਿਹਨਾਂ ਦੇ
ਉਹ ਸਾਨੂੰ ਪਾਲਣੇ ਵੀ ਆਉਂਦੇ ਨੇ,
ਜੇ ਆਉਂਦੇ ਸੰਵਿਧਾਨ ਬਣਾਉਣੇ
ਸਾਨੂੰ ਸੰਭਾਲਣੇ ਵੀ ਆਉਂਦੇ ਨੇ।
ਤੁਸੀਂ ਹਵਾ ਨਾਲ਼ੋਂ ਵੀ ਹੌਲੇ ਸੀ,
ਅਸੀਂ ਹੀ ਤੁਫਾਨ ਬਣਾ ਦਿੱਤੇ।
ਤੁਸੀਂ ਚੜ੍ਹ ਗਏ ਫਿਰ ਅਸਮਾਨੀ
ਜਦ ਹੁਕਮਰਾਨ ਬਣਾ ਦਿੱਤੇ।
ਜਿਹੜੇ ਝੱਖੜ ਉਡਾਣ ਲੱਗੇ ਸਾਨੂੰ
ਉਹ ਫੇਰ ਬਹਾਲਣੇ ਵੀ ਆਉਂਦੇ ਨੇ
ਜੇ ਆਉਂਦੇ ਸੰਵਿਧਾਨ ਬਣਾਉਣੇ
ਸਾਨੂੰ ਸੰਭਾਲਣੇ ਵੀ ਆਉਂਦੇ ਨੇ।
ਤੁਸੀਂ ਪਾੜੋ ਤੇ ਰਾਜ ਕਰੋ,
ਇਹ ਦੇਸ਼ ਰਹੂਗਾ ਖਿੰਡਿਆ??
ਸਭਦਾ ਲਹੂ ਹੈ ਇਸ ਮਿੱਟੀ ਅੰਦਰ
ਕਿਸੇ ਦੇ ਪਿਓ ਦਾ ਨਹੀਂ ਹੈ ਇੰਡੀਆ।
ਸਾਨੂੰ ਅਉਂਦੇ ਜੇ ਪਾਠ ਮੁਹਬੱਤ ਦੇ
ਉਹ ਪਾਠ ਸਿਖਾਲਣੇ ਵੀ ਆਉਂਦੇ ਨੇ
ਜੇ ਆਉਂਦੇ ਸੰਵਿਧਾਨ ਬਣਾਉਣੇ
ਸਾਨੂੰ ਸੰਭਾਲਣੇ ਵੀ ਆਉਂਦੇ ਨੇ।
ਬਾਬਾ ਸਾਹਿਬ ਦੇ ਵਾਰਿਸ ਹਾਂ
ਫਿਰ ਜੱਟ ਤੇ ਕੀ ਚਮਾਰ।
ਜਾਤ ਪਾਤ ਤੋਂ ਉੱਪਰ ਉਠ ਕੇ
ਬਣ ਜਾਈਏ ਲਲਕਾਰ।
ਇਕਬਾਲ ਜੋ ਬਹਿ ਗਏ ਐਵੇਂ ਸਿਰਾਂ ਤੇ
ਹੁਣ ਉਹ ਉਠਾਲਣੇ ਵੀ ਆਉਂਦੇ ਨੇ।
ਜੇ ਆਉਂਦੇ ਸੰਵਿਧਾਨ ਬਣਾਉਣੇ
ਸਾਨੂੰ ਸੰਭਾਲਣੇ ਵੀ ਆਉਂਦੇ ਨੇ।



**- ਇਕਬਾਲ ਸਿੰਘ**
**ਜਗਤਪੁਰ**
**91 98156 65646**

# ਦੇਸ਼ ਨੂੰ ਜੋ ਖਾਵੇ

ਦੇਸ਼ ਨੂੰ ਜੋ ਖਾਵੇ ਸਰਕਾਰਾਂ ਦੀ ਕੀ ਲੋੜ ਹੈ।
ਸਿੱਖੀ ਜੋ ਭੁਲਾਵੇ ਸਰਦਾਰਾਂ ਦੀ ਕੀ ਲੋੜ ਹੈ।

ਜਿੰਦਗੀ 'ਚ ਪਾ ਜੇ ਉਜ਼ਾੜਾਂ ਤੇ ਵਿਰਾਨੀਆਂ,
ਕਰ ਜੇ ਉਦਾਸ ਜੋ ਬਹਾਰਾਂ ਦੀ ਕੀ ਲੋੜ ਹੈ।

ਮਤਲਬ ਕੱਢ ਜਿਹੜੇ ਸਾਥ ਛੱਡ ਭੱਜ ਜਾਂਦੇ,
ਜਿੰਦਗੀ 'ਚ ਐਹੋ ਜਿਹੇ ਯਾਰਾਂ ਦੀ ਕੀ ਲੋੜ ਹੈ।

ਲੱਭ ਜਾਵੇ ਹੱਲ ਜਦੋਂ ਬੈਠ ਗੱਲਬਾਤਾਂ ਰਾਹੀਂ,
ਝਗੜੇ ਲੜਾਈ ਹਥਿਆਰਾਂ ਦੀ ਕੀ ਲੋੜ ਹੈ।

ਹੌਂਸਲਾ ਗਿਰਾਉਣ ਹਿੰਮਤਾਂ ਨੂੰ ਢਾਹ ਲਾਉਂਦੇ,
ਪਿੱਛੇ ਨੂੰ ਲਿਜਾਂਦੇ ਵਿਚਾਰਾਂ ਦੀ ਕੀ ਲੋੜ ਹੈ।

ਸੇਧ ਨਾ ਜਵਾਨਾਂ ਨੂੰ, ਵਿਰਸਾ ਸੰਭਾਲੇ ਨਾ ਜੋ,
ਦੌਲਤਾਂ ਦੇ ਭੁੱਖੇ ਕਲਾਕਾਰਾਂ ਦੀ ਕੀ ਲੋੜ ਹੈ।

ਪਾ ਜੋ 'ਬਹਾਦਰਾ' ਜੁਦਾਈ, ਹੰਝੂ ਪੱਲੇ ਜਾਵੇ,
ਦਿਲਾਂ ਵਾਲੇ ਐਦਾਂ ਦੇ ਵਪਾਰਾਂ ਦੀ ਕੀ ਲੋੜ ਹੈ।



**ਬਹਾਦਰ ਸਿੰਘ**
**91-98768-29764**

# ਵਸਦੇ ਘਰ



**ਬਲਵੀਰ ਮੰਨਣ**
**91-94173-45485**

ਆਰਥਿਕ ਤੰਗੀਆਂ ਕਾਰਨ ਮਕਾਨ ਦੀ ਉਸਾਰੀ ਵਿੱਚ ਕੋਈ ਤਿੰਨ ਕੁ ਸਾਲ ਦਾ ਵਕਫ਼ਾ ਬੀਤ ਗਿਆ ਸੀ। ਕੰਮ ਕਦੇ ਚੱਲ ਪੈਂਦਾ ਤੇ ਕਦੇ ਕਿੰਨਾ-ਕਿੰਨਾ ਚਿਰ ਰੁਕਿਆ ਰਹਿੰਦਾ। ਕੰਧਾਂ ਵਿੱਚ, ਛੱਤਾਂ ਦੇ ਨੇੜੇ ਕਈ ਖੱਡੇ ਸਨ।

ਇੱਕ ਖੱਡਾ, ਜਿਹੜਾ ਰਸੋਈ ਵਿੱਚ ਉੱਪਰ ਜਿਹੇ ਕਰਕੇ ਐਗਜ਼ਾਸਟ ਫ਼ੈਨ ਵਾਸਤੇ ਛੱਡਿਆ ਹੋਇਆ ਸੀ, ਵਿੱਚ ਤੀਜੇ ਕੁ ਸਾਲ ਕਬੂਤਰਾਂ ਨੇ ਆਲ੍ਹਣਾ ਬਣਾ ਲਿਆ। ਬੜੀ ਖ਼ੁਸ਼ੀ ਹੋਈ (ਭਾਵੇਂ ਕੁਝ ਲੋਕ ਆਖਦੇ ਹਨ ਕਿ ਕਬੂਤਰ ਉਜਾੜ ਮੰਗਦੇ ਹਨ), ਕਿ ਅਸੀਂ ਤਾਂ ਚਲੋ ਇਸ ਘਰ ਵਿੱਚ ਅਜੇ ਨਹੀਂ ਆ ਸਕੇ, ਇਨ੍ਹਾਂ ਕਰਕੇ ਇਸ ਘਰ ਵਿੱਚ ਜੀਵਨ ਤਾਂ ਧੜਕਿਆ। ਇੱਕ ਦੋ ਵਾਰ ਫ਼ਰਸ਼ 'ਤੇ ਆਂਡਿਆਂ ਦੇ ਖੋਲ ਬਿਖਰੇ ਹੋਏ ਦੇਖੇ। ਕੁਝ ਦਿਨਾਂ ਬਾਅਦ ਕਬੂਤਰਾਂ ਦੇ ਬੋਟਾਂ ਦੀ ਚਹਿਚਹਾਹਟ ਗੂੰਜਣ ਲੱਗੀ। ਲੱਗਿਆ ਜਿਵੇਂ ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਗੂੰਜ ਉੱਠੀਆਂ ਹੋਣ। ਬੇ-ਆਬਾਦ ਘਰ ਗੂੰਜਣ ਲੱਗਾ। ਘਰ ਵਸ ਗਿਆ।

ਜਦੋਂ ਉਨ੍ਹਾਂ ਨਿਮਾਣੇ ਪੰਛੀਆਂ ਦੇ ਪੈਰਾਂ ਪਿੱਛੇ ਅਸੀ ਸਾਰਾ ਪਰਿਵਾਰ ਉਸ ਘਰ ਵਿੱਚ ਆ ਕੇ ਰਹਿਣ ਲੱਗੇ ਤਾਂ ਘਰ ਦੇ ਪਿਛਲੇ ਪਾਸੇ ਵਿਕਦਾ ਪੰਜ ਮਰਲੇ ਦਾ ਪਲਾਟ ਖ਼ਰੀਦ ਲਿਆ ਤੇ ਓਥੇ ਫ਼ਲਾਂ ਦੇ ਬੂਟੇ ਤੇ ਰੁੱਖ ਲਾ ਦਿੱਤੇ। ਮਨ ਵਿੱਚ ਸੀ ਕਿ ਏਥੇ ਪੰਛੀ ਆ ਕੇ ਆਪਣੇ ਆਲ੍ਹਣੇ ਬਣਾਉਣ ਤੇ ਆਰਾਮ ਤੇ ਤਸੱਲੀ ਨਾਲ਼ ਰਹਿਣ। ਅਸੀਂ ਸਿਰਫ਼ ਉਨ੍ਹਾਂ ਨੂੰ ਵੇਖਣ ਤੇ ਨਿਹਾਰਨ ਵਾਲ਼ੇ ਹੀ ਹੋਈਏ, ਛੇੜਨ ਜਾਂ ਤੰਗ ਕਰਨ ਵਾਲ਼ੇ ਨਹੀਂ।

ਪਰ ਪੰਛੀਆਂ ਵਿਚਾਰਿਆਂ ਨੂੰ ਸਾਡੀ ਇੱਛਾ ਬਾਰੇ ਕੀ ਪਤਾ। ਉਹ ਤਾਂ ਰਹਿਣ ਲਈ ਸੁਰੱਖਿਅਤ ਥਾਂ, ਉੱਚੀ ਜਿਹੀ ਜਗ੍ਹਾ, ਲੁਕਵਾਂ ਜਿਹਾ ਟਿਕਾਣਾ ਲੋਚਦੇ ਹੁੰਦੇ ਹਨ, ਜਿਹੜਾ ਸੰਘਣੇK ਉੱਚੇ ਬੂਟਿਆਂ ਤੇ ਦਰੱਖਤਾਂ ਵਿੱਚ ਹੀ ਮਿ਼ਲ ਸਕਦਾ ਹੈ। ਏਧਰ ਬੂਟਿਆਂ ਤੇ ਦਰੱਖਤਾਂ ਨੂੰ ਕੁਝ ਵੱਡੇ ਹੁੰਦਿਆਂ ਤਿੰਨ ਕੁ ਸਾਲ ਹੋਰ ਬੀਤ ਗਏ।

ਕੱਲ੍ਹ ਮੈਂ ਜਦੋਂ ਸੁਭਾਵਕ ਹੀ ਪਲਾਟ ਵਲ ਗਿਆ ਤਾਂ ਲੁਕਾਠ ਦੇ ਬੂਟੇ ਦੇ ਪੱਤਿਆਂ ਅਤੇ ਟਾਹਣੀਆਂ ਦੇ ਸੰਘਣੇ ਜਿਹੇ ਜੂੜ ਵਿੱਚ ਹਰੇ-ਹਰੇ ਰੰਗ ਦੀਆਂ ਪੱਤੀਆਂ ਵਾਲ਼ੇ ਚਿੜੀਆਂ ਦੇ ਆਲ੍ਹਣੇ 'ਤੇ ਧਿਆਨ ਚਲਾ ਗਿਆ। ਪਤਾ ਨਹੀਂ ਏਨਾ ਲੰਮਾ ਕੰਮ ਉਨ੍ਹਾਂ ਨੇ ਸਾਡੀਆਂ ਨਜ਼ਰਾਂ ਤੋਂ ਓਹਲੇ-ਓਹਲੇ ਕਦੋਂ ਕਰ ਲਿਆ। ਦੇਖ ਕੇ ਮਨ ਹਰਿਆ ਹੋ ਗਿਆ। ਚਿਰਾਂ ਦੀ ਮਨ ਦੀ ਆਸ ਪੂਰੀ ਹੋ ਗਈ। ਆਸ ਨੂੰ ਫ਼ਲ ਲੱਗਣ ਦੀ ਸੁੰਦਰ ਹਰੀ ਸ਼ੁਰੂਆਤ ਹੋਈ। ਘਰ ਦੇ ਜੀਆਂ ਦੀ ਵਧੀ ਗਿਣਤੀ ਤੱਕ ਕੇ ਬੜੀ ਤਸੱਲੀ ਹੋਈ ਹੈ।

# ਕੁਦਰਤ ਦੇ ਬਹੁਤ ਨੇੜੇ ਹੈ ਖਜ਼ਿਆਰ ਘਾਟੀ (ਡਲਹੌਜ਼ੀ)

**(ਸਫਾ 19 ਦੀ ਬਾਕੀ)**

ਸੜਕ ਡਲਹੌਜ਼ੀ-ਚੰਬਾ ਰੋਡ ਹੈ। ਇਸੇ ਸੜਕ ਤੇ ਧਾਰਕਲਾਂ,ਭਾਤ੍ਵਾਂ ਅਤੇ ਦੁਨੇਰਾ ਆਦਿ ਕਸਬੇ ਆਉਂਦੇ ਹਨ। ਦੁਨੇਰਾ ਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਦਾ ਉੱਪ ਮੰਡਲ ਦਫਤਰ ਸਥਿਤ ਹੈ। ਜਿਵੇਂ ਜਿਵੇਂ ਅੱਗੇ ਵਧਦੇ ਜਾਈਏ ਚੜ੍ਹਾਈ ਤਿੱਖੀ ਹੁੰਦੀ ਜਾਂਦੀ ਹੈ। ਪਹਾੜੀ ਦੇ ਖੱਬੇ ਪਾਸੇ ਹੁੰਦਿਆਂ ਸਾਹਮਣੇ ਰਾਵੀ ਦਰਿਆ ਦੀ ਝੀਲ ਅਨੋਖਾ, ਦਿਲਕਸ਼ ਅਤੇ ਆਕਰਸ਼ਕ ਦ੍ਰਿਸ਼ ਪੇਸ਼ ਕਰਦੀ ਹੈ।

ਵਲ ਵਲੇਵੇਂ ਖਾਂਦੀ ਸੜਕ ਤੇ ਜਿਵੇਂ ਜਿਵੇਂ ਅੱਗੇ ਵਧਦੇ ਹਾਂ, ਖਤਰਾ ਵਧਦਾ ਜਾਂਦਾ ਹੈ, ਪਰ ਕੁਦਰਤੀ ਦੀ ਬੁੱਕਲ ਦਾ ਆਨੰਦ ਲੈਣ ਦਾ ਚਾਅ, ਖਤਰਨਾਕ ਅਤੇ ਡਰਾਉਣੇ ਰਸਤੇ ਚ ਵੀ ਹੌਸਲਾ ਬੁਲੰਦ ਕਰੀ ਰੱਖਦਾ ਹੈ।ਇਨਸਾਨ ਦ੍ਰਿੜ ਇਰਾਦੇ ਨਾਲ ਔਖੇ ਅਤੇ ਖਤਰਨਾਕ ਰਸਤੇ ਆਪਣੀ ਮੰਜ਼ਿਲ ਵੱਲ ਵਧੀ ਜਾਂਦਾ ਹੈ।ਕਿਤੇ ਕਿਤੇ ਦਰੱਖਤਾਂ, ਘਾਹ ਫੂਸ ਅਤੇ ਜੜ੍ਹੀ ਬੂਟੀਆਂ ਤੋਂ ਸੱਖਣੀਆਂ ਪਹਾੜੀਆਂ ਦ੍ਰਿਸ਼ਾਂ ਨੂੰ ਹੋਰ ਦਿਲਚਸਪ ਬਣਾਉਂਦੀਆਂ ਹਨ। ਬਨੀ ਖੇਤ ਪਹੁੰਦਿਆਂ ਕਾਫੀ ਉਚਾਈ ਹੋ ਜਾਂਦੀ ਹੈ। ਇੱਥੋਂ ਇੱਕ ਰਾਵੀ ਦਰਿਆ ਦੇ ਕੰਢੇ ਵਸੇ ਸ਼ਹਿਰ ਚੰਬਾ ਨੂੰ ਚਲੀ ਜਾਂਦੀ ਹੈ ਅਤੇ ਸੱਜੇ ਪਾਸੇ ਵਾਲੀ ਸੜਕ ਡਲਹੌਜ਼ੀ ਜਾਂਦੀ ਹੈ। ਸੜਕ ਦੇ ਦੋਵੇਂ ਪਾਸੇ ਚੀਲ ਅਤੇ ਦਿਉਦਾਰ ਦੇ ਦਰੱਖਤਾਂ ਨਾਲ ਲੱਦੀਆਂ ਪਹਾੜੀਆਂ ਦੇ ਨਜ਼ਾਰਿਆਂ ਚ ਇਨਸਾਨ ਆਪਣੇ ਆਪ ਨੂੰ ਕਿਸੇ ਅਦਭੁਤ ਥਾਂ ਤੇ ਆਇਆ ਮਹਿਸੂਸ ਕਰਦਾ ਹੈ। ਜਿਉਂ ਜਿਉਂ ਗੱਡੀ ਚੜਾਈ ਚੜ੍ਹਦੀ ਹੈ, ਠੰਡਕ ਭਰੀ ਤਾਜ਼ਾ ਪੌਣ ਤੁਹਾਡਾ ਸਵਾਗਤ ਕਰਦੀ ਹੈ। ਡਲਹੌਜ਼ੀ ਚੌਕ ਤੋਂ ਖੱਬੇ ਪਾਸੇ ਦੀ ਸੜਕ ਅੱਗੇ ਖਜ਼ਿਆਰ ਵੈਲੀ ਨੂੰ ਚਲੀ ਜਾਂਦੀ ਹੈ ਅਤੇ ਸੱਜੇ ਹੱਥ ਸੜਕ ਡਲਹੌਜ਼ੀ ਸ਼ਹਿਰ ਨੂੰ। ਇੱਥੇ ਮੌਸਮ ਕਾਫੀ ਠੰਢਾ ਰਹਿੰਦਾ ਹੈ। ਇੱਥੇ ਹੀ ਏਅਰਫੋਰਸ ਦਾ ਹੈਡਕੁਆਰਟਰ ਹੈ।ਇੱਥੇ ਹੀ ਡਲਹੌਜ਼ੀ ਪਬਲਿਕ ਸਕੂਲ ਬਹੁਤ ਮਸ਼ਹੂਰ ਹੈ, ਜਿਸ ਵਿੱਚ ਭਾਰਤ ਭਰ ਤੋਂ ਸੈਲੀਬ੍ਰਿਟੀਜ਼ ਦੇ ਬੱਚੇ ਪੜ੍ਹਾਈ ਕਰਦੇ ਹਨ। ਸਕੂਲ ਨੂੰ ਬਹੁਤ ਹੀ ਸੁੰਦਰ ਦਿੱਖ ਪ੍ਰਦਾਨ ਕੀਤੀ ਗਈ ਹੈ, ਸਕੂਲ ਦੇ ਬਾਹਰ ਵੀ ਸਜਾਵਟੀ ਅਤੇ ਫੁੱਲਾਂ ਵਾਲੇ ਬੂਟੇ ਲਗਾਏ ਹੋਏ ਹਨ। ਡਲਹੌਜ਼ੀ ਸ਼ਹਿਰ ਨੂੰ ਲਾਰਡ ਡਲਹੌਜ਼ੀ ਨੇ 1853 ਈਸਵੀ ਚ ਵਸਾਇਆ ਸੀ। ਇਸਦੀ ਸਮੁੰਦਰੀ ਤਲ ਤੋਂ ਉਚਾਈ 7687 ਫੁੱਟ ਹੈ। ਉੱਚੇ ਲੰਮੇ ਵੱਖ ਵੱਖ ਪਹਾੜੀ ਕਿਸਮਾਂ ਦੇ ਰੁੱਖ ਅਤੇ ਰੰਗ ਬਿਰੰਗੇ ਫੁੱਲਦਾਰ ਬੂਟਿਆਂ ਨੂੰ ਛੂਹ ਕੇ ਆਉਂਦੀ ਖੁਸ਼ਬੂਦਾਰ ਹਵਾ ਇੱਕ ਵੱਖਰਾ ਆਨੰਦ ਮਹਿਸੂਸ ਕਰਵਾਉਂਦੀ ਹੈ।

ਇੱਥੇ ਇੱਕ ਨੀਵਾਂ ਬਖਰੋਟਾ ਅਤੇ ਇੱਕ ਉੱਚਾ ਬਖਰੋਟਾ ਨਾਮ ਦਾ ਇਲਾਕੇ ਹਨ। ਉੱਚੇ ਬਖਰੋਟੇ ਵਿੱਚ ਪੰਜਾਬ ਦੇ ਕਾਫੀ ਲੀਡਰਾਂ ਦੀਆਂ ਰਹਿਣਗਾਹਾਂ ਹਨ। ਇੱਥੇ ਰਹਿਣ ਲਈ ਹੋਟਲ ਅਤੇ ਰੈਸਟੋਰੈਂਟ ਸਥਿਤ ਹਨ। ਇਸ ਤੋਂ ਇਲਾਵਾ ਆਪਣੇ ਤੌਰ ਤੇ ਰਹਿਣ ਲਈ ਲੌਜ ਵੀ ਕਿਰਾਏ ਤੇ ਮਿਲ ਜਾਂਦੇ ਹਨ, ਪਰ ਇਹਨਾਂ ਦਾ ਕਿਰਾਇਆ ਹੋਟਲਾਂ ਨਾਲੋਂ ਜ਼ਿਆਦਾ ਹੁੰਦਾ ਹੈ। ਇਹਨਾਂ ਲੌਜ ਵਿੱਚ ਰਹਿਣ ਦਾ ਆਪਣਾ ਅਲੱਗ ਹੀ ਮਜ਼ਾ ਹੈ, ਕਿਉਂਕਿ ਇਹ ਸ਼ਹਿਰ ਦੇ ਭੀੜ ਭੜੱਕੇ ਅਤੇ ਸ਼ੋਰ ਸ਼ਰਾਬੇ ਤੋਂ ਮੁਕਤ ਅਤੇ ਰੰਗ ਬਿਰੰਗੇ ਫੁੱਲਾਂ ਨਾਲ ਸ਼ਿੰਗਾਰੇ ਆਪਣੀ ਹੀ ਅਹਿਮੀਅਤ ਦਾ ਅਹਿਸਾਸ ਦਿੰਦੇ ਹਨ। ਉੱਚੇ ਬਖਰੋਟੇ ਤੋਂ ਡਲ-ਹੌਜ਼ੀ ਸ਼ਹਿਰ ਦਾ ਅਦਭੁਤ ਅਤੇ ਦਿਲਕਸ਼ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇਸ ਸ਼ਹਿਰ ਤੋਂ 16 ਕਿਲੋਮੀਟਰ ਅੱਗੇ ਖਜ਼ਿਆਰ ਘਾਟੀ ਹੈ।ਚੀਲ ਦੇ ਦਰੱਖਤਾਂ ਨਾਲ ਘਿਰੀ ਛੋਟੀ ਅਤੇ ਖਤਰਿਆਂ ਭਰੀ ਸੜਕ ਸਾਨੂੰ ਖਜ਼ਿਆਰ ਘਾਟੀ ਲੈ ਜਾਂਦੀ ਹੈ।ਖਜ਼ਿਆਰ ਘਾਟੀ ਚ ਬਨੀਖੇਤ ਤੋਂ ਚੰਬਾ ਸ਼ਹਿਰ ਰਾਹੀਂ ਵੀ ਪੁੱਜਿਆ ਜਾ ਸਕਦਾ ਹੈ। ਇੱਥੋਂ ਅੱਗੇ ਸੜਕ ਚੰਬਾ ਸ਼ਹਿਰ ਨੂੰ ਚਲੀ ਜਾਂਦੀ ਹੈ,ਜੋ ਇੱਥੋਂ25 ਕਿਮੀ ਦੂਰੀ ਤੇ ਹੈ।

ਧਰਤੀ ਦੇ ਮਿੰਨੀ ਸਵਿਟਜ਼ਰਲੈਂਡ ਵਜੋਂ ਜਾਣੀ ਜਾਂਦੀ ਖਜ਼ਿਆਰ ਘਾਟੀ ਕੁਦਰਤ ਦੇ ਦੁਰਲੱਭ ਅਤੇ ਅਲੌਕਿਕ ਨਜ਼ਾਰਿਆਂ ਨੂੰ ਸਮੋਈ ਬੈਠੀ ਹੈ।ਇਸ ਮਨਮੋਹਕ ਘਾਟੀ ਚ ਪਹੁੰਚਦਿਆਂ ਮਨ ਨੂੰ ਇੱਕ ਅਜੀਬ ਅਤੇ ਅਲੌਕਿਕ ਕਿਸਮ ਦਾ ਸਰੀਰਕ ਅਤੇ ਰੂਹਾਨੀਅਤ ਸਕੂਨ ਮਿਲਦਾ ਹੈ। ਇੱਥੇ ਵੀ ਰਹਿਣ ਲਈ ਹੋਟਲ ਚ ਕਮਰੇ ਮਿਲ ਜਾਂਦੇ ਹਨ। ਹਿਮਾਚਲ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਦਾ ਰੈਸਟ ਹਾਊਸ ਵੀ ਇੱਥੇ ਸਥਿਤ ਹੈ। ਇਸ ਹਰਿਆਵਲ ਭਰੀ ਖਜ਼ਿਆਰ ਘਾਟੀ ਨੂੰ ਮਿੰਨੀ ਸਵਿਟਜ਼ਰਲੈਂਡ ਵੀ ਕਿਹਾ ਜਾਂਦਾ ਹੈ। ਇਸਦੀ ਸਮੁੰਦਰੀ ਤਲ ਤੋਂ ਉਚਾਈ 1920 ਮੀਟਰ ਹੈ। ਇਹ ਉੱਚੀਆਂ ਪਹਾੜੀਆਂ 'ਚ ਘਿਰਿਆ ਪੱਧਰਾ ਮੈਦਾਨ ਹੈ। ਇਸਦੇ ਵਿਚਕਾਰ ਝੀਲ ਬਣੀ ਹੋਈ ਹੈ, ਜਿਸ ਵਿਚ ਇੱਕ ਖਿੱਤੀ ਹੈ, ਜੋ ਝੀਲ ਦੇ ਪਾਣੀ ਚ ਆਪਣੀ ਥਾਂ ਬਦਲਦੀ ਰਹਿੰਦੀ ਹੈ। ਇੱਥੇ ਮੌਸਮ ਬਹੁਤ ਠੰਢਾ ਰਹਿੰਦਾ ਹੈ।ਪੱਧਰੇ ਮੈਦਾਨ ਚ ਖੜ ਕੇ ਚੁਫੇਰੇ ਧਿਆਨ ਘੁਮਾਉਂਦਿਆਂ ਇਸਨਾਨ ਆਪਣੇ ਆਪ ਨੂੰ ਕਿਸੇ ਹੋਰ ਦੁਨੀਆਂ ਪਹੁੰਚਿਆ ਮਹਿਸੂਸ ਕਰਦਾ ਹੈ। ਧਰਤੀ ਤੇ ਜੰਨਤ ਦਾ ਅਹਿਸਾਸ ਹੁੰਦਾ ਹੈ।ਮੈਦਾਨ ਚ ਸੈਲਾਨੀ ਘੋੜ ਸਵਾਰੀ ਅਤੇ ਪੈਰਾਗਲਾਈਡਿੰਗ ਕਰਦੇ ਨਜ਼ਰੀਂ ਪੈਂਦੇ ਹਨ। ਤੁਹਾਡੇ ਹਰ ਖੁਸ਼ੀ ਦੇ ਪਲਾਂ ਨੂੰ ਕੈਮਰੇ ਚ ਕੈਦ ਕਰਕੇ ਕੋਰੇ ਕਾਗਜ ਦੀ ਹਿੱਕ ਤੇ ਤੁਹਾਡੀ ਮੂਰਤ ਛਾਪ ਕੇ ਦੇਣ ਲਈ ਫੋਟੋਗ੍ਰਾਫਰ ਤੁਹਾਡੇ ਗਿਰਦ ਘੁੰਮਦੇ ਤਿਆਰ ਮਿਲਦੇ ਹਨ। ਹਵਾ ਚ ਉੱਡਦੀਆਂ ਰੰਗ ਬਿਰੰਗੀਆਂ ਤਿੱਤਲੀਆਂ, ਕੀਟ ਪਤੰਗੇ, ਚੀਲ , ਦਿਉਦਾਰ ਅਤੇ ਹਰਿਆਵਲੇ ਫੁੱਲ ਬੂਟਿਆਂ ਨਾਲ ਕੁਦਰਤੀ ਸੁਹੱਪਣ ਹੋਰ ਵੀ ਰੰਗੀਲਾ ਲੱਗਦਾ ਹੈ।

ਹਵਾ ਚ ਉੱਡਦੇ ਬੱਦਲ ਕੁਦਰਥ ਨਾਲ ਅਠਖੇਲੀਆਂ ਕਰਦੇ ਜਾਪਦੇ ਹਨ।ਕੁਦਰਤ ਆਪਣੀ ਖੁਸ਼ੀ ਅਤੇ ਖੇੜਿਆਂ ਚ ਮਸ਼ਰੂਫ ਮਸਤੀ ਚ ਝੂੰਮਦੀ ਅਤੇ ਨੱਚਦੀ ਮਹਿਸੂਸ ਹੁੰਦੀ ਹੈ।

ਇੱਥੇ ਘਾਟੀ ਦੇ ਵਿਚਕਾਰ ਝੀਲ ਦੇ ਕੰਢੇ ਇੱਕ ਲੱਕੜੀ ਦਾ ਪੁਲ ਅਤੇ ਝੋਪੜੀ ਬਣੀ ਹੋਈ ਹੈ, ਜੋ ਇਸਦੀ ਸੁੰਦਰਤਾ ਨੂੰ ਹੋਰ ਚਾਰ ਚੰਨ ਲਗਾਉਂਦੀ ਹੈ। ਇਹ ਫਿਲਮੀ ਹਸਤੀਆਂ ਅਤੇ ਫਿਲਮਸਾਜਾਂ ਦੀ ਵੀ ਪਹਿਲੀ ਪਸੰਦ ਥਾਂ ਹੈ। ਕਾਫੀ ਹਿੰਦੀ ਫਿਲਮਾਂ ਦੀ ਸ਼ੂਟਿੰਗ ਇਸ ਸਥਾਨ ਤੇ ਹੋਈ ਹੈ। ਸਰਦੀਆਂ ਵਿੱਚ ਇੱਥੇ ਬਰਫ ਜੰਮ ਜਾਂਦੀ ਹੈ। ਇਸ ਥਾਂ ਤੋਂ ਵਾਪਿਸ ਆਉਣ ਨੂੰ ਦਿਲ ਨਹੀਂ ਕਰਦਾ। ਇਸ ਘਾਟੀ ਦੀ ਇੱਕ ਨੁੱਕਰੇ ਖਜ਼ੀ ਨਾਗ ਦੇਵਤਾ ਦਾ ਲਗਭਗ 800 ਸੌ ਸਾਲ ਪੁਰਾਣਾ ਮੰਦਰ ਹੈ। ਇਸ ਮੰਦਰ ਚ ਲੱਗੀ ਲੱਕੜ ਦੀਆਂ ਚੌਗਾਠਾਂ ਅੱਜ ਵੀ ਜਿਉਂ ਦੀ ਤਿਉਂ ਕਾਇਮ ਹਨ। ਕਹਿੰਦੇ ਹਨ ਕਿ ਪਾਂਡਵਾਂ ਨੇ ਉੱਪ ਵਾਸ ਦਾ ਸਮਾਂ ਇਸ ਥਾਂ ਤੇ ਗੁਜਾਰਿਆ ਸੀ।

ਦੇਸ਼ ਵਿਦੇਸ਼ ਦੇ ਸੈਲਾਨੀਆਂ ਲਈ ਖਜ਼ਿਆਰ ਘਾਟੀ ਪ੍ਰਤੀ ਵਿਸ਼ੇਸ਼ ਖਿੱਚ ਹੈ।ਇੱਥੇ ਵਿਦੇਸ਼ੀ ਸੈਲਾਨੀ ਆਮ ਘੁੰਮਦੇ ਅਤੇ ਕੁਦਰਤੀ ਸੁੰਦਰਤਾ ਦਾ ਆਨੰਦ ਮਾਣਦੇ ਆਮ ਦੇਖੇ ਜਾ ਸਕਦੇ ਹਨ। ਇੱਥੋਂ ਬਰਫਾਂ ਲੱਦੀਆਂ ਪਹਾੜੀਆਂ ਦੇ ਦ੍ਰਿਸ਼ ਇਸਦੀ ਸੁੰਦਰਤਾ ਚ ਹੋਰ ਵਾਧਾ ਕਰ ਦਿੰਦੇ ਹਨ।

ਜੇਕਰ ਇਸ ਥਾਂ ਨੂੰ ਧਰਤੀ ਤੇ ਸਵਰਗ ਕਹਿ ਦੇਈਏ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ। ਦਿਲ ਚ ਕੁਦਰਤੀ ਸੁਹੱਪਣ ਦੀਆਂ ਯਾਦਾਂ ਲੈ ਕੇ ਡਲਹੌਜ਼ੀ ਦੇ ਰਸਤੇ ਵਾਪਿਸ ਆਪਣੇ ਸ਼ਹਿਰ ਨੂੰ ਚਾਲੇ ਪਾ ਦਿੱਤੇ।


# ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ 18 ਵਾਂ ਸਲਾਨਾ ਮੇਲਾ ਫਰਿਜਨੋ ਵਿਚ ਸੰਪੰਨ

## ਡਾ ਹਰਸ਼ਿੰਦਰ ਕੌਰ ਮੁੱਖ ਬੁਲਾਰੇ ਵਜੋਂ ਹੋਏ ਸ਼ਾਮਲ

















ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੇ ਇਤਿਹਾਸ ਦੇ ਚਮਕਦੇ ਸਿਤਾਰੇ ਮਹਾਨ ਗਦਰੀ ਬਾਬਿਆਂ ਦੀ ਯਾਦ ਵਿਚ 18 ਵਾਂ ਮੇਲਾ ਫਰਿਜਨੋ ਵਿਚ ਸੈਂਟਰਲ ਹਾਈ ਸਕੂਲ ਦੇ ਜਿਮਨੇਜੀਅਮ ਹਾਲ ਵਿਚ ਠਾਠਾਂ ਮਾਰਦੇ ਲੋਕਾਂ ਦੇ ਇਕੱਠ ਵਿਚ ਤਾੜੀਆਂ ਨਾਲ ਸਮਾਪਤ ਹੋਇਆ।ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਅਯੋਜਤ ਕੀਤਾ ਗਿਆ ਇਹ ਮੇਲਾ ਸਾਨਫਰਾਂਸਿਸਕੋ ਸਾਜਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਤ ਕੀਤਾ ਗਿਆ। ਇਸ ਵਾਰ ਮੇਲੇ ਵਿਚ ਪੰਜਾਬ ਦੀ ਧੀ' ਵਜੋਂ ਜਾਣੇ ਜਾਂਦੇ ਪ੍ਰਸਿਧ ਸਮਾਜ ਸੁਧਾਰਕ ਲਿਖਾਰੀ ਅਤੇ ਮੈਡੀਕਲ ਡਾਕਟਰ, ਪੰਜਾਬ ਤੋਂ ਡਾ ਹਰਸ਼ਿੰਦਰ ਕੌਰ ਐਮ ਡੀ ਮੁਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮੁੱਚੀ ਸੈਂਟਰਲ ਵੈਲੀ ਵਿਚੋਂ ਬੀਬੀ ਹਰਸ਼ਿੰਦਰ ਕੌਰ ਦੇ ਸਵਾਗਤ ਲਈ ਹੁਮ ਹੁਮਾ ਕੇ ਪਹੁਚੇ ਸੈਂਕੜੇ ਲੋਕਾਂ ਨੇ ਹਾਲ ਨੂੰ ਨੱਕੋ ਨੱਕ ਭਰ ਦਿੱਤਾ।ਪ੍ਰੋਗਰਾਮ ਦੇ ਸ਼ੁਰੂ ਵਿਚ ਬੱਚਿਆ ਨੇ ਆਪਣੀਆਂ ਛੋਟੀਆਂ ਸਪੀਚਾ ਅਤੇ ਕਵਿਤਾਵਾਂ ਨਾਲ ਸਰੋਤਿਆਂ ਨੂੰ ਪ੍ਰਭਾਵਤ ਕੀਤਾ। ਸਭ ਦੀ ਪੇਸ਼ਕਸ਼ ਦੇਸ਼ ਭਗਤਾਂ ਦੀ ਅਲੌਕਿਕ ਕਹਾਣੀਆਂ ਨਾਲ ਸਬੰਧਤ ਸੀ।ਇਨਾਂ ਸਾਰੇ ਬੱਚਿਆ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਹਰਜੀਤ ਸਿੰਘ ਮਰਸਿਡ ਨੇ ਬਲੰਦ ਆਵਾਜ਼ ਵਿਚ ਇਕ ਗੀਤ ਗਾਇਆ।ਆਂਚਲ ਹੇਅਰ ਨੇ 'ਧਰਤੀ ਮਾਂ ਦੀ ਪੁਕਾਰ' ਇਕ ਭਾਵਪੂਰਤ ਕਾਵਿ ਨਾਟ ਪੇਸ਼ ਕਰਕੇ ਖੂਬ ਵਾਹ ਵਾਹ ਖੱਟੀ। ਮਨਦੀਪ ਕੌਰ ਨੇ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਸ਼ਹੀਦਾਂ ਨੂੰ ਸ਼ਰਧਾਜਲੀ ਅਰਪਣ ਕੀਤੀ। ਯੱਮਲਾ ਜੱਟ ਦੀ ਸਾਫ ਸੁਧਰੀ ਗਾਇਕੀ ਦੀ ਮਿਸ਼ਾਲ ਨੂੰ ਬਲੰਦ ਰੱਖਣ ਵਾਲੇ ਫਰੈਜ਼ਨੋ ਦੇ ਰਾਜ ਬਰਾੜ ਨੇ ਦੇਸ਼ ਭਗਤੀ ਦੇ ਇਕ ਸ਼ਾਨਦਾਰ ਗੀਤ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ।ਉਨਾਂ ਦੀ ਪੇਸ਼ਕਾਰੀ ਦੀ ਸਾਰੇ ਪਾਸਿਉਂ ਬਹੁਤ ਸ਼ਲਾਘਾ ਹੋਈ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਤੇ' ਉਨਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਜਲੀ ਅਰਪਨ ਕੀਤੀ ਗਈ। ਸ੍ਰ ਕੁੰਦਨ ਸਿੰਘ ਧਾਮੀ ਨੇ ਸ਼ਹੀਦ ਦਲੀਪ ਸਿੰਘ ਭੁਜੰਗੀ ਨੂੰ ਸ਼ਰਧਾਜਲੀ ਭੇਂਟ ਕਰਦਿਆ ਦੱਸਿਆ ਕਿ ਉਨਾਂ ਦੇ ਚਾਚਾ ਜੀ ਸ਼ਹੀਦ ਦਲੀਪ ਸਿੰਘ 15 ਸਾਲ ਦੀ ਉਮਰ ਵਿਚ ਬੱਬਰ ਆਕਾਲੀ ਲਹਿਰ ਵਿਚ ਫਾਂਸੀ ਲੱਗੇ ਸਨ। ਇਹੋ ਜਿਹੇ ਗੁਮਨਾਮ ਸ਼ਹੀਦਾ ਨੂੰ ਇਤਿਹਾਸ ਵਿਚ ਸ਼ਾਨਦਾਰ ਥਾਂ ਮਿਲਣੀ ਚਾਹੀਦੀ ਹੈ।ਉਨਾਂ ਸ਼ਹੀਦਾ ਦੀ ਯਾਦ ਵਿਚ ਇਕ ਕਵਿਤਾ ਵੀ ਪੜੀ। ਫੋਰਮ ਦੇ ਸਰਕਰਦਾ ਆਗੂ ਗੁਰਦੀਪ ਸਿੰਘ ਅਣਖੀ ਸੰਖੇਪ ਜਿਹੀ ਤਕਰੀਰ ਵਿਚ ਮੇਲੇ ਦੇ ਮੁਖ ਮਹਿਮਨਾ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆ ਗਦਰ ਪਾਰਟੀ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਜਲੀ ਅਰਪਨ ਕੀਤੀ।ਉਨਾਂ ਸਾਨਫਰਾਂਸਿਸਕੋ ਕੇਸ ਦੇ ਅਧੀਨ ਸਜਾਵਾਂ ਭੁਗਤਣ ਵਾਲੇ 16 ਸੂਰਬੀਰਾਂ ਅਤੇ ਇਸੇ ਕੇਸ ਦੌਰਾਨ ਸ਼ਹੀਦ ਹੋਏ ਬਾਬਾ ਰਾਮ ਸਿੰਘ ਧੁਲੇਤਾ ਬਾਰੇ ਸੰਖੇਪ ਜਾਣਕਾਰੀ ਦਿਤੀ। ਉਨਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਸਿਰਫ ਹਿੰਦੁਸਤਾਨ ਦੀ ਧਰਤੀ ਦੇ ਹੀ ਨਹੀਂ ਲੜੀ ਗਈ, ਅਮਰੀਕਾ ਜਿਥੋਂ ਦੀ ਆਜ਼ਾਦੀ ਤੋਂ ਪ੍ਰੇਰਨਾ ਲੈ ਕੇ ਗਦਰੀ ਸੰਗਰਾਮੀਆਂ ਨੇ ਭਾਰਤ ਦੀ ਆਜ਼ਾਦੀ ਦਾ ਪ੍ਰਣ ਲਿਆ, ਦੀ ਧਰਤੀ 'ਤੇ ਵੀ ਉਨਾਂ ਤੇ ਕੇਸ ਚਲਾ ਕੇ ਉਨਾਂ ਨੂੰ ਜੇਲਾਂ ਵਿਚ ਡੱਕਣ ਦੀ ਕੋਸ਼ਿਸ ਕੀਤੀ ਤਾਂ ਕਿ ਉਹ ਭਾਰਤ ਪਹੁੰਚ ਕੇ ਅੰਗਰੇਜ ਸਾਮਰਾਜ ਨੂੰ ਚੈਲੰਜ ਨਾ ਕਰ ਸਕਣ। ਉਨਾਂ ਨੇ ਅਮਰੀਕੀ ਦੇਸ਼ ਭਗਤ ਵਕੀਲਾਂ ਨੂੰ ਵੀ ਅਕੀਦਤ ਦੇ ਫੁੱਲ ਭੇਂਟ ਕੀਤੇ ਜਿਨਾਂ ਨੇ ਇਨਾਂ ਕੇਸਾ ਵਿਚ ਗਦਰੀ ਦੇਸ਼ ਭਗਤਾਂ ਦੇ ਬਚਾਅ ਲਈ ਮੁਫਤ ਸੇਵਾਵਾਂ ਅਰਪਣ ਕੀਤੀਆ। ਉਨਾਂ ਕਿਹਾ ਕਿ ਆਜ਼ਾਦੀ ਸੰਸਾਰ ਵਿਆਪਕ ਮਨੁੱਖੀ ਅਧਿਕਾਰ ਹੈ ਅਤੇ ਇਸ ਤੇ ਹੁੰਦੇ ਹਮਲਿਆ ਦੇ ਬਚਾਅ ਲਈ ਸੰਘਰਸ਼ ਵੀ ਸੰਸਾਰ ਵਿਆਪਕ ਹੈ।ਇਸ ਦੇ ਹੱਕ ਵਿਚ ਆਵਾਜ਼ ਚੁਕਣ ਅਤੇ ਲੜਣ ਵਾਲਿਆ ਨੂੰ ਸਲਾਮ। ਪ੍ਰੀਤ ਕੌਰ ਨੇ ਸ਼ਹੀਦ ਭਗਤ ਸਿੰਘ ਨੂੰ ਸਮਰਪਤ ਇਕ ਭਾਵਪੂਰਤ ਕਵਿਤਾ ਪੇਸ਼ ਕੀਤੀ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਸਰਗਰਮ ਵਰਕਰ ਸ਼ਰਨਜੀਤ ਧਾਲੀਵਾਲ ਨੇ 'ਅਣਜੰਮੀ ਧੀ ਦੀ ਪੁਕਾਰ' ਨਾਂ ਦੀ ਇਕ ਕਵਿਤਾ ਪੜ ਕੇ ਸਮੂਹ ਸਰੋਤਿਆ ਨੂੰ ਕੀਲ ਲਿਆ।

ਬੀਬੀ ਆਸ਼ਾ ਸ਼ਰਮਾ ਨੇ ਮੁਖ ਮਹਿਮਾਨ ਡਾ ਹਰਸ਼ਿੰਦਰ ਕੌਰ ਦੀ ਜਾਣ ਪਛਾਣ ਕਰਵਾਉਦਿਆਂ ਦੱਸਿਆ ਕਿ ਪੰਜਾਬ ਦੀ ਇਹ ਮਹਾਨ ਧੀ, ਪੰਜਾਬੀ ਦੇ ਇਕ ਮਹਾਨ ਲਿਖਾਰੀ ਪ੍ਰੋ ਪਰੀਤਮ ਸਿੰਘ ਦੀ ਬੇਟੀ ਹੈ ਅਤੇ ਉਨਾਂ ਨੂੰ ਪੰਜਾਬ ਦੀਆਂ ਧੀਆਂ ਦੀ ਸੇਵਾ ਵਿਰਸੇ ਚੋਂ ਮਿਲੀ ਹੈ, ਤਾਂ ਹੀ ਉਹ ਅਨੇਕਾਂ ਔਕੜਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਧਮਕੀਆ ਦੀ ਪਰਵਾਹ ਕੀਤੇ ਬਿਨਾਂ ਆਪਣੇ ਮਿਸ਼ਨ ਤੇ ਅੱਗੇ ਵੱਧ ਰਹੇ ਹਨ। ਡਾ ਹਰਸ਼ਿੰਦਰ ਕੌਰ ਨੇ ਆਪਣਾ ਭਾਸ਼ਨ ਸ਼ਹੀਦਾਂ ਪ੍ਰਤੀ ਇਕ ਬਹੁਤ ਭਾਵਪੂਰਤ ਕਵਿਤਾ ਨਾਲ ਸ਼ੁਰੂ ਕੀਤਾ। ਉਨਾਂ ਸ਼ਹੀਦਾ ਦੀ ਪਾਲਕ ਕੈਲੇਫੋਰਨੀਆਂ ਦੀ ਸੈਂਟਰਲ ਵੈਲੀ ਨੂੰ ਸਿਜਦਾ ਕਰਦਿਆ ਕਿਹਾ ਕਿ ਉਹ ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ ਨੂੰ ਇਥੇ ਆਪਣੇ ਹਮਵਤਨ ਭਾਰਤੀਆ ਨੂੰ ਆਜ਼ਾਦੀ ਲਈ ਪ੍ਰੇਰਤ ਕਰਦੇ ਦੇਖ ਮਾਣ ਮਹਿਸੂਸ ਕਰਦੀ ਹੈ। ਉਨਾਂ ਕਿਹਾ ਕਿ ਜਦੋਂ ਇਤਿਹਾਸ ਲਿਖਿਆ ਜਾਂਦਾਂ ਹੈ ਤਾਂ ਇਹ ਜਰੂਰੀ ਨਹੀਂ ਉਨ ਸ਼ਹੀਦਾ ਨੂੰ ਬਣਦਾ ਥਾਂ ਦੇਵੇ, ਪਰ ਜਦੋਂ ਲੋਕ ਸ਼ਹੀਦਾਂ ਨੂੰ ਪਛਾਣ ਲੈਣ ਤਾਂ ਆਪਣੀਆਂ ਜਾਨਾ ਤੱਕ ਵਾਰਨ ਲਈ ਤਿਆਰ ਹੋ ਜਾਂਦੇ ਹਨ। ਗਦਰੀ ਸ਼ਹੀਦ ਇਹੋ ਜਿਹੇ ਸ਼ਹੀਦ ਸਨ ਜਿਨਾਂ ਨੂੰ ਭਾਰਤੀਆਂ ਦਾ ਕਤਲੇਆਮ ਕਰਨ ਵਾਲੇ ਜਨਰਲ ਡਾਇਰ ਨੇ ਵੀ ਆਪਣੀਆਂ ਲਿਖਤਾਂ ਵਿਚ 'ਅਜਿਤ' ਮੰਨਿਆ ਹੈ। ਗਦਰੀ ਸ਼ਹੀਦਾ ਨੇ ਮੁਆਫੀਨਾਮੇ ਲਿਖ ਕੇ ਆਪਣੀਆਂ ਜਾਨਾ ਬਖਸਾਉਣ ਦੀ ਬਿਜਾਏ ਹੱਸ ਕੇ ਫਾਂਸੀਆਂ ਤੇ ਚੜਨਾ ਕਬੂਲਿਆਂ। ਡਾ ਹਰਸ਼ਿੰਦਰ ਕੌਰ ਨੇ ਆਜ਼ਾਦੀ ਦੀ ਲੜਾਈ ਵਿਚ ਇਸਤਰੀਆਂ ਨੂੰ ਬਣਦਾ ਥਾਂ ਮੰਗਦਿਆ ਕਿਹਾ ਕਿ ਗਦਰੀ ਜੋ ਬਦੇਸ਼ਾ ਵਿਚੋਂ ਅਤੇ ਭਾਰਤ ਚੋ ਉਠੇ ਤੇ ਸ਼ਹੀਦ ਹੋਏ ਜਾਂ ਕੈਦ ਹੋਏ ਉਨਾਂ ਦੇ ਪਰਿਵਾਰਾ ਨੇ ਕੀ ਕੀ ਤਕਲੀਫਾ ਝੱਲੀਆਂ। ਉਹ ਸੰਤਾਪ ਉਨਾਂ ਦੀਆਂ ਮਾਵਾਂ ਬੀਵੀਆਂ ਅਤੇ ਬੱਚਿਆ ਵਲੋਂ ਸਾਰੀ ਉਮਰ ਝੱਲਿਆ ਜਦੋਂ ਕਿ ਉਨਾਂ ਦੀਆਂ ਜਾਇਦਾਦਾਂ ਅਤੇ ਘਰ ਬਾਹਰ ਵੀ ਹਾਕਮ ਸਰਕਾਰਾਂ ਵਲੋਂ ਕੁਰਕ ਕਰਕੇ ਨਿਲਾਮ ਕਰ ਦਿਤੇ ਗਏ। ਉਨਾਂ ਪੰਜਾਬੀਆ ਨੂੰ ਗਦਰ ਪਾਰਟੀ ਦੀ ਮਿਸ਼ਾਲ ਦਿੰਦਿਆ ਕਿਹਾ ਕਿ ਪੰਜਾਬੀਓ ਤੁਸੀ ਸਭ ਕੁਝ ਕਰ ਸਕਦੇ ਹੋ। ਅੱਜ ਇਹ ਦਿਖਾ ਦਿਓ ਕਿ ਤੁਸੀ ਬਰਬਾਦ ਹੋ ਰਹੀ ਆਪਣੀ ਮਾਂ ਧਰਤੀ ਨੂੰ ਬਚਾਅ ਸਕਦੇ ਹੋ।ਅੱਜ ਫਿਰ ਇਸ ਧਰਤੀ ਤੋਂ ਉਠ ਕਿ ਆਪਣੇ ਮਾਂ ਧਰਤੀ ਨੂੰ ਬਚਾਉਣ ਲਈ ਅੱਗੇ ਆਉ। ਉਨਾਂ ਇਕ ਬਹੁਤ ਹੀ ਭਾਵਪੂਰਤ ਕਵਿਤਾ ਪੜ ਕੇ ਸਭ ਕੀ ਕੀਲ ਦਿਤਾ। ਉਨਾਂ ਪੰਜਾਬ ਵਿਚ ਯਤੀਮ ਹੋ ਚੁਕੀਆਂ 372 ਧੀਆਂ ਨੂੰ ਪੜਾਉਣ ਵਾਲੇ ਆਪਣੇ 'ਹਰਸ਼ ਟਰਸਟ' ਲਈ ਖੁਲੇ ਦਿਲ ਨਾਲ ਸੇਵਾਵਾਂ ਅਰਪਨ ਕਰਨ ਲਈ ਕਿਹਾ।ਉਨਾਂ ਦੀ ਇਸ ਅਪੀਲ ਦਾ ਸਮੂਹ ਸਰੋਤਿਆ ਵਲੋਂ ਭਰਪੂਰ ਹੁੰਗਾਰਾ ਮਿਲਿਆ। ਹੇਅਰ ਮੀਡੀਆ ਗਰੁਪ ਦੇ ਸਿਮਰਨ ਹੇਅਰ ਵਲੋਂ ਤਿਆਰ ਕਰਵਾਈਆਂ ਛੋਟੀਆਂ ਬੱਚੀਆਂ ਨੇ ਬਹੁਤ ਸ਼ਾਨਦਾਰ ਗਿੱਧਾ ਪੇਸ਼ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿਤਾ। ਇਨਾਂ ਬੱਚੀਆਂ ਤੇ ਕੋਚਾ ਨੂੰ ਟਰਾਫੀਆ ਦੇ ਕੇ ਸਨਮਾਨਿਆਂ ਗਿਆ। ਜੀ. ਐਚ. ਜੀ. ਸੰਗੀਤ ਅਤੇ ਡਾਂਸ ਅਕੈਡਮੀ ਦੀ ਭੰਗੜਾ ਟੀਮ ਨੇ ਆਪਣੇ ਪੇਸ਼ਕਾਰੀ ਨਾਲ ਅਸ਼ ਅਸ਼ ਕਰਵਾ ਦਿਤੀ। ਪੰਜਾਬੀ ਦੇ ਪ੍ਰਸਿਧ ਲੇਖਕ, ਖੋਜਕਾਰ ਤੇ ਸਾਇੰਸਦਾਨ ਪ੍ਰੋ ਗੁਰਮੇਲ ਸਿੰਘ ਸਿੱਧੂ ਵਲੋਂ ਸੰਪਾਦਿਤ ਕਿਤਾਬ 'ਭਾਈ ਭਗਵਾਨ ਸਿੰਘ ਪਰੀਤਮ ਦੀ ਸਮੁੱਚੀ ਕਵਿਤਾ' ਸਟੇਜ ਤੋਂ ਬੀਬੀ ਹਰਸ਼ਿੰਦਰ ਕੌਰ ਵਲੋਂ ਰਲੀਜ ਕੀਤੀ ਗਈ।ਇਸ ਕਿਤਾਬ ਦਾ ਖਰੜਾ ਭਾਈ ਭਗਵਾਨ ਸਿੰਘ ਦੇ ਦੋਹਤਰੇ ਸਰਿੰਦਰਪਾਲ ਸਿੰਘ ਵਲੋਂ ਸਾਂਭਿਆ ਹੋਇਆ ਸੀ। ਇਸ ਸਮੇ ਹਰਸ਼ਿੰਦਰ ਕੌਰ ਹੋਣਾ ਦੀ ਇਕ ਕਿਤਾਬ 'ਸਵਾਲ ਮਾਪਿਆ ਦੇ ਜਵਾਬ ਡਾ ਹਰਸ਼ਿੰਦਰ ਕੌਰ ਦੇ' ਵੀ ਰਲੀਜ ਕੀਤੀ ਗਈ।

ਹਰਮਨ ਪਿਆਰੇ ਗਾਇਕ ਜੀਤਾ ਗਿੱਲ ਨੇ ਦੇਸ਼ ਭਗਤੀ ਦੇ ਤਿੰਨ ਗੀਤ ਗਾਏ ਅਤੇ ਉਨਾਂ ਦੀ ਸੁਰੀਲੀ ਬਲੰਦ ਆਵਾਜ ਨੇ ਲੋਕਾਂ ਨੂੰ ਇਕ ਵਾਰ ਫੇਰ ਸਟੇਜ ਨਾਲ ਜੋੜ ਲਿਆ। ਪੱਪੀ ਭਦੌੜ ਨੇ ਵੀ ਇਕ ਸ਼ਾਨਦਾਰ ਗੀਤ ਗਾਇਆ। ਸਕੂਲਾਂ ਕਾਲਜਾਂ ਦੇ 4.0 ਗਰੇਡ ਜਾਂ ਇਸ ਤੋਂ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਦੀ ਤਰਾਂ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਕਮਲਜੀਤ ਬੈਨੀਪਾਲ ਨੇ ਪੰਜਾਬ ਦੀ ਯਾਦ ਕਰਵਾਉਦਾ ਇਕ ਗੀਤ ਗਾਇਆ। ਅਖੀਰ ਵਿਚ ਰਾਜ ਬਰਾੜ ਨੇ ਇਕ ਹੋਰ ਗੀਤ ਗਾ ਕੇ ਪਰੋਗਰਾਮ ਦੀ ਸੁਰੀਲੀ ਸਮਾਪਤੀ ਕੀਤੀ। ਚਾਹ ਪਕੌੜਿਆ ਅਤੇ ਸਮੋਸਿਆਂ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ। ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾ ਦੀ ਪਰਦਰਸ਼ਨੀ ਦੀ ਵੀ ਲੋਕਾਂ ਨੇ ਖੂਬ ਸ਼ਲਾਘਾ ਕੀਤੀ। ਅਜੀਤ ਸਿੰਘ ਗਿੱਲ ਤੇ ਮੋਗਾ ਵਿਡਿਓ ਦੀ ਸਮੁਚੀ ਟੀਮ, ਹੇਅਰ ਮੀਡੀਆ ਦੇ ਕੁਲਵੀਰ ਸਿੰਘ ਹੇਅਰ ਅਤੇ ਏ ਬੀ 24 ਟੀਵੀ ਦੇ ਸੰਜੀਵ ਭਾਰਦਵਾਜ ਨੇ ਇਸ ਪ੍ਰੋਗਰਾਮ ਨੂੰ ਕੈਮਰਾਬੰਦ ਕਰਨ ਦੀ ਜੁੰਮੇਵਾਰੀ ਬਾਖੂਬੀ ਨਿਭਾਈ। ਫੋਰਮ ਦੇ ਪਰਧਾਨ ਗੁਰਦੀਪ ਸਿੰਘ ਗਿੱਲ ਦੇ ਸਮੂ ਭਾਈਚਾਰੇ ਦਾ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

**(ਹੋਰ ਤਸਵੀਰਾਂ ਦੇਖੋ ਸਫਾ 23 'ਤੇ)**

# ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ 18 ਵਾਂ ਸਲਾਨਾ ਮੇਲਾ ਫਰਿਜਨੋ ਵਿਚ ਸੰਪੰਨ

























# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532



# L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables







ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਏਗਾ ਯਕੀਨੀ

DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੇ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

GLOBAL SOLUTION FOR TRANSPORTATION
(A PAPERLESS SOLUTION FOR TRUCKING)

RAJINDER SINGH LAKHVIR SINGH

email: info@etruckingsolution.com • www.etruckingsolution.com



# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222



Prop: Jasbir Singh Takhar
510-755-2132

1421 Industrial PKWY West#F Hay-ward, CA 94544

Harmandeep Singh

# ਬ੍ਰਹਮਗਿਆਨੀ ਸ਼੍ਰੀਮਾਨ 108 ਸੰਤ ਹਰੀ ਸਿੰਘ ਜੀ ਖਾਲਸਾ 'ਸਨੌਰ ਵਾਲੇ' ਹੋਏ ਬ੍ਰਹਮਲੀਨ

**ਸ਼ਾਮਚੁਰਾਸੀ (ਚੁੰਬਰ)**- ਪਰਮ ਪੂਜਨੀਕ ਬ੍ਰਹਮਗਿਆਨੀ ਸ਼੍ਰੀਮਾਨ 108 ਸੰਤ ਹਰੀ ਸਿੰਘ ਜੀ ਖਾਲਸਾ ਸਨੌਰ ਵਾਲੇ ਬੀਤੀ 16 ਮਾਰਚ ਨੂੰ ਬ੍ਰਹਮਲੀਨ ਹੋ ਗਏ ਸਨ। ਜਿੰਨ੍ਹਾਂ ਦੀ ਅੰਤਿਮ ਅਰਦਾਸ ਦੇ ਨਮਿੱਤ ਪਵਿੱਤਰ ਬਾਣੀ ਜਾਪਾਂ ਦੇ ਭੋਗ 25 ਮਾਰਚ ਨੂੰ ਦੁਪਿਹਰ 12 ਵਜੇ ਤੋਂ 2 ਵਜੇ ਤੱਕ ਗੁਰਦੁਆਰਾ ਹਰਿ ਸੰਗਤ ਸਾਹਿਬ ਸਨੌਰ ਨੇੜੇ ਪਟਿਆਲਾ ਵਿਖੇ ਪਾਏ ਗਏ। ਸੰਤ ਹਰੀ ਸਿੰਘ ਜੀ ਖਾਲਸਾ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਸੰਤ ਬਾਣੇ ਵਿਚ ਨਾਮਜਦ ਕੀਤਾ। ਜਿੰਨ੍ਹਾਂ ਨੇ ਆਪਣਾ ਸਾਰਾ ਜੀਵਨ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਚਰਨ ਸ਼ਰਨ ਵਿਚ ਬਿਤਾਉਂਦਿਆਂ ਸੈਂਕੜੇ ਪ੍ਰਾਣੀਆਂ ਨੂੰ ਗੁਰੂ ਪਾਤਸ਼ਾਹ ਦੇ ਲੜ ਲਾਇਆ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਅਕਾਲ ਪੁਰਖ ਦੇ ਨਾਮ ਨਾਲ ਜੋੜਿਆ। ਸੰਤ ਹਰੀ ਸਿੰਘ ਜੀ ਖਾਲਸਾ ਦੇ ਜੀਵਨ ਪੰਧ ਅੰਦਰ ਉਨ੍ਹਾਂ ਨੇ ਨਾਮ ਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ ਅਤੇ ਸੰਗਤ ਨੂੰ ਸੱਚੀ ਸੁੱਚੀ ਕਿਰਤ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਫੌਜ ਦੀ ਨੌਕਰੀ ਦੌਰਾਨ ਵੀ ਆਪਣਾ ਧਿਆਨ ਪ੍ਰਭੂ ਪ੍ਰਮੇਸ਼ਵਰ ਦੇ ਚਰਨਾਂ ਨਾਲ ਜੋੜ ਕੇ ਰੱਖਿਆ ਅਤੇ ਗੁਰੂ ਘਰ ਦੀਆਂ ਨਿਰੰਤਰ ਸੇਵਾਵਾਂ ਕੀਤੀਆਂ। ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੇ ਮਹਾਪੁਰਸ਼ਾਂ ਦੀ ਗਿਆਨ ਗੁੜਤੀ ਲਈ ਅਤੇ ਆਪਣਾ ਆਪ ਮੁਕੰਮਲ ਰੂਪ ਵਿਚ ਗੁਰੂ ਸਾਹਿਬਾਨ ਨੂੰ ਅਰਪਿਤ ਕਰ ਦਿੱਤਾ। ਇਸ ਦੌਰਾਨ ਹੀ ਉਨ੍ਹਾਂ ਨੇ ਸਨੌਰ ਵਿਖੇ ਗੁਰਦੁਆਰਾ ਹਰਿ ਸੰਗਤ ਸਾਹਿਬ ਦੀ ਸਥਾਪਨਾ ਕੀਤੀ ਜਿਸ



ਵਿਚ ਸੈਂਕੜੇ ਸੰਗਤਾਂ ਦਾ ਸਹਿਯੋਗ ਸੇਵਾ ਪੁਆਇਆ ਅਤੇ ਇੱਥੇ ਸੁੰਦਰ ਗੁਰੂ ਸਾਹਿਬ ਦੇ ਮਹਿਲ ਉਸਾਰੇ। ਜਿੱਥੇ ਸਵੇਰੇ ਸ਼ਾਮ ਉਨ੍ਹਾਂ ਗੁਰਬਾਣੀ ਦੇ ਜਾਪ ਕੀਤੇ ਅਤੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਉਪਦੇਸ਼ ਦੇ ਕੇ ਉਨ੍ਹਾਂ ਦਾ ਭਲਾ ਕੀਤਾ। ਇਸ ਤੋਂ ਇਲਾਵਾ ਸੰਤ ਹਰੀ ਸਿੰਘ ਜੀ ਖਾਲਸਾ ਨੇ ਬੱਚਿਆਂ ਅੰਦਰ ਬਾਣੀ ਦੀ ਚੇਤਨਾ, ਗੁਰੂ ਸਿੱਖੀ ਦਾ ਦਾਤ, ਕੀਰਤਨ ਗਾਇਨ ਦੀ ਪ੍ਰਤਿਭਾ ਅਤੇ ਅਨੇਕਾਂ ਸਮਾਜ ਸੇਵੀ ਕਾਰਜ, ਵੱਖ-ਵੱਖ ਮੈਡੀਕਲ ਅਤੇ ਆਯੂਰਵੈਦਿਕ ਕੈਂਪ ਲਗਾ ਕੇ ਆਪਣਾ ਵਡਮੁੱਲਾ ਯੋਗਦਾਨ ਪਾਇਆ। ਸੰਤ ਹਰੀ ਸਿੰਘ ਖਾਲਸਾ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਸਿੱਖੀ ਮਰਿਯਾਦਾ ਵਿਚ ਢਾਲ੍ਹਿਆ ਅਤੇ ਸਰਬ ਸੰਗਤ ਨੂੰ ਸਤਿਨਾਮ ਵਾਹਿਗੁਰੂ ਦੇ ਨਾਮ ਦੀ ਮਹਾਨਤਾ ਨਾਲ ਜੋੜਿਆ।

ਗੁਰਦੁਆਰਾ ਹਰਿ ਸੰਗਤ ਸਾਹਿਬ ਵਿਚ ਉਨ੍ਹਾਂ ਵਲੋਂ ਵਿਸਾਖੀ ਦੇ ਮਹਾਨ ਸਮਾਗਮ ਹਰ ਸਾਲ ਰਚਾਏ ਜਾਂਦੇ, ਜਿਸ ਵਿਚ ਦੇਸ਼ ਵਿਦੇਸ਼ ਦੀਆਂ ਅਣਗਿਣਤ ਸੰਗਤਾਂ ਸ਼ਮੂਲੀਅਤ ਕਰਦੀਆਂ। ਉਨ੍ਹਾਂ ਦੇ ਬ੍ਰਹਮਲੀਨ ਹੋਣ ਤੇ ਸੰਗਤਾਂ ਅਸਿਹ ਅਤੇ ਅਕਿਹ ਸੋਗ ਵਿਚ ਹਨ। ਅੱਜ ਉਨ੍ਹਾਂ ਨੂੰ ਸੈਂਕੜੇ ਸੰਗਤਾਂ ਦੇਸ਼ ਵਿਦੇਸ਼ ਤੋਂ ਸ਼ਰਧਾ ਦੇ ਫੁੱਲ ਅਰਪਿਤ ਕਰਨ ਲਈ ਗੁਰਦੁਆਰਾ ਹਰਿ ਸੰਗਤ ਸਾਹਿਬ ਸਨੌਰ ਵਿਖੇ ਪਹੁੰਚ ਰਹੀਆਂ ਹਨ। ਅਸੀਂ ਵੀ ਆਪਣੇ ਵਲੋਂ ਉਨ੍ਹਾਂ ਨੂੰ ਦਿਲੀਂ ਸ਼ਰਧਾ ਦੇ ਫੁੱਲ ਅਰਪਿਤ ਕਰਦੇ ਹਾਂ।

# 'ਮੇਰੇ ਹਿਰਦੇ ਨਾਨਕ ਵੱਸਦਾ, ਨੈਣਾਂ ਵਿਚ ਨਨਕਾਣਾ' ਗੀਤ ਨੇ ਦਿੱਤੀ ਵੱਖਰੀ ਪਹਿਚਾਣ- ਕਾਜਲ ਧੂਤਾਂ ਵਾਲਾ

**ਸ਼ਾਮਚੁਰਾਸੀ (ਚੁੰਬਰ)**- ਪੰਜਾਬੀ ਗੀਤਕਾਰੀ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਪਹਿਲੀ ਲਿਸਟ ਵਿਚ ਆਪਣਾ ਨਾਮ ਦਰਜ ਕਰਵਾਉਣ ਵਾਲਾ ਪ੍ਰਸਿੱਧ ਗੀਤਕਾਰ ਹੈ ਕਾਜਲ ਧੂਤਾਂ ਵਾਲਾ, ਜੋ ਭਾਵੇਂ ਅੱਜਕਲ ਵਿਦੇਸ਼ ਦੀ ਧਰਤੀ ਸਪੇਨ (ਯੌਰਪ) ਵਿਖੇ ਰਹਿ ਰਿਹਾ ਹੈ ਪਰ ਉਸ ਦਾ ਦਿਲ ਆਪਣਾ ਪੰਜਾਬੀ ਹੋਣ ਦਾ ਦਾਅਵਾ ਹਰ ਵਕਤ ਲੋਕ ਕਚਿਹਰੀ ਵਿਚ ਕਰਦਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਖੇਤਰ ਨੇੜੇ ਪਿੰਡ ਧੂਤ ਕਲਾਂ ਵਿਚ ਪਿਤਾ ਗੁਰਦਾਸ ਜੀ ਅਤੇ ਮਾਤਾ ਨਸੀਬ ਕੌਰ ਗ੍ਰਹਿ ਵਿਚ ਹਰਮੇਲ ਸਿੰਘ ਨੇ ਜਨਮ ਲਿਆ, ਜੋ ਗੀਤਕਾਰੀ ਦੀ ਕਲਮ ਫੜ ਕੇ ਕਾਜਲ ਧੂਤਾਂ ਵਾਲਾ ਦੇ ਨਾਮ ਨਾਲ ਪੰਜਾਬੀਆਂ ਵਿਚ ਪ੍ਰਵਾਨ ਹੋਇਆ। ਵਿਦੇਸ਼ ਤੋਂ ਹਾਲ ਵਿਚ ਪਰਤੇ ਕਾਜਲ ਧੂਤਾਂ ਵਾਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਨੂੰ ਸ਼੍ਰੋਮਣੀ ਕਵੀ ਸ. ਚਰਨ ਸਿੰਘ ਸਫ਼ਰੀ ਵਰਗੇ ਮਹਾਨ ਉਸਤਾਦ ਮਿਲੇ, ਜਿੰਨ੍ਹਾਂ ਨੇ ਉਸ ਦੀ ਕਲਮ ਨੂੰ ਐਸਾ ਦਮ ਅਤੇ ਬੱਲ ਬਖਸ਼ਿਆ ਕਿ ਉਨ੍ਹਾਂ ਨੇ ਗੀਤਕਾਰੀ ਦੀ ਹਰ ਵੰਨਗੀ ਨੂੰ ਆਪਣੀ ਕਲਮ ਵਿਚ ਢਾਲ੍ਹਿਆ। ਉਸ ਦੇ ਲਿਖੇ ਗੀਤਾਂ ਵਿਚ ਸੁਖਜਿੰਦਰ ਸ਼ਿੰਦਾ ਜੀ ਦਾ ਗਾਇਆ 'ਮੇਰੇ ਹਿਰਦੇ ਨਾਨਕ ਵੱਸਦਾ, ਨੈਣਾਂ ਵਿਚ ਨਨਕਾਣਾ' ਧਾਰਿਮਕ ਖੇਤਰ ਵਿਚ ਵਿਲੱਖਣ ਹੋ ਨਿਬੜਿਆ। 'ਚਰਖਾ



ਰੋਂਦਾ ਦੇਖਿਆ ਮੈਂ ਮੁਟਿਆਰ ਬਿਨਾ' ਜਿਸ ਨੂੰ ਮਨਜੀਤ ਪੱਪੂ ਨੇ ਗਾਇਆ ਵੀ ਸਰੋਤਿਆਂ ਵਲੋਂ ਪ੍ਰਵਾਨ ਕੀਤਾ ਗਿਆ। ਜੈਜੀ ਬੀ ਨੇ 'ਸੀਸ ਦੀ ਭੇਟ ਚੜ੍ਹਾਵੇ' ਉਸ ਦਾ ਲਿਖਿਆ ਗੀਤ ਰਿਕਾਰਡ ਕੀਤਾ। ਹਰਵਿੰਦਰ ਟਾਂਡੀ ਨੇ ਉਸ ਦੇ ਕੋਈ 40 ਦੇ ਕਰੀਬ ਗੀਤ ਰਿਕਾਰਡ ਕੀਤੇ। ਜਿਸ ਵਿਚ 'ਨੱਚਦੀ ਦੀ ਫਿਲਮ' ਅਤੇ 'ਕੱਚੀ ਕੰਧ ਉਤੇ ਕਾਂ ਬੋਲਦਾ' ਆਦਿ ਜ਼ਿਕਰਯੋਗ ਹਨ। ਇਸ ਤੋਂ ਇਲਾਵਾ 'ਮਿੱਤਰਾਂ ਦੇ ਨਾਲ ਨੱਚ ਲੈ' ਕੁਲਦੀਪ ਚੁੰਬਰ ਦਾ ਗਾਇਆ ਟਾਇਟਲ ਵੀ ਇਸ ਕਲਮ ਦਾ ਲਿਖਿਆ ਹੋਇਆ ਸੀ। ਕਾਜਲ ਧੂਤਾਂ ਵਾਲਾ ਨੇ ਅਨੇਕਾਂ ਦੋਗਾਣੇ ਰਸ਼ਪਾਲ ਰਸੀਲਾ, ਮੋਹਣੀ ਰਸੀਲਾ, ਹਰਪਾਲ ਠੱਠੇਵਾਲ, ਗੁਲਸ਼ਨ ਕੋਮਲ ਨੇ ਗਾਏ ਅਤੇ ਹੋਰ ਗਾਇਕਾਂ ਵਿਚ ਸੁੰਮਨ ਭੱਟੀ, ਪਲਵਿੰਦਰ ਚੀਮਾ, ਮਲਕੀਤ ਬੁੱਲਾ ਦੇ ਨਾਮ ਦਰਜ ਹਨ।

ਉਸ ਦੀ ਗੀਤਕਾਰੀ ਖੇਤਰ ਵਿਚ ਉਹ ਗੀਤਕਾਰ ਸੁਖਜੀਤ ਝਾਂਸ ਅਤੇ ਹਰਵਿੰਦਰ ਓਹੜਪੁਰੀ ਦੇ ਮਿਲੇ ਸਹਿਯੋਗ ਦਾ ਧੰਨਵਾਦੀ ਹੈ। ਕਾਜਲ ਆਪਣੀ ਪਤਨੀ ਜਸਵੀਰ, ਬੇਟੇ ਰਮਨ ਸਿੰਘ ਅਤੇ ਰਾਜਵੀਰ ਸਿੰਘ ਨਾਲ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਹੈ। ਦੁਆ ਕਰਦੇ ਹਾਂ ਇਹ ਕਲਮ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ।

# ਗੀਤਕਾਰ ਰੱਤੂ ਰੰਧਾਵਾ ਵਤਨ ਪਰਤੇ



**ਸ਼ਾਮਚੁਰਾਸੀ (ਚੁੰਬਰ)** - ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਆਪਣੇ ਆਸਟ੍ਰੇਲੀਆ ਟੂਰ ਤੋਂ ਵਾਪਿਸ ਵਤਨ ਪਰਤ ਆਏ ਹਨ। ਇਸ ਮੌਕੇ ਉਨ੍ਹਾਂ ਵਿਸ਼ੇਸ਼ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਟੂਰ ਦੌਰਾਨ ਉਨ੍ਹਾਂ ਮੈਲਬੋਰਨ, ਬ੍ਰਿਸਬੇਨ, ਸਿਡਨੀ ਸਮੇਤ ਕਈ ਹੋਰ ਸ਼ਹਿਰਾਂ ਦੀਆਂ ਸ਼੍ਰੀ ਗੁਰੂ ਰਵਿਦਾਸ ਸਭਾਵਾਂ, ਡਾ. ਅੰਬੇਡਕਰ ਸਭਾਵਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬੀਆਂ ਵਲੋਂ ਉਨ੍ਹਾਂ ਨੂੰ ਇਸ ਟੂਰ ਦੌਰਾਨ ਬਹੁਤ ਹੀ ਸਤਿਕਾਰ ਦਿੱਤਾ ਗਿਆ। ਜਿਸ ਲਈ ਉਹ ਸਭ ਪੰਜਾਬੀਆਂ ਤੇ ਮਿਸ਼ਨਰੀ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੌਕੇ ਉਨ੍ਹਾਂ ਦੀ ਕਈ ਸਭਾਵਾਂ ਵਲੋਂ 'ਮੋਢੀ ਇਨਕਲਾਬ ਦਾ' ਕਿਤਾਬ ਵੀ ਰਿਲੀਜ਼ ਕੀਤੀ ਗਈ।

# ਸਰਕਾਰੀ ਮਿਡਲ ਸਕੂਲ ਜੌਲੀਆਂ ਵਿਖੇ ਇਨਾਮ ਵੰਡ ਸਮਾਗਮ

**ਸੰਗਰੂਰ**- ਬਲਾਕ ਸੰਗਰੂਰ-2 ਐਂਟ ਭਵਾਨੀਗੜ ਅਧੀਨ ਪੈਂਦੇ ਸਮਿਸ ਜੌਲੀਆਂ ਵਿਖੇ ਇਨਾਮ ਵੰਡ ਸਮਾਰੋਹ ਸਕੂਲ ਮੁਖੀ ਜੈ ਭਗਵਾਨ ਬਾਤਿਸ਼ ਦੀ ਅਗਵਾਈ ਹੇਠ ਕਰਵਾਇਆ ਗਿਆ।ਜਿਸ ਵਿੱਚ ਰਾਕੇਸ਼ ਕੁਮਾਰ ਗਰਗ (ਡੀ ਅੰਗਰੇਜ਼ੀ) ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ।ਮੈਡਮ ਨੀਤਾ ਹਿੰਦੀ ਮਿਸਟ੍ਰੈਸ ਵੱਲੋਂ ਸਟੇਜ਼ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ ਗਈ।ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਚਮਨਦੀਪ ਸ਼ਰਮਾ, ਬਲਾਕ ਮੈੱਟਰ ਅੰਗਰੇਜ਼ੀ/ਸਮਾਜਿਕ ਵਿਗਿਆਨ ਨੇ ਦੱਸਿਆ ਕਿ ਇਸ ਮੌਕੇ ਤੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਦੌਰਾਨ ਵੱਖ ਵੱਖ ਵਿਸ਼ੇ ਜਿਵੇਂ ਮੈਥ, ਸਾਇੰਸ,



ਸਮਾਜਿਕ, ਅੰਗਰੇਜ਼ੀ ਆਦਿ ਨੂੰ ਕਿਰਿਆਵਾਂ ਦੁਆਰਾ ਪੜਾਉਂਣ ਲਈ ਛੋਟੇ ਛੋਟੇ ਪ੍ਰਭਾਵਸ਼ਾਲੀ ਨਾਟਕ ਕੀਤੇ ਗਏ। ਬੱਚਿਆਂ ਨੂੰ ਅੰਗਰੇਜ਼ੀ ਵਿੱਚ ਪਲੇ ਕਰਦੇ ਵੇਖ ਦਰਸਕਾਂ ਦੇ ਪੈਰਾਂ ਥੱਲਿਓ ਜਮੀਨ ਨਿਕਲ ਗਈ।ਵਿਦਿਆਰਥੀਆਂ ਵੱਲੋਂ ਸੋਲੋ ਡਾਂਸ, ਗਰੁੱਪ ਡਾਂਸ, ਭਾਸ਼ਣ, ਕੋਰਿਓਗ੍ਰਾਫੀ, ਗਿੱਧਾ, ਭੰਗੜਾ ਆਦਿ ਦੀ ਪੇਸਕਾਰੀ ਵੀ ਕੀਤੀ ਗਈ।ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਂਣ ਵਾਲੇ ਬੱਚਿਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਤਕਸੀਮ ਕੀਤੇ ਗਏ।ਇਸ ਮੌਕੇ ਤੇ ਸਰਪੰਚ ਬਲਜੀਤ ਸਿੰਘ, ਕੁਲਦੀਪ ਸਿੰਘ, ਕੁਲਵੰਤ ਸਿੰਘ, ਹਰਵਿੰਦਰ ਸਿੰਘ, ਚਮਨਦੀਪ ਸ਼ਰਮਾ, ਜਗਜੀਤ ਸਿੰਘ, ਮੇਜਰ ਸਿੰਘ, ਰਾਮ ਈਸ਼ਵਰ, ਆਦਿ ਵਿਸ਼ੇਸ ਤੌਰ ਤੇ ਹਾਜ਼ਰ ਸਨ।ਮੈਡਮ ਨੀਤਾ ਰਾਣੀ ਨੂੰ ਇਸ ਸਮੁੱਚੇ ਸਮਾਗਮ ਦੀ ਤਿਆਰੀ ਕਰਵਾਉਂਣ ਦੇ ਲਈ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਮੁਖੀ ਵੱਲੋਂ ਪਿੰਡ ਵਾਸੀਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਦੇ ਵਿੱਚ ਦਾਖਲ ਕਰਵਾਉਣ ਦੇ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਵੱਲੋਂ ਸਰਕਾਰ ਵੱਲੋਂ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। **ਰਿਪੋਰਟ - ਚਮਨਦੀਪ ਸ਼ਰਮਾ (95010-33005)**

# ਪ੍ਰਾਇਮਰੀ ਅਤੇ ਹਾਈ ਸਕੂਲ ''ਚ 87 ਬਟਾਲੀਅਨ ਨੇ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ

**ਭਿੱਖੀਵਿੰਡ (ਭੁਪਿੰਦਰ ਸਿੰਘ)**- ਬਾਰਡਰ ਦੀ ਗੋਦ ਵਿਚ ਵੱਸੇ ਪਿੰਡ ਵਾਂ ਤਾਰਾ ਸਿੰਘ ਦੇ ਪ੍ਰਾਇਮਰੀ ਅਤੇ ਹਾਈ ਸੈਕੰਡਰੀ ਸਕੂਲ ਵਿਖੇ ਬੀ. ਐੱਸ. ਐੱਫ ਦੀ 87 ਬਟਾਲੀਅਨ ਵਲੋਂ ਜਲਕਲਿਆਨ ਯੋਜਨਾ ਤਹਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਦਾ ਉਦਘਾਟਨ




ਕਮਾਂਡੈਂਟ ਰਾਕੇਸ਼ ਰਾਜਧਾਨ ਤੇ ਸਰਪੰਚ ਦੇਸਾ ਸਿੰਘ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਮਾਂਡੈਂਟ ਰਾਕੇਸ਼ ਰਾਜਧਾਨ ਨੇ ਬੱਚਿਆ ਨੂੰ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੰਦਿਆ ਹੋਇਆ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਸ਼੍ਰੀ ਰਾਜਧਾਨ ਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨਾਲ ਦੋਸਤਾਂ ਮਿੱਤਰਾਂ ਵਾਂਗ ਵਰਤਾਓਕਰਨ ਤਾਂ ਕਿ ਬੱਚੇ ਸਕੂਲ ਦੀ ਹਰੇਕ ਗੱਲ ਆਪਣੇ ਮਾਤਾ-ਪਿਤਾ ਨਾਲ ਸਾਂਝੀ ਕਰ ਸਕਣ। ਇਸ ਉਪਰੰਤ ਬੀ. ਐੱਸ. ਐੱਫ ਦੇ ਕਮਾਂਡੈਂਟ ਰਾਕੇਸ਼ ਰਾਜਧਾਨ ਵਲੋਂ ਸਕੂਲੀ ਬੱਚਿਆਂ ਨੂੰਸਟੇਸ਼ਨਰੀ ਜਿਵੇਂ ਸਕੂਲੀ ਬੈਗ, ਕਾਪੀਆ, ਪੈਨਸਿਲਾਂ, ਪੈੱਨ ਅਤੇ ਖੇਡਾਂ ਦਾ ਸਮਾਨ ਵੰਡਿਆ ਅਤੇ ਸਕੂਲਾਂ ਲਈ ਫਰਨੀਚਰ ਦਾ ਸਾਮਾਨ ਵੀ ਦਿੱਤਾ ਗਿਆ। ਇਸ ਮੌਕੇ ਸਰਪੰਚ ਦੇਸਾਸਿੰਘ ਵਲੋਂ ਬੀ. ਐੱਸ. ਐੱਫ ਦੇ ਕਮਾਡੈਂਟ ਰਾਕੁਸ਼ ਰਾਜਧਾਨ ਦਾ ਤਹਿ ਦਿਲੋਂ ਧੰਨਵਾਧ ਕੀਤਾ। ਇਸ ਮੌਕੇ ਬੀ. ਐੱਸ. ਐੱਫ ਦੇ ਜਵਾਨ ਅਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ ।

# ਵਿੱਕੀ ਮੋਰਾਂਵਾਲੀਆ ਦਾ ਟਰੈਕ 'ਮਾਪੇ' ਪ੍ਰਸੰਸਕਾਂ ਦੀ ਬਣਿਆ ਪਹਿਲੀ ਪਸੰਦ

**ਸ਼ਾਮਚੁਰਾਸੀ (ਚੁੰਬਰ)** - ਪ੍ਰਸਿੱਧ ਗਾਇਕ ਕੰਠ ਕਲੇਰ ਦੇ ਲਾਡਲੇ ਸ਼ਗਿਰਦ ਗਾਇਕ ਵਿੱਕੀ ਮੋਰਾਂਵਾਲੀਆ ਇਕ ਸਿੰਗਲ ਟਰੈਕ 'ਮਾਪੇ' ਟਾਇਟਲ ਹੇਠ ਲੈ ਕੇ ਸਰੋਤਿਆਂ ਦੀ ਕਚਿਹਰੀ ਵਿਚ ਉਤਰਿਆ ਹੈ। ਜੋ ਸਾਰੇ ਪੰਜਾਬੀਆਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ। ਇਸ ਸਬੰਧੀ ਵਿੱਕੀ ਮੋਰਾਂਵਾਲੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਗੀਤ ਦੇ ਰਚੇਤਾ ਪ੍ਰਵਾਸੀ ਭਾਰਤੀ ਕੈਨੇਡਾ ਦੀ ਧਰਤੀ ਤੇ ਰਹਿਣ ਵਾਲੇ ਗੀਤਕਾਰ ਬਿੱਟੂ ਭਰੋਮਜਾਰਾ ਹਨ, ਜਿੰਨ੍ਹਾਂ ਨੇ ਇਸ ਗੀਤ ਨੂੰ ਬਹੁਤ ਹੀ ਵਿਲੱਖਣ ਢੰਗ ਨਾਲ ਢੰਗ ਨਾਲ ਕਲਮਬੱਧ ਕੀਤਾ ਹੈ। ਜਿਸ ਵਿਚ ਮਾਪਿਆਂ ਅਤੇ ਬੱਚਿਆਂ ਦੇ ਅਨਮੋਲ ਪਿਆਰ ਨੂੰ ਦਰਸਾਇਆ ਗਿਆ ਹੈ। ਇਸ ਦਾ ਸੰਗੀਤ ਜਗਤਾਰ




ਸਿੰਘ ਵਲੋਂ ਦਿੱਤਾ ਗਿਆ ਹੈ। ਜਦ ਕਿ ਇਸ ਗੀਤ ਦੇ ਡੀ ਓ ਪੀ ਰਮਨ ਰਾਜਕ ਅਤੇ ਆਡੀਟਰ ਪਾਰਸ ਕੇ ਮਹਿਰਾ ਹਨ। ਇਸ ਗੀਤ ਦੇ ਵੀਡੀਓ ਡਾਇਰੈਕਟਰ ਖ਼ੁਦ ਹੀ ਗਾਇਕ ਵਿੱਕੀ ਮੋਰਾਂਵਾਲੀਆ ਹਨ। ਇਸ ਗੀਤ ਨੂੰ ਕੰਠ ਕਲੇਰ ਮਿਊਜਿਕ ਪ੍ਰੋਡਕਸ਼ਨ ਦੇ ਬੈਨਰ ਹੇਠ ਕੇ ਕੇ ਕੰਪਨੀ ਨੇ ਯੂ ਟਿਊਬ ਤੇ ਵਿਸ਼ਵ ਭਰ ਵਿਚ ਰਿਲੀਜ਼ ਕੀਤਾ ਹੈ। ਉਕਤ ਗੀਤ ਮਾਪੇ ਸਰੋਤਿਆਂ ਵਲੋਂ ਬੇਹੱਦ ਸਰ੍ਹਾਇਆ ਜਾ ਰਿਹਾ ਹੈ। ਜਿਸ ਲਈ ਵਿੱਕੀ ਮੋਰਾਂਵਾਲੀਆ ਅਤੇ ਗੀਤਕਾਰ ਬਿੱਟੂ ਭਰੋਮਜਾਰਾ ਵਧਾਈ ਦੇ ਹੱਕਦਾਰ ਹਨ।

# ਸਰਕਾਰੀ ਆਦਰਸ਼ ਸਕੂਲ ਦੀ ਖੇਡ ਗਰਾਂਊਡ ਨੂੰ ਕੀਤਾ ਪੱਧਰ ਤੇ ਬਣਾਇਆ ਟਰੈਕ

**ਭਿੱਖੀਵਿੰਡ (ਭੁਪਿੰਦਰ ਸਿੰਘ)**- ਸਰਕਾਰੀ ਸਕੂਲਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਾਨੂੰ ਸਾਰਿਆਂ ਨੂੰ ਯੋਗ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਦਾ ਉਜਵਲ ਭਵਿੱਖ ਬਣ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਨੰਬਰਦਾਰ ਕਰਤਾਰ ਸਿੰਘ ਨੇ ਸਰਕਾਰੀ ਆਦਰਸ਼ ਸਕੂਲ ਬਲ੍ਹੇਰ ਖੁਰਦ ਦੀ ਖੇਡ ਮੈਦਾਨ ਨੂੰ ਟਰੈਕਟਰਾਂ ਨਾਲ ਵਹਾ ਕੇ ਪੱਧਰਾ ਕਰਨ ਤੇ ਦੌੜਣ ਲਈ ਟਰੈਕ ਬਣਾਉਣ ਸਮੇਂ "ਪੱਤਰਕਾਰਾ" ਨਾਲ ਗੱਲਬਾਤ ਕਰਦਿਆਂ ਕੀਤਾ ਤੇ ਆਖਿਆ ਕਿ ਸਾਡੀ ਨੌਜਵਾਨ ਪੀੜੀ ਨੂੰ ਖੇਡਾਂ ਵਿਚ



ਵੱਡੇ ਪੱਧਰ 'ਤੇ ਹਿੱਸਾ ਲੈ ਕੇ ਜੀਵਨ ਨੂੰ ਉੱਚਾ ਚੁੱਕਣਾ ਚਾਹੀਦਾ ਹੈ ਤੇ ਮਾਰੂ ਨਸ਼ਿਆਂ ਤੋਂ ਬੱਚ ਕੇ ਜਿੰਦਗੀ ਨੂੰ ਸਿੱਧੇ ਪਾਸੇ ਲਗਾਉਣਾ ਚਾਹੀਦਾ ਹੈ। ਉਹਨਾਂ ਆਖਿਆ ਕਿ ਸਕੂਲ ਪ੍ਰਿੰਸੀਪਲ ਮੈਡਮ ਪੂਨਮ ਸ਼ਰਮਾ ਦੀ ਉਸਾਰੂ ਸੋਚ ਤੇ ਕੋਚ ਹੀਰਾ ਲਾਲ ਦੀ ਸਖਤ ਮਿਹਨਤ ਨਾਲ ਸਕੂਲ ਵਿਦਿਆਰਥੀ ਖੇਡਾਂ ਵਿਚ ਮੱਲਾਂ ਮਾਰ ਕੇ ਸਨਮਾਨਯੋਗ ਮੁਕਾਮ ਹਾਸਲ ਕਰਕੇ ਹਨ। ਇਸ ਮੌਕੇ ਪ੍ਰਿੰਸੀਪਲ ਮੈਡਮ ਪੂਨਮ ਸ਼ਰਮਾ, ਕੋਚ ਹੀਰਾ ਲਾਲ, ਜਸਦੀਪ ਸਿੰਘ, ਹਰਪ੍ਰੀਤ ਸਿੰਘ ਹੈਪੀ, ਪੰਚ ਸਲਵਿੰਦਰ ਸਿੰਘ, ਰਾਜਵਿੰਦਰ ਸਿੰਘ ਰਾਜੂ, ਮਨਮੋਹਨ ਸਿੰਘ ਕਾਲਾ, ਨਿਸ਼ਾਨ ਸਿੰਘ ਜੀ.ਓ.ਜੀ, ਬੋਹੜ ਸਿੰਘ, ਗੁਰਭੇਜ ਸਿੰਘ, ਮੁਖਤਾਰ ਸਿੰਘ ਆਦਿ ਹਾਜਰ ਸਨ।

# ਰਲ ਕੇ ਲਈਏ ਸਵੱਛ ਪਾਣੀ ਦਾ ਖਾਬ, ਬੂੰਦ ਬੂੰਦ ਨੂੰ ਤਰਸੇ ਨਾ ਸਾਡਾ ਪੰਜਾਬ









**ਵਿਸ਼ਵ ਪਾਣੀ ਦਿਵਸ 'ਤੇ ਜਗਮਿੰਦਰ ਸਿੰਘ ਲੋਹਾਮ, ਪਰਮਿੰਦਰ ਸਿੰਘ ਗਿੱਲ, ਧਰਮਿੰਦਰ ਸਿੰਘ ਪੁਰਬਾ, ਹਰਪ੍ਰੀਤ ਸਿੰਘ ਸਹਿਗਲ, ਨਰਿੰਦਰਪਾਲ ਸਿੰਘ ਪੁਰਬਾ, ਲੇਖਕ ਜਸਪਾਲ ਸਿੰਘ ਲੋਹਾਮ। ਤਸਵੀਰ: ਬਲਰਾਜ ਸਿੰਘ**

ਘੱਲਕਲਾਂ (ਬਲਰਾਜ ਸਿੰਘ)- ਵਿਗਿਆਨਕ ਸੋਚ ਅਨੁਸਰ ਪਾਣੀ ਹਾਈਡ੍ਰੋਜਨ ਅਤੇ ਆਕਸੀਜਨ ਦੇ ਸੁਮੇਲ ਤੋਂ ਬਣਦਾ ਹੈ ਅਤੇ ਇਹ ਸਮੁੰਦਰਾਂ ਵਿਚ 96.5 ਫ਼ੀਸਦੀ ਅਤੇ ਧਰਤੀ ਦੇ ਅੰਦਰ 1.7 ਫ਼ੀਸਦੀ ਹੈ, ਜਲਵਾਸ਼ਪ ਅਤੇ ਬੱਦਲ ਦੇ ਰੂਪ ਵਿਚ 0.001 ਫ਼ੀਸਦੀ ਹੈ। ਹਿਮਨਦੀਆਂ ਅਤੇ ਧਰੁਵੀ ਚੋਟੀਆਂ ਤੇ 1.7 ਫ਼ੀਸਦੀ ਪਾਣੀ ਹੈ। ਸੱਭਿਅਤਾ ਦੇ ਵਿਕਾਸ ਨਾਲ ਮਨੱਖੀ ਲੋੜਾਂ ਦਾ ਗ੍ਰਾਫ ਵਧਦਾ ਗਿਆ ਅਤੇ ਜਦੋਂ ਪਾਣੀ ਨਾ ਰਿਹਾ ਸਾਰੀਆਂ ਐਸ਼ੋਅਰਾਮ ਧਰੀਆਂ ਰਹਿ ਜਾਣਗੀਆਂ, ਪੂਰੀ ਜਿੰਦਗੀ ਖਤਰੇ ਵਿਚ ਪੈ ਜਾਵੇਗੀ ਤੇ ਕੋਈ ਮਤਲਬ ਨਹੀਂ ਰਹਿ ਜਾਵੇਗਾ ਉਦੋਂ ਫਿਰ ਸਮਾਂ ਹੱਥ ਵਿਚੋਂ ਨਿੱਕਲ ਜਾਵੇਗਾ ਪਾਣੀ ਤੋਂ ਬਿਨਾਂ ਧਰਤੀ ਬੰਜ਼ਰ ਬਣੇਗੀ। ਫਿਰ ਮੌਤ ਦੇ ਦਰ ਤੇ ਖੜਕੇ ਬੀਤੇ ਨੂੰ ਪਛਤਾਉਣ ਤੋਂ ਇਲਾਵਾ ਕੁੱਝ ਨਹੀਂ ਕਰ ਸਕਾਂਗੇ। ਇਸ ਸਬੰਧੀ ਇਲਾਕੇ ਦੀਆਂ ਵੱਖ ਵੱਖ ਵਿਗਿਆਨਕ ਸੂਝਵਾਨ ਸ਼ਖਸੀਅਤਾਂ ਦੇ ਵਿਚਾਰ ਚਰਚਾ ਵਿਚ ਪੇਸ਼ ਹਨ।

### ਅਜੇ ਵੀ ਸੰਭਲ ਜਾਈਏ

ਜਗਮਿੰਦਰ ਸਿੰਘ ਲੋਹਾਮ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਦੇ ਬਚਨ "ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹੁਤ।।" ਉਨ੍ਹਾਂ ਨੇ ਪਾਣੀ ਨੂੰ ਕਿੰਨੀ ਵੱਡਿਆਈ ਦਿੱਤੀ ਹੈ। ਅਸੀਂ ਸਿਰਫ ਆਪਣੀ ਬੁੱਧੀ ਅਨੁਸਾਰ ਹੀ ਚੱਲੇ ਹਾਂ ਤਾਹੀਓ ਹੀ ਧਰਤੀ ਤੇ ਪਾਣੀ ਨੂੰ ਗੰਧਲਾ ਕਰ ਦਿੱਤਾ। ਪੰਜਾਬ ਸਟੇਟ ਕਾਊਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਦਾ ਅਦਾਰਾ ਆਪਣੇ ਪੱਧਰ ਤੇ ਬਹੁਤ ਹੰਭਲੇ ਮਾਰ ਰਿਹਾ ਹੈ ਅਤੇ ਸਾਰੇ ਸਾਇੰਸਦਾਨ ਆਪਣੇ ਆਪਣੇ ਕਾਰਜਾਂ ਵਿਚ ਜੁਟੇ ਹੋਏ ਹਨ। ਪਾਣੀ ਦੇ ਪ੍ਰਦੂਸ਼ਣ ਕਰਕੇ ਹੀ ਹੈਜਾ, ਟਾਈਫਾਈਡ, ਮਲੇਰੀਆ, ਹੈਪੇਟਾਈਟਸ ਤੇ ਕੈਂਸਰ ਵਰਗੀਆਂ ਬਿਮਾਰੀਆਂ ਵਧ ਗਈਆਂ ਹਨ ਅਤੇ ਲਗਾਤਾਰ ਲੋਕ ਮੌਤ ਦੇ ਮੂੰਹ ਵਿਚ ਚਲੇ ਜਾ ਰਹੇ ਹਨ। ਅੰਤੜੀਆਂ ਤੇ ਪੇਟ ਦੇ ਰੋਗ ਵੀ ਆਦਮੀ ਲਈ ਨੁਕਸਾਨਦਾਇਕ ਹਨ। ਅਜੇ ਵੀ ਸੰਭਲ ਜਾਈਏ ਇਸੇ ਵਿਚ ਭਲਾਈ ਹੈ।

### ਪਾਣੀ ਦੀ ਕਦਰ

ਪਰਮਿੰਦਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਦਯੋਗਪਤੀਆਂ ਅਤੇ ਕਿਸਾਨਾਂ ਨੂੰ ਪਾਣੀ ਦੀ ਸੰਭਾਲ ਵੱਲ ਪ੍ਰੇਰਿਤ ਕਰਨ ਦੀ ਲੋੜ ਹੈ ਤੇ ਮੌਜੂਦਾ ਸਥਿਤੀ ਖੁਦ ਬਦਲ ਜਾਵੇਗੀ ਅਤੇ ਲਗਾਤਾਰ ਪ੍ਰਚਾਰ ਕਰਨ ਦੀ ਲੋੜ ਹੈ ਅਤੇ ਜੇਕਰ ਬਾਰ ਬਾਰ ਅਜਿਹੇ ਉਪਰਾਲੇ ਆਰੰਭੇ ਜਾਣ ਤਾਂ ਇਹ ਲਾਹੇਵੰਦ ਸਾਬਤ ਹੋਣਗੇ। ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਜਰੂਰਤ ਹੈ ਅਤੇ ਇਸ ਢੰਗ ਨਾਲ 30 ਫ਼ੀਸਦੀ ਪਾਣੀ ਦੀ ਬੱਚਤ ਹੋ ਜਾਂਦੀ ਹੈ। ਜਦੋਂ ਅਸੀਂ ਧਰਤੀ ਹੇਠਲਾ ਪਾਣੀ ਮੁਕਾ ਲਿਆ ਤਾਂ ਸਬਮਰਸੀਬਲ ਪੰਪ ਵੀ ਬੇਕਾਰ ਹੋ ਜਾਣਗੇ । ਭਾਂਡੇ ਧੋਣ ਸਮੇਂ ਰਸੋਈ ਵਿਚ ਟੂਟੀ ਘੱਟ ਖੋਲੀ ਜਾਵੇ, ਰੋਜ਼ਾਨਾ ਪਾਣੀ ਡੋਲ ਕੇ ਫਰਸ਼ਾਂ ਦੀ ਸਫਾਈ ਨਾ ਕੀਤੀ ਜਾਵੇ, ਪੌਦਿਆਂ ਨੂੰ ਸਵੇਰ ਸਮੇਂ ਹੀ ਪਾਣੀ ਦਿਓ, ਬੁਰਸ਼ ਕਰਦੇ ਸਮੇਂ ਟੂਟੀ ਲਗਾਤਾਰ ਖੁੱਲੀ ਨਾ ਛੱਡੋ, ਸਮੇਂ ਸਮੇਂ ਟੂਟੀਆਂ ਦੇਖਦੇ ਰਹੋ ਅਤੇ ਠੀਕ ਕਰਾਓ। ਪਾਣੀ ਦੀ ਕਦਰ ਹੀ ਪਾਣੀ ਦੀ ਬੱਚਤ ਕਰੇਗੀ।

### ਹਜਾਰਾਂ ਲੀਟਰ ਪਾਣੀ ਹੁੰਦਾ ਬਰਬਾਦ

ਧਰਮਿੰਦਰ ਸਿੰਘ ਪੁਰਬਾ ਦਾ ਕਹਿਣਾ ਹੈ ਕਿ ਪਾਣੀ ਦੀ ਸਾਂਭ ਸੰਭਾਲ ਲਈ ਸਾਨੂੰ ਇੱਕ ਇੱਕ ਬੂੰਦ ਨੂੰ ਬਚਾਉਣਾ ਚਾਹੀਦਾ ਹੈ। ਧਰਤੀ ਦੇ ਬਾਹਰ ਤਿੰਨ-ਚੁਥਾਈ ਪਾਣੀ ਹੈ ਅਤੇ 95 ਫ਼ਸਦੀ ਪਾਣੀ ਪੀਣ ਦੇ ਯੋਗ ਨਹੀਂ ਹੈ। ਪਾਣੀ ਤੋਂ ਬਿਨਾ ਅਸੀਂ ਜੀਵਤ ਨਹੀਂ ਰਹਿ ਸਕਦੇ। ਸਰੀਰ ਦੇ ਫੋਕਟ ਪਦਾਰਥਾਂ ਦਾ ਨਿਕਾਸ ਵੀ ਪਾਣੀ ਹੀ ਕਰਦਾ ਹੈ ਅਤੇ ਦੇਖੋ ਜੇ ਇਹ ਖਤਮ ਹੋ ਜਾਵੇ ਤਾਂ ਕੀ ਹਾਲ ਹੋਣਗੇ? ਸਾਰੀ ਸਥਿਤੀ ਸਭ ਦੇ ਸਾਹਮਣੇ ਹੈ ਪਰ ਚਿੰਤਾ ਕਿਸੇ ਨੂੰ ਵੀ ਨਹੀਂ। ਪਾਣੀ ਤੇ ਸ੍ਰੋਤ ਦਰਿਆ, ਨਦੀਆਂ, ਨਹਿਰਾਂ, ਝੀਲਾਂ ਅਤੇ ਤਲਾਬ ਮਨੁੱਖ ਨੇ ਰੱਜ ਕੇ ਗੰਦੇ ਕਰ ਦਿੱਤੇ। ਫੈਕ-ਟਰੀਆਂ ਦੀ ਗੰਦਗੀ ਅਤੇ ਗੰਦਾ ਪਾਣੀ ਬਾਹਰ ਕੁਦਰਤੀ ਜਲ ਸ੍ਰੋਤਾਂ ਵਿਚ ਆਣ ਮਿਲਿਆ ਹੈ ਅਤੇ ਸਾਰਾ ਪਾਣੀ ਪ੍ਰਦੂਸ਼ਿਤ ਕਰ ਦਿੱਤਾ ਹੈ। ਜਦੋਂ ਬਿਨਾ ਕੰਮ ਤੋਂ ਹੀ ਟੂਟੀਆਂ ਚੱਲਦੀਆਂ ਹਨ ਤਾਂ ਹਜਾਰਾਂ ਲੀਟਰ ਪਾਣੀ ਬਰਬਾਦ ਹੋ ਜਾਂਦਾ ਹੈ।

### ਸੁਚੇਤ ਕਰਨ ਦੀ ਲੋੜ

ਹਰਪ੍ਰੀਤ ਸਿੰਘ ਸਹਿਗਲ ਦਾ ਕਹਿਣਾ ਹੈ ਕਿ ਧਰਤੀ ਅੰਦਰ ਪਾਣੀ ਦਾ ਪੱਧਰ ਦਿਨੋਂ ਦਿਨ ਘਟ ਰਿਹਾ ਹੈ ਅਤੇ ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਰਸਾਇਣਿਕ ਪਦਾਰਥਾਂ ਤੇ ਯੂਰੇ-ਨੀਅਮ ਵਰਗੇ ਪਦਾਰਥਾਂ ਦੀ ਵਰਤੋਂ ਕਰਨ ਨਾਲ ਅਤੇ ਇਸਦੇ ਫੋਕਟ ਦੀ ਸਹੀ ਸੰਭਾਲ ਨਾ ਹੋਣ ਕਰਕੇ ਇਹ ਪਦਾਰਥ ਧਰਤੀ ਦੇ ਅੰਦਰ ਡੂੰਘੇ ਚਲੇ ਗਏ ਹਨ ਤੇ ਜਿਸਦੀ ਵਰਤੋਂ ਕਰਨ ਨਾਲ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਪੈਦਾ ਹੋਈਆਂ ਹਨ। ਕੈਂਸਰ ਪੀੜਤ ਮਰੀਜ਼ ਜਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ। ਸਾਰੇ ਵਿੱਦਿਅਕ ਅਦਾਰਿਆਂ ਵਿਚ ਵਿਸ਼ਵ ਪਾਣੀ ਦਿਵਸ ਮਨਾਏ ਜਾ ਰਹੇ ਹਨ ਅਤੇ ਬੱਚਿਆਂ ਨੂੰ ਪਾਣੀ ਸੰਭਾਲ ਤੇ ਬੱਚਤ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਅਜਿਹੇ ਉਪਰਾਲੇ ਬਹੁਤ ਹੀ ਸਾਰਥਿਕ ਹੋ ਬਣਦੇ ਹਨ। ਇਕੱਲੇ ਸਕੂਲ ਹੀ ਨਹੀਂ ਆਮ ਜਨਤਾ ਨੂੰ ਵੀ ਸੁਚੇਤ ਕਰਨ ਦੀ ਲੋੜ ਹੈ ਅਤੇ ਇਹ ਫਰਜ ਸਾਡਾ ਸਭ ਦਾ ਸਾਂਝਾ ਹੈ। ਸਾਨੂੰ ਘਰ ਘਰ ਸੰਦੇਸ਼ ਪਹੁੰਚਾਉਣਾ ਚਾਹੀਦਾ ਹੈ।

### ਜਿੰਦਗੀ ਆਬਾਦ ਰਹੇ

ਨਰਿੰਦਰਪਾਲ ਸਿੰਘ ਪੁਰਬਾ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।। ਪਾਣੀ ਹੈ ਤਾਂ ਜਿੰਦਗੀ ਹੈ। ਇੱਕ ਦਿਨ ਦਾ ਇੱਕ ਬੰਦੇ ਅਤੇ ਘਰ ਦੇ ਜੀਆਂ ਦਾ ਹਿਸਾਬ ਕਰਕੇ ਲਾ ਲਈਏ ਤੇ ਫਿਰ ਇੱਕ ਸਾਲ ਦਾ ਲੇਖਾ ਜੋਖਾ ਕਰੀਏ ਤਾਂ ਕਿੰਨਾ ਪਾਣੀ ਅਜਾਈਂ ਰੋੜ ਦਿੱਤਾ ਜਾਂਦਾ ਹੈ ਅਤੇ ਜਿਸਦੇ ਅਸੀਂ ਹੀ ਖੁਦ ਜੁੰ-ਮੇਵਾਰ ਹਾਂ। ਇਹ ਬੇਸਮਝ ਲੋਕਾਂ ਦੀ ਕਹਾਣੀ ਹੈ। ਸਮਾਜ ਵਿਚ ਇੱਕ ਅਜਿਹੀ ਮੁਹਿੰਮ ਚਲਾਈਏ ਜਿਸ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਸਮੂਹ ਲੋਕ ਜੁੜਨ ਅਤੇ ਸਾਰੇ ਰਲ ਕੇ ਪ੍ਰਣ ਕਰਨ ਕਿ ਅਸੀਂ ਪਾਣੀ ਦੀ ਬੱਚਤ ਕਰਾਂਗੇ। ਮੇਰੀ ਦਿਲੀ ਇੱਛਾ ਹੈ ਕਿ ਮਨੱਖੀ ਜਿੰਦਗੀ ਆਬਾਦ ਰਹੇ, ਸਿਹਤਯਾਬ ਰਹੇ, ਘਰ ਪਰਿਵਾਰ ਵੱਸਦੇ ਹੱਸਦੇ ਰਹਿਣ, ਹਰ ਪਾਸੇ ਖੁਸ਼ੀਆਂ ਦਾ ਆਲਮ ਹੋਵੇ, ਹਰ ਸੁਖੀ ਹੋਵੇ।

### ਧਰਤੀ ਦੇ ਸਾਧਨ ਸੀਮਤ

ਲੇਖਕ ਜਸਪਾਲ ਸਿੰਘ ਲੋਹਾਮ ਦਾ ਕਹਿਣਾ ਹੈ ਕਿ ਧਰਤੀ ਗ੍ਰਹਿ ਤੇ 7 ਬਿਲੀਅਨ ਤੋਂ ਜ਼ਿਆਦਾ ਲੋਕ ਵਸਦੇ ਹਨ। ਲਗਭਗ 60 ਸਾਲ ਪਹਿਲਾਂ ਇਹ ਗਿਣਤੀ 2 ਬਿਲੀਅਨ ਦੇ ਕਰੀਬ ਸੀ । ਤੇਜ਼ੀ ਨਾਲ ਅਬਾਦੀ ਵਧ ਰਹੀ ਹੈ ਪਰ ਧਰਤੀ ਦੇ ਸਾਧਨ ਸੀਮਤ ਹਨ । ਮਨੁੱਖੀ ਜੀਵਨ ਦੀ ਮੁੱਢਲੀ ਲੋੜ ਪਾਣੀ ਹੈ। ਬੁੱਧੀਜੀਵੀਆਂ ਦਾ ਕਹਿਣਾ ਹੈ ਕਿ 21ਵੀਂ ਸਦੀ ਵਿਚ ਦੁਨੀਆ ਵਿਚ ਆਪਸੀ ਜੰਗਾਂ ਦਾ ਕਾਰਨ ਪਾਣੀ ਬਣੇਗਾ। 20ਵੀਂ ਸਦੀ ਦੇ ਦੂਸਰੇ ਅੱਧ ਵਿਚ ਤੇਲ ਦੀ ਅਹਿਮੀਅਤ ਨੇ ਬਹੁਤ ਸਾਰੀਆਂ ਲੜਾਈਆਂ ਦਾ ਮੁੱਢ ਬੰਨ੍ਹਿਆ। ਇਹ ਵੀ ਇੱਕ ਸੱਚਾਈ ਹੈ ਇਸ ਤੋਂ ਮੁਨਕਰ ਨਹੀਂ ਹਾਂ। ਅਜੇ ਵੀ ਪਾਣੀ ਦੀ ਸੰਭਾਲ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। ਆਓ! ਰਲ ਕੇ ਲਈਏ ਸਵੱਛ ਪਾਣੀ ਦਾ ਖਾਬ, ਬੂੰਦ ਬੂੰਦ ਨੂੰ ਤਰਸੇ ਨਾ ਸਾਡਾ ਪੰਜਾਬ।

## ਜ਼ਿੰਦਗੀ ਦੇ ਖੁਬਸੂਰਤ ਰੰਗਾਂ ਦੀ ਰੰਗਤ 'ਚ ਰੰਗਿਆ

# "ਟਰੈਂਡਜ਼ ਮਿਊਜ਼ਿਕ" ਦਾ ਨਿਰਮਾਤਾ - ਕਾਲਾ ਸ਼ਰਮਾ



ਗੁਰਬਾਜ ਗਿੱਲ
91-98723-62507

ਜਨਾਬ! ਦਿਨ-ਬ-ਦਿਨ ਖੁਰਦੀ ਜਾ ਰਹੀ ਵਿਰਾਸਤ, ਵਿਸਰਦਾ ਜਾ ਰਿਹਾ ਅਮੀਰ ਵਿਰਸਾ ਅਤੇ ਸਾਡਾ ਪੰਜਾਬੀ ਸਭਿਆਚਾਰ, ਆਪਸੀ ਭਾਈਚਾਰਕ ਸਾਂਝ-ਪਿਆਰ ਅਤੇ ਇਤਫਾਕ ਦੀਆਂ ਟੁੱਟਦੀਆਂ ਜਾ ਰਹੀਆਂ ਤੰਦਾਂ, ਜੋ ਸਾਡੇ ਮਨੁੱਖੀ ਜੀਵਨ ਦੇ ਪਤਨ ਲਈ ਦਿਨ-ਬ-ਦਿਨ ਜ਼ਿੰਮੇਵਾਰ ਬਣਦੀਆ ਜਾ ਰਹੀਆਂ ਹਨ। ਜੇਕਰ ਅਸੀ ਅੱਜ ਵੀ ਨਾ ਸੰਭਲੇ ਤਾਂ ਸਮੇਂ ਦੇ ਹਾਣੀ ਬਣਦੇ-ਬਣਦੇ, ਪੱਛਮੀ ਸਭਿਆਚਾਰ ਦੇ ਰੰਗਾਂ ਚ' ਗੁਆਚੇ, ਆਪਣੇ ਵੱਡ-ਵਡੇਰਿਆਂ ਦੇ ਦੱਸੇ ਮਾਰਗ ਤੋਂ ਭਟਕ ਕੇ, ਆਉਣ ਵਾਲੀ ਪੀੜ੍ਹੀ ਦੇ ਪਤਨ ਦਾ ਕਾਰਨ ਬਣਕੇ ਰਹਿ ਜਾਵਾਂਗੇ। ਸੋ ਅਲੋਪ ਹੁੰਦੇ ਜਾ ਰਹੇ ਵਿਰਸੇ ਤੇ ਸਭਿਆਚਾਰ ਦੀ ਹੋਂਦ ਨੂੰ ਯਕੀਨੀ ਬਣਾਉਣਾ, ਅਜੋਕੇ ਸਮੇਂ ਦੀ ਲੋੜ ਬਣ ਚੁੱਕਾ ਐ। ਜਿੱਥੇ ਅੱਜ ਲਾਲ ਖੂਨ ਪਾਣੀ ਦੀ ਤਰ੍ਹਾਂ ਪਤਲਾ ਤੇ ਦੁੱਧ ਵਾਂਗ ਸਫੈਦ ਹੋਈ ਜਾ ਰਿਹਾ ਹੈ, ਦੁਨੀਆਂ ਨਿਰਮੋਹੀ ਕਠੋਰ ਦਿਲ ਹੁੰਦੀ ਜਾ ਰਹੀ ਹੈ। ਜਨਾਬ! ਉੱਥੇ ਹੀ ਕੁਝ ਲੋਕ ਅਜਿਹੇ ਵੀ ਹਨ, ਜੋ ਆਪਣੇ ਅਮੀਰ ਵਿਰਸੇ ਤੇ ਸਭਿਆਚਾਰ ਨੂੰ ਪ੍ਰਮੋਟ ਕਰਨ ਲਈ ਆਪਣੀ ਬਣਦੀ ਜੁੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਅ ਰਹੇ ਨੇ। ਉਹ ਆਪਣੇ ਸ਼ੋਕ ਰਾਹੀਂ ਸਭਿਆਚਾਰ ਅਤੇ ਸਮਾਜ ਵਿੱਚ ਆਪਸੀ ਮਿਲਵਰਤਣ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਹੋਰ ਪੀਡੀਆਂ/ ਮਜਬੂਤ ਕਰਨ ਲਈ ਬੜਾ ਯੋਗਦਾਨ ਕਰ ਰਹੇ ਹਨ। ਜਿੰਨ੍ਹਾਂ ਅੰਦਰ ਇੱਕ ਜਜਬਾ ਐ, ਗਰੀਬ ਲੋਕਾਂ ਦੇ ਕੰਮ ਆਉਣ ਦਾ, ਸ਼ੋਕ ਹੈ ਆਪਸੀ ਪਿਆਰ, ਇਤਫਾਕ ਤੇ ਭਾਈਚਾਰਕ ਸਾਂਝ ਦੇ ਪ੍ਰਤੀਕ ਸਭਿਆਚਾਰ ਨੂੰ ਹੋਰ ਪ੍ਰਮੋਟ ਕਰਨ ਦਾ। ਸੱਚਮੁੱਚ ਜ਼ਿੰਦਗੀ ਦਾ ਨਾਂ ਹੀ ਜ਼ਿੰਦਾਦਿਲੀ, ਮੰਨੋਰੰਜਨ ਅਤੇ ਸ਼ੋਕ ਦਾ ਹੈ। ਜੇਕਰ ਜ਼ਿੰਦਗੀ ਵਿੱਚ ਇਹ ਸਾਰੇ ਰੰਗ ਨਾ ਹੋਣ ਤਾਂ ਜ਼ਿੰਦਗੀ ਬੇਰੰਗ ਤੇ ਬੇ-ਰੌਣਕੀ ਹੋ ਜਾਵੇ। ਇਸੇ ਲਈ ਜਰੂਰੀ ਹੈ, ਅਸੀਂ ਜ਼ਿੰਦਗੀ ਦੇ ਸ਼ੌਕਾਂ ਨੂੰ ਉਸਾਰੂ ਤੇ ਲੋਕ ਸੇਵਾ ਦੇ ਕੰਮਾਂ ਰਾਹੀ ਮਾਣਦੇ ਰਹੀਏ। ਅਜਿਹੇ ਹੀ ਜ਼ਿੰਦਗੀ ਦੇ ਖੁਬਸੂਰਤ ਰੰਗਾਂ ਦੀ ਰੰਗਤ 'ਚ ਰੰਗਿਆ ਨਾਂ, ਜਿਸ ਨੇ ਸੰਗੀਤਕ ਖੇਤਰ ਚ' ਆਪਣੀ ਇੱਕ ਵੱਖਰੀ ਪਹਿਚਾਣ ਬਣਾਈ ਐ, ਤੇ ਉਹ ਹੈ, "ਟਰੈਂਡਜ਼ ਮਿਊਜ਼ਿਕ" ਦਾ ਨਿਰਮਾਤਾ - ਕਾਲਾ ਸ਼ਰਮਾ।

ਬਠਿੰਡਾ ਸ਼ਹਿਰ ਦੇ ਵਸਨੀਕ ਪਿਤਾ ਸਵ. ਸ੍ਰੀ ਬ੍ਰਿਜ ਲਾਲ ਬਾਗੀ ਅਤੇ ਮਾਤਾ ਸਵ. ਪ੍ਰਮਾਤਮਾ ਦੇਵੀ ਜੀ ਦੀਆਂ ਅੱਖੀਆਂ ਦਾ ਤਾਰਾ ਅਤੇ ਆਪਣੀ ਭੈਣ ਦੇ ਲਾਡਲੇ ਵੀਰ ਕਾਲਾ ਸ਼ਰਮਾ ਨੂੰ ਬਚਪਨ ਤੋਂ ਹੀ ਗੀਤ-ਸੰਗੀਤ ਨਾਲ ਡਾਹਢਾ ਲਗਾਅ ਸੀ, ਆਂਢ-ਗੁਆਂਢ ਕੋਈ ਜਾਗਰਣ ਹੁੰਦਾ, ਤਾਂ ਸਭ ਤੋਂ ਅੱਗੇਤ, ਕਿਸੇ ਗਾਇਕ ਨੂੰ ਸੁਣਦਾ, ਤਾਂ ਮਨ ਕਰਦਾ, ਮੈਂ ਵੀ ਗਾਵਾਂ। ਖ਼ੈਰਤ ਬਚਪਨ ਦੇ ਇਸ ਸ਼ੋਕ ਨੂੰ ਨਾਲ-ਨਾਲ ਪਾਲਦਾ, ਕਾਲਾ ਸ਼ਰਮਾ ਆਪਣੀ ਪੜ੍ਹਾਈ ਪੂਰੀ ਕਰਦਿਆਂ ਹੀ ਬਠਿੰਡੇ ਦੀ ਪਾਇਲ ਕੰਪਨੀ ਦੇ ਮਾਲਕ ਅਸ਼ੋਕ ਕੁਮਾਰ (ਜੋ ਉਹਦੇ ਨਾਲ ਪੜ੍ਹਿਆ) ਨਾਲ ਉਹਨਾਂ ਦੀ ਕੰਪਨੀ ਚ' ਕੰਮ ਕਰਨ ਲੱਗਿਆ। ਪਾਇਲ ਕੰਪਨੀ ਚ' ਕੰਮ ਕਰਦਿਆਂ ਹੀ ਉਹਦਾ ਸ਼ਵ. ਗਾਇਕ ਗੁਰਮੇਲ ਭੱਟੀ ਨਾਲ ਮੇਲ ਹੋਇਆ। ਜੀਹਦੇ ਸੰਪਰਕ ਕਰਕੇ ਉਹ ਸਵ. ਗਾਇਕ ਰਾਜ ਬਰਾੜ ਸਾਹਿਬ ਨਾਲ ਜੁੜਿਆ, ਜਿੰਨ੍ਹਾਂ ਨੇ ਆਪਣੀ ਮਿਊਜ਼ਿਕ ਕੰਪਨੀ ਟੀਮ ਮਿਊਜ਼ਿਕ ਲਾਂਚ ਕੀਤੀ ਸੀ। ਟੀਮ ਮਿਊਜ਼ਿਕ ਦਾ ਮੈਨੇਜਰ ਹੁੰਦਿਆ ਕਾਲਾ ਸ਼ਰਮਾ ਜੀ ਦੀ ਦੇਖ-ਰੇਖ ਹੇਠ ਰਾਜ ਬਰਾੜ ਸਾਹਿਬ ਦੀਆ "ਦੇਸੀ ਪੋਪ ੧", "ਨਾਗ ਦੀ ਬੱਚੀ", "ਲੋਕ ਸਭਾ", "ਸੁੱਖ ਮੰਗ ਮਿੱਤਰਾਂ ਦੀ" (ਬਲਕਾਰ ਅਣਖੀਲਾ-ਮਨਜਿੰਦਰ ਗੁਲਸ਼ਨ), "ਪਤੰਗ" (ਮਨਿ-ੰਦਰ ਮੰਗਾ), "ਸ਼ੋਕੀ" (ਗੁਰਵਿੰਦਰ ਬਰਾੜ), "ਹੀਰੇ-ਹੀਰੇ" (ਸੋਨੀ ਪਾਬਲਾ), "ਤਾਰਿਆਂ ਦੀ ਲੋਅ" (ਔਜਲਾ ਬ੍ਰਦਰਜ਼), "ਉਗਲਾਂ ਤੇ ਦਿਨ ਗਿਣਦੀ" (ਸੀਮਾ ਅਣਜਾਨ), "ਕ੍ਰਿਕਟ ਮੈਚ" (ਜਸਵੰਤ ਪੱਪੂ-ਰਾਜਾ ਮੋੜ), "ਕਿਸਮਤ" (ਅਨੀਤਾ ਸਮਾਣਾ), "ਪਿਆਰ ਵਾਲੀ ਬਾਤ" (ਕੁਲਵੰਤ ਢਪਾਲੀ) ਆਦਿ ਹੋਰ ਵੀ ਬਹੁਤ ਸਾਰੇ ਨਾਮੀ ਕਲਾਕਾਰਾਂ ਦੀਆਂ ਐਲਬੰਮਾਂ ਦਿੱਤੀਆ, ਜੋ ਸੁਪ-ਡੁਪਰ ਰਹੀਆ। ਲਗਾਤਾਰ ੬ ਸਾਲ ਟੀਮ ਮਿਊਜ਼ਿਕ ਨਾਲ ਕੰਮ ਕਰਿਆ। ਫੇਰ ਰਾਜ ਬਰਾੜ ਸਾਹਿਬ ਦੇ ਕਹਿਣ 'ਤੇ ਹੀ ਸ਼ਰਮਾ ਜੀ ਨੇ, ਪ੍ਰਸਿੱਧ ਗਾਇਕ ਬੱਬੂ ਮਾਨ ਅਤੇ ਹਰਜੀਤ ਨਾਗਰਾ ਜੀ ਦੀ ਕੰਪਨੀ ਪੁਆਂਇੰਟ ਜੀਰੋ ਜੁਆਇਨ ਕੀਤੀ। ੭ ਸਾਲ ਪੁਆਂਇੰਟ ਜੀਰੋ ਦਾ ਕੰਮ ਸੰਭਾਲਿਆਂ, ਜਿੱਥੇ ਉਹਦੀ ਦੇਖ-ਰੇਖ ਵਿੱਚ ਪ੍ਰਸਿੱਧ ਗਾਇਕ ਬੱਬੂ ਮਾਨ ਸਾਹਿਬ, ਭੁਪਿੰਦਰ ਗਿੱਲ, ਹਰਜੀਤ ਹਰਮਨ, ਦੀਪਕ ਢਿੱਲੋਂ, ਬੁੱਕਣ ਜੱਟ, ਰਾਵੀ ਬੱਲ, ਰਾਜਦੀਪ ਸੰਧੂ ਆਦਿ ਗਾਇਕ ਦੇ ਨੰਬਰ ਮਾਰਕੀਟ ਦਿੱਤੇ। ਪੁਆਂਇੰਟ ਜੀਰੋ ਬੰਦ ਹੋਈ ਤਾਂ ਉਹ ਚੰਡੀਗੜ੍ਹ ਛੱਡ ਬਠਿੰਡਾ ਆ ਗਿਆ। ਸਾਲ ਦੇ ਕਰੀਬ ਉਹਨੇ ਗੋਇਲ ਮਿਊਜ਼ਿਕ ਦਾ ਕੰਮ ਕਰਿਆ, ਪਰ ਮਨ ਨੂੰ ਸੰਤੁਸ਼ਟੀ ਨਾ ਮਿਲੀ, ਹਰ ਸਮੇਂ ਕੁਝ ਨਵਾਂ ਕਰਨ ਦੀ ਤਾਂਘ ਨੇ ਉਹਨੂੰ ਆਪਣੇ ਪਰਮ-ਮਿੱਤਰ ਕੁਲਦੀਪ ਮੱਲਕੇ ਨਾਲ ਮਿਲਾਇਆ। ਫੇਰ ਦੋਨਾਂ ਨੇ ਮਿਲ ਕੇ "ਟਰੈਂਡਜ਼



ਮਿਊਜ਼ਿਕ" ਦਾ ਨਿਰਮਾਣ ਕੀਤਾ, ਜਿਸ ਲਈ ਉਹ ਹੁਣ ਦਿਨ-ਰਾਤ ਇੱਕ ਕਰ ਰਹੇ ਹਨ। ਹੁਣ ਤੱਕ ਉਹ ਆਪਣੀ "ਟਰੈਂਡਜ਼ ਮਿਊਜ਼ਿਕ" ਵਿੱਚ ਮਲਕੀਤ ਰਸੀਲਾ-ਸਰਬਜੀਤ ਸਪਨਾ ਦਾ ਡਿਊਟ ਟਰੈਕ "ਮੁੱਕ ਚੱਲੀ ਜਾਨ", ਪੀ. ਟੀ. ਸੀ. ਦੇ ਪ੍ਰੋਗਰਾਮ "ਵੋਇਸ ਆਫ ਪੰਜਾਬ" ਦਾ ਹਿੱਸਾ ਰਹਿ ਚੁੱਕੀ ਗਾਇਕਾ ਅਨ-ਮੋਲਪ੍ਰੀਤ ਦਾ ਧਾਰਮਿਕ ਟਰੈਕ "ਇੱਕ ਵੀਰ ਦੇਦੇ ਦਾਤੀਏ" ਅਤੇ ਗਾਇਕ ਕੁਲਦੀਪ ਮੱਲਕੇ-ਗੁਰਲੇਜ਼ ਅਖ਼ਤਰ ਦਾ ਡਿਊਟ ਟਰੈਕ "ਗਾਂਧੀ ਵਾਲੇ ਨੋਟ" ਆਦਿ ਮਾਰਕੀਟ ਦੇ ਚੁੱਕੇ ਹਨ, ਜਿੰਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ। ਜਲਦੀ ਹੀ ਉਹ ਗਾਇਕ ਬੀ. ਐਸ਼. ਸਿੱਧੂ ਦਾ ਟਰੈਕ "ਰਾਂਝੇ", ਬਲਕਾਰ ਅਣਖੀਲਾ-ਮਨਜਿੰਦਰ ਗੁਲਸ਼ਨ ਤੇ ਮਨਿੰਦਰ ਮੰਗਾ ਆਦਿ ਗਾਇਕਾ ਦੇ ਟਰੈਕ ਰਿਲੀਜ਼ ਕਰਨ ਦੀ ਤਿਆਰੀ ਚ' ਲੱਗੇ ਹੋਏ ਹਨ, ਜੋ ਜਲਦੀ ਹੀ ਮਾਰਕੀਟ ਦੇਣਗੇ।

"ਟਰੈਂਡਜ਼ ਮਿਊਜ਼ਿਕ" ਦਾ ਨਿਰਮਾਣ ਕਰਨ ਪਿੱਛੇ, ਕਾਲਾ ਸ਼ਰਮਾ ਜੀ ਦਾ ਸਿਰਫ ਇੱਕ ਹੀ ਸੁਪਨਾ ਹੈ ਆਪਣਾ, ਆਪਣੀ ਕੰਪਨੀ ਦਾ ਅਤੇ ਸ਼ੁਰੀਲੇ ਨੂੰ ਅੱਗੇ ਲਿਆਉਣਾ ਤੇ ਨਾਂ ਬਣਾਉਣਾ। "ਟਰੈਂਡਜ਼ ਮਿਊਜ਼ਿਕ" ਕੰਪਨੀ ਚਲਾਉਣਾ ਕੋਈ ਉਹਨਾਂ ਲਈ ਨੋਟ ਕਮਾਉਣ ਦਾ ਜ਼ਰੀਆ ਨਹੀਂ, ਸਗੋਂ ਉਹਨਾਂ ਦਾ ਕਹਿਣਾ ਕਿ ਪੰਜਾਬੀ ਗੀਤ-ਸੰਗੀਤ ਨੂੰ ਖਤਮ ਕਰਨ ਵਾਲਾ ਕੋਈ ਨਹੀਂ ਹੈ, ਸਿਰਫ ਪੈਸੇ ਕਰਕੇ ਕਲਾਕਾਰ ਨਾ ਬਣੋ, ਸਗੋਂ ਕੋਈ ਸਮਾਜ ਨੂੰ ਦੇਣ ਦਿਓ, ਕਿਸੇ ਲੋੜਵੰਦ ਦੀ ਮੱਦਦ ਕਰਨ ਜਾਂ ਕਿਸੇ ਦੀ ਕਲਾ ਨੂੰ ਨਿਖਾਰਨਾ ਸਭ ਤੋਂ ਵੱਡੀ ਸੰਤੁਸ਼ਟੀ ਵਾਲੀ ਗੱਲ ਹੈ। ਜਿਸ ਲਈ ਉਹ ਹਮੇਸਾ ਤੱਤਪਰ ਰਹਿੰਦਾ।

ਕਲਾਕਾਰਾਂ ਦੇ ਸ਼ਹਿਰ ਬਠਿੰਡਾ ਵਿਖੇ ਰਹਿ ਰਿਹਾ "ਟਰੈਂਡਜ਼ ਮਿਊਜ਼ਿਕ" ਦਾ ਨਿਰਮਾਤਾ ਕਾਲਾ ਸ਼ਰਮਾ, ਉਸ ਪਰਮ-ਪ੍ਰਮ-ਾਤਮਾ ਦਾ ਬੜਾ ਸ਼ੁਕਰਗੁਜ਼ਾਰ ਐ, ਨਾਲ ਹੀ ਆਪਣੇ ਪਰਿਵਾਰ ਪਤਨੀ ਸੁਨੀਤਾ ਸ਼ਰਮਾ, ਬੇਟੀਆਂ ਦਿਕਸ਼ਾ, ਨਵਪ੍ਰਭਾ ਤੇ ਸੇਜ਼ਲ ਸ਼ਰਮਾ ਦਾ, ਜਿੰਨ੍ਹਾਂ ਨੇ ਉਹਦਾ ਹਰ ਵਕਤ ਸਾਥ ਦਿੱਤਾ। ਬਾਕੀ ਰੱਬ ਵਰਗੇ ਸੱਜਣ/ ਮਿੱਤਰ ਅਸ਼ੋਕ ਬਾਂਸਲ (ਬੱਬੂ), ਲਾਲੀ ਇਲੈਕਟ੍ਰੋਨਿਕਸ਼ ਬਠਿੰਡਾ, ਕਰਨ ਨਥਾਣਾ (ਬੱਲਾ), ਦਰਸ਼ਨ ਸਿੰਘ, ਕੁਲਵੰਤ ਢਪਾਲੀ, ਦਿਲਬਾਗ ਰਾਣਾ, ਸੰਜੀਵ ਬਾਂਸਲ (ਸੰਜੂ) ਅਤੇ ਭਰਾਵਾਂ ਵਰਗੇ ਵੀਰ ਬਲਜਿੰਦਰ ਬੋਹੜ, ਰਾਕੇਸ਼ ਸ਼ਰਮਾ (ਲੱਕੀ ਮੋਗਾ), ਸ਼ੋਮ ਦੱਤ ਸ਼ਰਮਾ ਤੇ ਕੁਲਦੀਪ ਮੱਲਕੇ ਦੀ ਹੱਲਾਸ਼ੇਰੀ ਬਹੁਤ ਹੈ। ਜੋ ਹਰ ਸਮੇਂ ਉਹਨੂੰ ਕੁਝ ਨਵਾਂ ਕਰਨ ਲਈ ਪ੍ਰੇਰਦੀ ਰਹਿੰਦੀ ਹੈ।

ਸੰਗੀਤਕ ਖੇਤਰ ਚ' ਆਪਣੀ ਇੱਕ ਵੱਖਰੀ ਪਹਿਚਾਣ ਬਣਾ ਚੁੱਕੇ, "ਟਰੈਂਡਜ਼ ਮਿਊਜ਼ਿਕ" ਦੇ ਨਿਰਮਾਤਾ ਕਾਲਾ ਸ਼ਰਮਾ, ਖੂਬ ਤਰੱਕੀਆਂ ਕਰਨ ਅਤੇ ਸਾਰੀ ਦੁਨੀਆਂ 'ਤੇ ਉਹਦਾ ਨਾਂ ਹੋਵੇ।

# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮੁਕੰਮਲ ਬੰਦ ਰਿਹਾ, ਧਰਨੇ ਮੁਜ਼ਾਹਰਿਆਂ 'ਚ ਲੋਕ ਸੈਲਾਬ ਉਮੜਿਆ

**ਨਵਾਂਸ਼ਹਿਰ–** ਸੁਪਰੀਮ ਕੋਰਟ ਵੱਲੋਂ ਐਸ.ਸੀ/ਐਸ.ਟੀ. ਸੁਰ-ਖਿਆ ਕਾਨੂੰਨ ਦੀਆਂ ਧਾਰਾਵਾਂ ਵਿਚ ਤਬਦੀਲੀ ਕਰਕੇ ਉਸ ਨੂੰ ਨਰਮ ਬਣਾਏ ਜਾਣ ਦੇ ਵਿਰੋਧ ਵਿਚ ਦੇਸ਼ ਵਿਆਪੀ ਬੰਦ ਦੇ ਦਿੱਤੇ ਗਏ ਸੱਦੇ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਭਰਪੂਰ ਸਮਰਥਨ ਮਿਲਿਆ ਹੈ। ਇਸ ਸੱਦੇ ਤਹਿਤ ਜ਼ਿਲ੍ਹੇ ਵਿਚ ਦੁਕਾਨਾਂ, ਬੱਸਾਂ, ਟਰੱਕ, ਟੈਂਪੂ, ਛੋਟੀਆਂ ਸਨਅਤਾਂ, ਮੰਡੀਆਂ ਪੂਰੀ ਤਰ੍ਹਾਂ ਬੰਦ ਰਹੀਆਂ, ਇੱਥੋਂ ਤੱਕ ਕਿ ਮੈਡੀਕਲ ਸਟੋਰ ਵੀ ਨਹੀਂ ਖੁੱਲ੍ਹੇ। ਜ਼ਿਲ੍ਹੇ ਦੇ ਬਲਾਚੌਰ, ਬੰਗਾ, ਰਾਹੋਂ, ਜਾਡਲਾ, ਸੜੋਆ ਅਤੇ ਨਵਾਂਸ਼ਹਿਰ ਮੁਕੰਮਲ ਤੌਰ 'ਤੇ ਬੰਦ ਰਹੇ। ਦਲਿਤ ਸਮਾਜ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਹਮਾਇਤੀ ਜਥੇਬੰਦੀਆਂ ਵੱਲੋਂ ਗੁਰਦੁਆਰਾ ਗੁਰੂ ਰਵਿਦਾਸ ਜੀ ਨਵਾਂਸ਼ਹਿਰ ਤੋਂ ਚੱਲ ਕੇ ਬਾਜ਼ਾਰਾਂ ਤੋਂ ਹੁੰਦੇ ਹੋਏ ਸਥਾਨਕ ਚੰਡੀਗੜ੍ਹ ਚੌਕ 'ਚ ਧਰਨਾ ਲਾਇਆ ਗਿਆ ਜਿਹੜਾ ਸਵੇਰੇ 11 ਵਜੇ ਤੋਂ ਸ਼ੁਰੂ ਹੋ ਕੇ 3 ਵਜੇ ਤੱਕ ਚੱਲਿਆ। ਇਸ ਮੌਕੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਸਲਰ ਕਮਲਜੀਤ, ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ, ਕੁਲਵਿੰਦਰ ਸਿੰਘ ਵੜੈਚ ਇਫ਼ਟੂ ਆਗੂ, ਬਿੱਟਾ ਸਭਰਵਾਲ ਭਾਵਾਧਸ ਆਗੂ, ਰਾਜਾ ਸਭਰਵਾਲ, ਵਿਕੀ ਗਿੱਲ, ਨਿੱਕੂ ਰਾਮ ਜਨਾਗਲ, ਸਤੀਸ਼ ਕੁਮਾਰ, ਜਸਬੀਰ ਦੀਪ ਆਗੂ ਲੋਕ ਸੰਘਰਸ਼ ਮੰਚ ਨੇ ਆਖਿਆ ਕਿ ਅੱਜ ਦਾ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਹ ਦਰਸਾਉਂਦਾ ਹੈ ਕਿ ਸੰਵਿਧਾਨ ਦੇ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਵੱਲੋਂ ਦੱਬੇ ਕੁਚਲੇ ਲੋਕਾਂ ਨੂੰ ਸੰਵਿਧਾਨ ਅੰਦਰ ਦਿੱਤੇ ਗਏ ਅਧਿਕਾਰਾਂ ਨਾਲ ਕੀਤੀ ਜਾਂਦੀ ਛੇੜਛਾੜ ਨੂੰ ਲੋਕ ਕਦਾਚਿਤ ਵੀ ਸਹਿਣ ਨਹੀਂ ਕਰਨਗੇ, ਭਾਵੇਂ ਉਨ੍ਹਾਂ ਨੂੰ ਜੋ ਮਰਜ਼ੀ ਕੁਰਬਾਨੀ ਕਰਨੀ ਪਵੇ। ਆਗੂਆਂ ਨੇ ਆਖਿਆ ਕਿ ਆਰ.ਐਸ.ਐਸ. ਦੇ ਇਸ਼ਾਰਿਆਂ ਉੱਤੇ ਮੋਦੀ ਸਰਕਾਰ ਅਦਾਲਤਾਂ ਰਾਹੀਂ ਦਲਿਤਾਂ ਦੇ ਹੱਕ ਵਿਚ ਬਣੇ ਹੋਏ ਸੰਵਿਧਾਨਕ ਕਾਨੂੰਨਾਂ ਨੂੰ ਛਾਂਗ ਕੇ ਉਨ੍ਹਾਂ ਨੂੰ ਕਮਜ਼ੋਰ ਕਰ ਰਹੀ ਹੈ। ਐਸ.ਸੀ/ਐਸ.ਟੀ. ਐਕਟ ਵਿਚ ਕੀਤੀ ਗਈ ਸੋਧ ਵੀ ਇਸੇ ਦਾ ਹੀ ਇਕ ਹਿੱਸਾ ਹੈ। ਸਾਧਨ ਹੀਣ ਵਿਅਕਤੀ ਪੜ੍ਹ ਲਿਖ ਕੇ ਸਮਾਜ ਅਤੇ ਦੇਸ਼ ਦਾ ਚੰਗਾ ਮਾੜਾ ਨਾ ਸੋਚ ਸਕੇ ਇਸ ਕਰਕੇ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿਚੋਂ ਬਾਹਰ ਧੱਕ ਕੇ ਯੂਨੀਵਰਸਿਟੀਆਂ ਵਿਚ ਰਾਖਵਾਂਕਰਨ ਖ਼ਤਮ ਕਰ ਦਿੱਤਾ ਗਿਆ ਹੈ। ਹਿੰਦੂ-ਤਵੀ ਜਥੇਬ-ਦੀਆਂ ਵੱਲੋਂ ਦਲਿਤਾਂ, ਕਮਿਊਨਿਸਟਾਂ, ਅੰਬੇਡਕਰ ਵਾਦੀਆਂ, ਮੁਸਲਮਾਨਾਂ ਅਤੇ ਤਰਕਸ਼ੀਲਾਂ ਉੱਤੇ ਜਾਨਲੇਵਾ ਹਮਲੇ ਕੀਤੇ ਜਾ ਰਹੇ ਹਨ। ਜਿਸ ਦਾ ਜਵਾਬ ਇਕੱਠ ਲੋਹੇ ਦੀ ਲੱਠ ਬਣ ਕੇ ਦੇਣਾ ਚਾਹੀਦਾ ਹੈ। ਬੁਲਾਰਿਆਂ ਨੇ ਜ਼ੋਰ ਦੇ ਕੇ ਆਖਿਆ ਕਿ ਡਾ: ਬੀ.ਆਰ.ਅੰਬੇਡਕਰ ਵੱਲੋਂ ਦੇਸ਼ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿਤ ਵਿਚ ਲਿਖੇ ਗਏ ਭਾਰਤੀ ਸੰਵਿਧਾਨ ਨਾਲ ਛੇੜਛਾੜ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਕਰਨਯੋਗ ਨਹੀਂ ਹੈ। ਇਸ ਦੇ ਖ਼ਿਲਾਫ਼ ਸੜਕਾਂ ਉੱਤੇ ਨਿੱਕਲ ਕੇ ਲਹੂਬੀਟਵਾਂ ਸੰਘਰਸ਼ ਲੜਨ ਦੀ ਸ਼ੁਰੂ-ਆਤ ਕਰ ਦਿੱਤੀ ਗਈ ਹੈ। ਮੋਦੀ ਸਰਕਾਰ ਦੇਸ਼ ਨੂੰ ਫ਼ਿਰਕੂ ਅੱਗ ਦੀ ਭੱਠੀ ਵਿਚ ਸੁੱਟ ਕੇ ਸਮਾਜ ਦਾ ਫ਼ਿਰਕੂ ਆਧਾਰ 'ਤੇ ਧਰੁਵੀ ਕਰਨ ਕਰਨ 'ਤੇ ਹੋਈ ਹੈ। ਇਸ ਦਾ ਫਾਸ਼ੀਵਾਦੀ ਕਿਰਦਾਰ ਹੀ ਹੈ ਜਿਸ ਤਹਿਤ ਲੋਕਾਂ ਦੇ ਖਾਣ ਪੀਣ, ਲੋਕਾਂ ਦੇ ਪਹਿਰਾਵੇ, ਲੋਕਾਂ ਦੀ ਧਾਰਮਿਕ ਤੇ ਸਭਿਆਚਾਰਕ ਆਜ਼ਾਦੀ ਉੱਤੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦਲਿਤ ਵਿਰੋਧੀ ਤਾਕਤਾਂ ਨਾਲ ਲੰਬੀ ਲੜਾਈ ਲੜਨ ਦੀ ਤਿਆਰੀ ਵਿਚ ਜੁੱਟ ਜਾਣ। ਇਕੱਠ ਨੂੰ ਸਾਬਕਾ ਵਿਧਾਇਕ ਹਰਗੋਪਾਲ ਸਿੰਘ, ਬੀਬੀ ਗੁਰਬਖ਼ਸ਼ ਕੌਰ ਸੰਘਾ, ਕਮਲਜੀਤ ਸਨਾਵਾ, ਸੁੱਖਾ ਰਾਮ ਸਰੋਆ, ਰਮਨ ਕੁਮਾਰ ਮਾਨ, ਮਨੀਸ਼ ਕੁਮਾਰ ਬਿੱਲਾ ਪ੍ਰਧਾਨ ਗੁਰੂ ਰਵਿਦਾਸ ਨੌਜਵਾਨ ਸਭਾ, ਹਰੀ ਪਾਲ ਜਨਾਗਲ ਪ੍ਰਧਾਨ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਨਵਾਂਸ਼ਹਿਰ, ਮੱਖਣ ਲਾਲ ਚੌਹਾਨ, ਬਲਵੀਰ ਸਿੰਘ ਜਾਡਲਾ, ਸੋਹਣ ਸਿੰਘ ਸਲੇਮਪੁਰੀ, ਹਰੀ ਰਾਮ ਰਸੂਲਪੁਰੀ, ਮਹਾਂ ਸਿੰਘ ਰੌੜੀ, ਸਤਪਾਲ ਬਾਲੀ, ਸਤਪਾਲ ਸਾਹਲੋਂ, ਸੁਰਿੰਦਰ ਝੱਲੀ, ਮਨਜੀਤ ਰਾਜੂ, ਸੋਖੀ ਰਾਮ ਬੱਜੋਂ, ਬਲਜੀਤ ਸਿੰਘ ਧਰਮਕੋਟ ਪੰਜਾਬ ਸਟੂਡੈਂਟਸ ਯੂਨੀਅਨ ਆਗੂ, ਸੁਨੀਤਾ ਦੇਵੀ, ਸੱਤਿਆ ਦੇਵੀ, ਸੁਮਨ ਦੇਵੀ ਸਾਬਕਾ ਕਾਸਲਰ, ਪ੍ਰਦੀਪ ਕੌਰ ਅਤੇ ਪ੍ਰਕਾਸ਼ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। **(ਬਾਕੀ ਅਗਲੇ ਸਫੇ 'ਤੇ)**

**ਰੋਜ਼ਾਨਾ ਅਜੀਤ ਜਲੰਧਰ ਤੋਂ ਧੰਨਵਾਦ ਸਹਿਤ**

















# ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮੁਕੰਮਲ ਬੰਦ ਰਿਹਾ, ਧਰਨੇ ਮੁਜ਼ਾਹਰਿਆਂ 'ਚ ਲੋਕ ਸੈਲਾਬ ਉਮੜਿਆ

**ਬੰਗਾ, (ਜਸਬੀਰ ਸਿੰਘ ਨੂਰਪੁਰ) –** ਸੁਪਰੀਮ ਕੋਰਟ ਵਲੋਂ ਐਸ. ਸੀKਐਸ. ਟੀ ਐਕਟ ਵਿਚ ਰੱਦੋ ਬਦਲ ਕਰਨ ਦੇ ਹੁਕਮਾਂ ਦੇ ਵਿਰੋਧ ਵਿਚ ਬੰਗਾ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਐਸ. ਸੀKਬੀ. ਸੀ ਫੈਡਰੇਸ਼ਨਾਂ ਵਲੋਂ ਬੰਗਾ ਬੱਸ ਸਟੈਂਡ ਤੋਂ ਲੈ ਕੇ ਗੜ੍ਹਸ਼ੰਕਰ ਚਾਕ ਤੱਕ ਰੋਸ ਮਾਰਚ ਕੀਤਾ ਗਿਆ। ਰੋਸ ਮਾਰਚ ਨੂੰ ਬੰਗਾ ਹਲਕੇ ਦੇ ਵਿਧਾਇਕ ਡਾ: ਸੁਖਵਿੰਦਰ ਕੁਮਾਰ ਸੁੱਖੀ, ਰਸ਼ਪਾਲ ਰਾਜੂ ਪ੍ਰਧਾਨ ਬਸਪਾ ਪੰਜਾਬ, ਠੇਕੇਦਾਰ ਰਜਿੰਦਰ ਸਿੰਘ, ਡਾ: ਹਰਪ੍ਰੀਤ ਸਿੰਘ ਕੈਂਥ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ, ਪਾਖਰ ਸਿੰਘ ਨਿਮਾਣਾ, ਅਰੁਣ ਘਈ, ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰਧਾਨ, ਮਨੋਹਰ ਲਾਲ ਬਹਿਰਾਮ, ਰਾਮ ਕਿਸ਼ਨ ਪੱਲੀ ਝਿੱਕੀ, ਪ੍ਰਵੀਨ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ: ਅੰਬੇਡਕਰ ਦੁਆਰਾ ਦੱਬੇ ਕੁਚਲੇ ਮਜ਼ਲੂਮਾਂ, ਗਰੀਬਾਂ ਤੇ ਬੇਸਹਾਰਾ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਤੇ ਅੱਤਿਆਚਾਰ ਨੂੰ ਰੋਕਣ ਲਈ ਕਾਨੂੰਨੀ ਲੜਾਈ ਲੜਨ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਜੋ ਕਾਨੂੰਨੀ ਵਿਵਸਥਾ ਨੂੰ ਤਿਆਰ ਕਰਕੇ ਸੰਵਿਧਾਨਕ ਹੱਕ ਦਿੱਤੇ ਹਨ, ਨੂੰ ਮਾਨਯੋਗ ਸੁਪਰੀਮ ਕੋਰਟ ਵਲੋਂ ਐਸ. ਸੀKਐਸ. ਟੀ ਐਕਟ ਵਿਚ ਸੋਧ ਕੀਤੀ ਗਈ ਹੈ ਜਿਸ ਨਾਲ ਐਸ. ਸੀ.Kਐਸ. ਟੀ ਭਾਈਚਾਰੇ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਜਿਹੀਆਂ ਸੋਧਾਂ ਦਲਿਤ ਸਮਾਜ ਨਹੀਂ ਕਰਨ ਦੇਵੇਗਾ ਨਾ ਹੀ ਕਿਸੇ ਨੂੰ ਸੰਵਿਧਾਨ ਵਿਚ ਰੱਦੋ ਬਦਲ ਕਰਨ ਦਿਆਂਗੇ। ਇਸ ਮੌਕੇ 'ਤੇ ਮੱਖਣ ਸਿੰਘ ਤਾਹਰਪੁਰੀ, ਸੁਰਜੀਤ ਸੈਂਪਲੇ, ਹਰਮੇਸ਼ ਵਿਰਦੀ, ਡਾ: ਨਰੰਜਣ ਪਾਲ, ਕੁਲਜੀਤ ਸਿੰਘ ਸਰਹਾਲ, ਰਕੇਸ਼ ਰਾਏ, ਡਾ: ਬਲਵੀਰ ਬੱਲ, ਬੁੱਧ ਸਿੰਘ ਪੁਰੇਵਾਲ, ਬਲਵਿੰਦਰ ਮਾਹਲ, ਹਰੀ ਪਾਲ, ਪ੍ਰਸ਼ੋਤਮ ਕੁਮਾਰ, ਜੀਤ ਸਿੰਘ ਭਾਟੀਆ, ਸੁਰਜੀਤ ਸਿੰਘ ਝਿੰਗੜ ਵਾਈਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਬਲਦੇਵ ਐਨ. ਜੀ. ਓ ਰਾਹੋਂ, ਗੁਰਚਰਨ ਸਿੰਘ ਸਰਪੰਚ ਕੱਟਾਂ, ਜੁਗਿੰਦਰ ਪਾਲ, ਡਾ: ਸੁਰਜੀਤ ਚੇਤਾ, ਰਾਮ ਆਸਰਾ, ਰਘਵਿੰਦਰ ਕੁਮਾਰ, ਹਰਪਾਲ ਸਿੰਘ ਕਟਾਰੀਆ, ਡਾ: ਸੁਰਿੰਦਰ ਝੰਡੇਰ, ਲਖਵੀਰ ਬੀਸਲਾ, ਬਲਵੀਰ ਕਰਨਾਣਾ, ਸੁਖਦੇਵ ਮੱਲ੍ਹਾ, ਦੀਪਕ ਘਈ, ਪਾਲ ਚੰਦ, ਡਾ: ਪਰਮਜੀਤ ਸੋਫੀਆ, ਤੇਜਪਾਲ, ਸੁਖਵੀਰ ਚੰਦ ਸਰਪੰਚ, ਗੁਰਦਿਆਲ ਸਿੰਘ ਸਰਪੰਚ, ਦਰਸ਼ਨ ਰਾਮ ਰੱਤੂ, ਸੁਚੇਤ ਕੁਮਾਰ ਸਰਹਾਲ, ਸਨੀ ਕੁਮਾਰ, ਸਰਦਾਰਾ ਸਿੰਘ, ਪਾਲ ਚੰਦ, ਕੁਲਵਿੰਦਰ ਕੁਮਾਰ ਮੰਡੇਰ, ਮਨਿੰਦਰ ਮਨੀ, ਸੁਰਿੰਦਰ ਸਰੋਆ ਆਦਿ ਹਾਜ਼ਰ ਸਨ।

**ਬਹਿਰਾਮ, (ਨਛੱਤਰ ਸਿੰਘ ਬਹਿਰਾਮ, ਸਰਬਜੀਤ ਸਿੰਘ) –** ਐਸ. ਸੀKਐਸ. ਟੀ ਐਕਟ ਨੂੰ ਕੇਂਦਰ ਸਰਕਾਰ ਵਲੋਂ ਜੋ ਭਾਰਤੀ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਗਿਣੀ ਮਿੱਥੀ ਸਾਜਿਸ਼ ਰਚੀ ਜਾ ਰਹੀ ਹੈ, ਦੇ ਵਿਰੋਧ ਵਿਚ ਬੀ. ਐਸ. ਪੀ, ਹੋਰ ਪਾਰਟੀਆਂ, ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਵਲੋਂ ਫਗਵਾੜਾ-ਰੋਪੜ ਮੁੱਖ ਮਾਰਗ ਨੇੜੇ ਮਾਹਿਲਪੁਰ ਚਾਕ, ਬਹਿਰਾਮ ਵਿਖੇ ਸਵੇਰ ਤੋਂ ਹੀ ਰੋਸ ਧਰਨਾ ਦਿੱਤਾ ਗਿਆ। ਧਰਨੇ ਦੀ ਸ਼ੁਰੂਆਤ ਡਾ: ਅੰਬੇਡਕਰ ਦੇ ਆਦਮ ਕੱਦ ਬੁੱਤ ਜੋ ਬਹਿਰਾਮ ਵਿਖੇ ਸਥਾਪਿਤ ਹੈ, ਤੋਂ ਕੀਤੀ ਗਈ ਜਿਸ ਵਿਚ ਵੱਖ-ਵੱਖ ਬੁਲਾਰਿਆਂ ਰਾਜ ਕੁਮਾਰ ਵੇਰਕਾ ਵਿਧਾਇਕ ਅੰਮ੍ਰਿਤਸਰ, ਰਛਪਾਲ ਰਾਜੂ ਪ੍ਰਧਾਨ ਬਹੁਜਨ ਸਮਾਜ ਪਾਰਟੀ, ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ:ਪੰਜਾਬ, ਸ਼ੰਗਾਰਾ ਰਾਮ ਸਹੁੰਗੜਾ ਸਾਬਕਾ ਵਿਧਾਇਕ ਗੜ੍ਹਸ਼ੰਕਰ, ਨਿਮਿਸ਼ਾ ਮਹਿਤਾ ਕਾਂਗਰਸ ਪਾਰਟੀ ਦੀ ਸੀਨੀਅਰ ਨੇਤਾ ਅਤੇ ਮੁੱਖ ਬੁਲਾਰਾ, ਪ੍ਰਵੀਨ ਬੰਗਾ ਬਸਪਾ ਨੇਤਾ, ਮਨੋਹਰ ਲਾਲ ਇੰਚਾਰਜ ਹਲਕਾ ਬੰਗਾ, ਲਾਲ ਚੰਦ ਔਜਲਾ, ਇੰਜੀ: ਸਤਪਾਲ ਸਲੋਹ, ਪਰਮਜੀਤ ਕੌਰ ਸਰਪੰਚ ਬਹਿਰਾਮ, ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰਧਾਨ ਐਸ. ਸੀ ਵਿੰਗ, ਪਾਖਰ ਸਿੰਘ ਚੱਕ ਗੁਰੂ, ਹਰਬਲਾਸ ਬਸਰਾ, ਧਰਮ ਪਾਲ ਤਲਵੰਡੀ ਜੱਟਾਂ ਆਦਿ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਰ. ਐਸ. ਐਸ ਦੇ ਇਸ਼ਾਰੇ 'ਤੇ ਬੀ. ਜੇ. ਪੀ. ਦੀ ਸਰਕਾਰ ਸੰਵਿਧਾਨ ਦੇ ਢਾਂਚੇ ਨੂੰ ਕਮਜੋਰ ਕਰਨ ਲਈ ਪਿਛਲੇ ਸਮੇਂ ਤੋਂ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਐਕਟ ਨੂੰ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਨਾਲ ਮਿਲ ਕੇ ਕੇਂਦਰ ਸਰਕਾਰ ਵਲੋਂ ਸਾਜਿਸ਼ ਅਧੀਨ ਛੇੜਛਾੜ ਕਰਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਆਪਣਾ ਇਹ ਫੈਸਲਾ ਵਾਪਸ ਨਾ ਲਿਆ ਤਾਂ ਇਸ ਤੋਂ ਵੀ ਵੱਡੇ ਸ਼ੰਘਰਸ਼ ਕੀਤੇ ਜਾਣਗੇ ਜਿਸ ਦੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਉਪਰੰਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਇਥੇ ਇਹ ਵੀ ਜਿਕਰਯੋਗ ਹੈ ਕਿ ਇਸ ਬੰਦ ਦੇ ਸੱਦੇ 'ਤੇ ਪੂਰਨ ਤੌਰ 'ਤੇ ਦੁਕਾਨਾਂ, ਬੈਂਕ, ਬਿਜਲੀ ਘਰ, ਪੈਟਰੋਲ ਪੰਪ, ਰੇਲਵੇ ਸ਼ਟੇਸ਼ਨ, ਸਕੂਲ-ਕਾਲਜ ਆਦਿ ਬੰਦ ਰਹੇ। ਸੜਕ 'ਤੇ ਸਵੇਰ ਤੋਂ ਸ਼ਾਮ ਤੱਕ ਸੰਨਾਟਾ ਛਾਇਆ ਰਿਹਾ, ਲੋਕ ਕੇਂਦਰ ਸਰਕਾਰ ਨੂੰ ਪਾਣੀ ਪੀ-ਪੀ ਕੇ ਕੋਸ ਰਹੇ ਸਨ। ਧਰਨਾਕਾਰੀ ਤੇਜ ਧੁੱਪ ਵਿਚ ਵੀ ਰੋਡ 'ਤੇ ਧਰਨਾ ਲਗਾ ਕੇ ਬੈਠੇ ਰਹੇ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਲਛਮਣ ਦਾਸ, ਮਨੋਹਰ ਲਾਲ ਬਹਿਰਾਮ, ਹਰਬਲਾਸ ਬਸਰਾ, ਪਾਲ ਸਿੰਘ ਪ੍ਰਧਾਨ ਮੇਹਲੀਆਣਾ, ਅਮਰਜੀਤ ਕਲਸੀ ਪ੍ਰਧਾਨ ਕਲਸੀ ਜਠੇਰੇ ਤਲਵੰਡੀ ਜੱਟਾਂ, ਸ਼ੈਂਕਰ ਦਾਸ ਨੰਬਰਦਾਰ ਤਲਵੰਡੀ ਜੱਟਾਂ, ਪਰਮਜੀਤ ਕੌਰ ਸਰਪੰਚ ਬਹਿਰਾਮ, ਕੇਹਰ ਚੰਦ ਫਰਾਲਾ, ਲਾਲੀ ਬਹਿਰਾਮ, ਲਾਲ ਚੰਦ ਔਜਲਾ, ਨਿਰਮਲ ਨਿੰਮਾ ਮੱਲ੍ਹਾ ਸੋਢੀਆਂ, ਗੁਰਦਿਆਲ ਰਾਮ ਸਰਪੰਚ ਚੱਕ ਮੰਡੇਰ, ਜੀਤ ਰਾਮ ਸਰਪੰਚ ਫਰਾਲਾ, ਬਲਵੀਰ ਰਾਮ ਸਰਪੰਚ ਅਨੋਖਰਵਾਲ, ਪ੍ਰੇਮ ਮੰਢਾਲੀ, ਹਰਮੇਸ਼ ਲਾਲ, ਡਾ: ਭੁਪਿੰਦਰ ਕੁਮਾਰ, ਨਸੀਬ ਚੰਦ ਰਾਣਾ ਫਰਾਲਾ, ਪ੍ਰਧਾਨ ਚਮਨ ਲਾਲ ਕਲਸੀ, ਗਿਆਨੀ ਨਾਜਰ ਸਿੰਘ ਜੱਸੋਮਜਾਰਾ, ਸੁਰਿੰਦਰਪਾਲ, ਡਾ: ਬਲਕਾਰ ਕਟਾਰੀਆ ਤੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਜ਼, ਚਰਨਜੀਤ ਸਿੰਘ ਮੰਢਾਲੀ, ਧਰਮਪਾਲ, ਚਰਨਜੀਤ ਭੁੱਟਾ, ਸੰਤ ਆਤਮਾ ਦਾਸ ਅਪਰਾ, ਸੰਤ ਹਾਕਮ ਦਾਸ ਸੰਧਵਾਂ, ਰਾਮ ਲਾਲ ਵਾਇਸ ਪ੍ਰਧਾਨ ਖੇਤ ਮਜ਼ਦੂਰ ਯੂਨੀਅਨ ਪੰਜਾਬ, ਗੁਰਮੁੱਖ ਸਿੰਘ ਪੰਚ ਬਹਿਰਾਮ, ਸਰਬਜੀਤ ਕੌਰ ਪੰਚ ਬਹਿਰਾਮ, ਹਰਦੀਪ ਕਲਸੀ ਤਲਵੰਡੀ ਜੱਟਾਂ, ਰਾਮ ਚੰਦ ਕਲਸੀ ਤਲਵੰਡੀ ਜੱਟਾਂ, ਗਿਰਧਾਰੀ ਲਾਲ ਕੁਲਥਮ, ਲੇਖ ਰਾਜ ਕੁਲਥਮ, ਸੋਰਵ ਕਲਸੀ ਤਲਵੰਡੀ ਜੱਟਾਂ, ਓਮ ਪ੍ਰਕਾਸ਼ ਕੁਲਥਮ, ਜਸਵਿੰਦਰ ਮੱਟੂ ਫਰਾਲਾ ਆਦਿ ਹਾਜ਼ਰ ਸਨ।

ਬਲਾਚੌਰ, (ਦੀਦਾਰ ਸਿੰਘ ਬਲਾਚੌਰੀਆ)- ਅਨੁਸੂਚਿਤ ਜਾਤੀ ਤੇ ਜਨ ਜਾਤੀ ਐਕਟ ਵਿਚ ਕੀਤੀ ਸੋਧ ਤੋਂ ਖ਼ਫ਼ਾ ਅੱਜ ਦਲਿਤ ਜਥੇਬੰਦੀਆਂ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸੱਦੇ 'ਤੇ ਬਲਾਚੌਰ ਸ਼ਹਿਰ ਸ਼ਾਂਤਮਈ ਬੰਦ ਰਿਹਾ। ਬਹੁਜਨ ਸਮਾਜ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਅੰਬੇਡਕਰ ਸੈਨਾ, ਭੀਮ ਸੈਨਾ, ਪੰਚ ਪ੍ਰਧਾਨੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਐਸ. ਸੀ. ਵਿੰਗ ਦੇ ਆਗੂ ਅਤੇ ਵੱਡੀ ਗਿਣਤੀ ਵਿਚ ਵਰਕਰਾਂ ਨੇ ਸ਼ਹਿਰ ਵਿਚ ਮਾਰਚ ਕਰ ਕੇ ਹੱਕ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

ਇਸ ਉਪਰੰਤ ਉਕਤ ਜਥੇਬੰਦੀਆਂ ਵੱਲੋਂ ਦੁਕਾਨਦਾਰਾਂ ਨੂੰ ਅਪੀਲ ਕਰਨ 'ਤੇ ਸਮੂਹ ਦੁਕਾਨਦਾਰਾਂ ਨੇ ਪੂਰਾ ਸਹਿਯੋਗ ਦਿੱਤਾ। ਬਾਅਦ ਵਿਚ ਮੁੱਖ ਚਾਕ ਵਿਖੇ ਭਾਰੀ ਇਕੱਠ ਨੂੰ ਜ਼ਿਲ੍ਹਾ ਇੰਚਾਰਜ ਬਸਪਾ ਹਰਬੰਸ ਲਾਲ ਚਣਕੋਆ, ਬਲਜੀਤ ਸਿੰਘ ਭਾਰਾਪੁਰ, ਸ਼ਿੰਗਾਰਾ ਸਿੰਘ ਬੈਂਸ, ਦਿਲਬਾਗ ਚੰਦ ਮਹਿੰਦੀਪੁਰ, ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ, ਸਾਬਕਾ ਵਿਧਾਇਕ ਹਰਗੋਪਾਲ ਸਿੰਘ, ਕਾਸਲਰ ਪਰਵਿੰਦਰ ਭਾਟੀਆ, ਸੀ.ਪੀ.ਆਈ. ਦੇ ਤਹਿਸੀਲ ਸਕੱਤਰ ਕਾਮਰੇਡ ਪਰਮਿੰਦਰ ਮੇਨਕਾ, ਕਾਸਲਰ ਲਾਲ ਬਹਾਦਰ ਗਾਂਧੀ, ਅੰਬੇਡਕਰ ਸੈਨਾ ਦੇ ਸੂਬਾ ਪ੍ਰਧਾਨ ਪਵਨ ਬੈਂਸ, ਭੀਮ ਸੈਨਾ ਦੇ ਮਨਜੀਤ ਬੇਦੀ, ਪੰਚ ਪ੍ਰਧਾਨੀ ਵੱਲੋਂ ਭਾਈ ਮਨਧੀਰ ਸਿੰਘ ਗੜ੍ਹੀ, ਜਰਨੈਲ ਸਿੰਘ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਬਾਦਲ ਐਸ. ਸੀ. ਵਿੰਗ ਦੇ ਸੂਬਾਈ ਕਾਰਜਕਾਰਨੀ ਮੈਂਬਰ ਜਥੇਦਾਰ ਤਰਸੇਮ ਸਿੰਘ ਸਿੰਬਲ ਮਜਾਰਾ, ਹਜ਼ੂਰਾ ਸਿੰਘ ਪੈਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਸੋਧ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਆਰ.ਐਸ.ਐਸ. ਦੇ ਇਸ਼ਾਰੇ ਤਹਿਤ ਹੋਈ ਹੈ ਪਰ ਭਾਜਪਾ ਦੀ ਇਹ ਕੋਝੀ ਚਾਲ ਕਿਸੇ ਵੀ ਹਾਲਤ ਵਿਚ ਸਫਲ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਦਵਿੰਦਰ ਸੀਹਮਾਰ, ਜਸਵੀਰ ਔਲੀਆਪੁਰ, ਹਰਭਜਨ ਜੱਬਾ, ਹਰਬੰਸ ਕਲੇਰ, ਜਗਨ ਨਾਥ ਵਿਰਦੀ, ਸੁਰਿੰਦਰ ਸੀਹਮਾਰ, ਵਿਜੇ ਮੇਨਕਾ ਅਤੇ ਹੋਰ ਵੀ ਹਾਜ਼ਰ ਸਨ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਸਤਿੰਦਰ ਸਿੰਘ ਨੇ ਵਿਸ਼ੇਸ਼ ਤੌਰ ਤੇ ਬਲਾਚੌਰ ਦਾ ਦੌਰਾ ਕੀਤਾ ਅਤੇ ਡੀ.ਐਸ.ਪੀ. ਅਨਿਲ ਕੁਮਾਰ ਕੋਹਲੀ ਤੇ ਪੁਲਿਸ ਪਾਰਟੀ ਨੂੰ ਅਮਨ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ।

**ਮੁਕੰਦਪੁਰ, (ਅਮਰੀਕ ਸਿੰਘ ਢੀਂਡਸਾ) –** ਐਸ. ਸੀ Kਐਸ. ਟੀ ਐਕਟ ਨਾਲ ਛੇੜ-ਛਾੜ ਦੇ ਮੱਦੇ ਨਜ਼ਰ 6 ਵੱਖ-ਵੱਖ ਪਾਰਟੀਆਂ ਦੇ ਭਾਰਤ ਬੰਦ ਦੇ ਸੱਦੇ 'ਤੇ ਬੰਗਾ ਵਿਧਾਨ ਸਭਾ ਅਧੀਨ ਆਉਂਦੇ ਕਸਬਾ ਮੁਕੰਦਪੁਰ ਵਿਖੇ ਪਿੰਡ ਰਟੈਂਡਾ, ਸਾਧਪੁਰ, ਤਲਵੰਡੀ ਫੁੱਤੂ, ਜਗਤਪੁਰ, ਸ਼ੇਖੂਪੁਰ, ਬਖਲੌਰ, ਹਕੀਮਪੁਰ ਅਤੇ ਮੁਕੰਦਪੁਰ ਦੇ ਬਸਪਾ , ਅਕਾਲੀ ਦਲ, ਕਾਂਗਰਸ ਤੇ ਕਮਿਊਨਿਸਟ ਪਾਰਟੀਆਂ ਦੇ ਐਸ. ਸੀKਐਸ. ਟੀ ਵਰਗ ਨਾਲ ਸਬੰਧਿਤ ਮੁਲਾਜ਼ਮਾਂ ਤੇ ਵਰਕਰਾਂ ਨੇ ਕੇਂਦਰ ਸਰਕਾਰ ਦੇ ਖਿਲਾਫ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਨਾਅਰੇਬਾਜੀ ਕੀਤੀ। ਉਨ੍ਹਾਂ ਕਿਹਾ ਕਿ ਡਾ: ਅੰਬੇਦਕਰ ਵਲੋਂ ਲਿਖੇ ਸੰਵਿਧਾਨ ਵਿਚ ਕੀਤੀ ਛੇੜ-ਛਾੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਇਸ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਇਸ ਦੇ ਮਾਮਲੇ ਹੋਰ ਵੀ ਗੰਭੀਰ ਹੋਣਗੇ। ਜਥੇਬੰਦੀਆਂ ਵਲੋਂ ਰੋਸ ਮਾਰਚ ਕਰਕੇ ਪ੍ਰਧਾਨ ਮੰਤਰੀ ਦਾ ਪੁੱਤਲਾ ਸਾੜਿਆ। ਇਸ ਮੌਕੇ ਸੋਹਨ ਲਾਲ ਢੰਡਾ ਐਸ. ਸੀ ਵਿੰਗ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਸਤਨਾਮ ਸੰਧੂ ਜਨਰਲ ਸਕੱਤਰ ਪੰਜਾਬ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ, ਬੀ. ਪੀ. ਈ. ਓ ਕਰਨੈਲ ਸਿੰਘ ਰਵਿੰਦਰ ਕੁਮਾਰ ਚੱਕ ਬਿਲਗਾ, ਚਰਨਜੀਤ ਕਟਾਰੀਆਂ ਕਾਂਗਰਸੀ ਆਗੂ, ਕੁਲਵਿੰਦਰ ਸਰਪੰਚ ਮੰਡੇਰਾਂ, ਪਰਮਜੀਤ ਲੋਹਟੀਆ, ਸੋਮ ਨਾਥ ਰਟੈਂਡਾ ਬਸਪਾ ਆਗੂ, ਸੱਤਪਾਲ ਰਟੈਂਡਾ, ਹਰਮੇਲ, ਗੁਰਪ੍ਰੀਤ ਸਾਧਪੁਰ, ਸੁਖਵਿੰਦਰ ਸਰਹਾਲ, ਕੁਲਦੀਪ ਕਟਾਰੀਆ, ਸੰਦੀਪ, ਮਲਕੀਤ ਰਾਮ, ਜਸਵੰਤ ਕਟਾਰੀਆ, ਚੇਤੀ ਰਾਮ ਰਟੈਂਡਾ, ਪੰਕਜ ਲੋਹਟੀਆ, ਕੁਲਵਿੰਦਰ ਸੋਨੂੰ, ਜੱਸਾ ਬੱਲੋਵਾਲ, ਸੁਰਿੰਦਰ ਢੰਡਾ ਬਖਲੋਰ, ਰਾਹੁਲ ਪੰਚ, ਸਾਜਨ ਮੱਟੂ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ, ਬੀਬੀਆਂ ਤੇ ਨੌਜਵਾਨ ਹਾਜ਼ਰ ਸਨ।

**ਜਾਡਲਾ, (ਬੱਲੀ)–** ਅੱਜ ਵੱਖ ਵੱਖ ਜਥੇਬੰਦੀਆਂ ਦੇ ਸੱਦੇ ਐਸ.ਸੀKਐਸ.ਟੀ ਐਕਟ ਨਾਲ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਛੇੜਛਾੜ ਕੀਤੇ ਜਾਣ ਦੀਆਂ ਚਾਲਾ ਦੇ ਵਿਰੋਧ ਵਿਚ ਜਾਡਲਾ ਦੇ ਬਾਜ਼ਾਰ ਅਤੇ ਕਾਰੋਬਾਰੀ ਅਦਾਰੇ ਸਵੇਰ ਤੋਂ ਹੀ ਪੂਰੀ ਤਰ੍ਹਾਂ ਬੰਦ ਰਹੇ। ਇੱਥੋਂ ਦੀ ਬਸਪਾ ਇਕਾਈ, ਡਾ: ਅੰਬੇਡਕਰ ਸੇਵਾ ਸੁਸਾਇਟੀ, ਵਾਲਮੀਕੀ ਸਮਾਜ ਅਤੇ ਹੋਰ ਦਲਿਤ ਜਥੇਬੰਦੀਆਂ ਵੱਲੋਂ ਕਸਬੇ ਵਿਚ ਰੋਸ ਮਾਰਚ ਕਰਨ ਉਪਰੰਤ ਉਟਾਲਾਂ ਚੌਕ ਵਿਚ ਧਰਨਾ ਲਾ ਕੇ ਰੋਸ ਰੈਲੀ ਕੀਤੀ ਜਿਸ ਨੂੰ ਸੰਬੋਧਨ ਕਰਦਿਆਂ ਬਸਪਾ ਆਗੂ ਰੇਸ਼ਮ ਮੀਰਪੁਰੀ, ਸੁਰਿੰਦਰ ਮੁਣਸ਼ੀ, ਬਲਦੇਵ ਬੇਦੀ ਮੀਰਪੁਰ, ਹਰਬੰਸ ਜਾਨੀਵਾਲ, ਸੋਹਣ ਸਿੰਘ ਧੈਂਗੜਪੁਰੀ, ਗਾਇਕ ਜਗਦੀਸ਼ ਜਾਡਲਾ, ਰਵੀ ਭਾਟੀਆ, ਪ੍ਰਿੰ: ਰਾਮ ਨਾਥ, ਤੀਰਥ ਸਿੰਘ ਭਾਟੀਆ, ਆਦਿ ਧਰਮ ਸਮਾਜ ਦੇ ਆਗੂ ਸੁਰਿੰਦਰ ਸਿੰਘ ਮੀਰਪੁਰੀ ਅਤੇ ਵਾਲਮੀਕੀ ਸਮਾਜ ਦੇ ਆਗੂ ਤਾਰਾ ਚੰਦ ਭੀਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਅਤੇ ਉਸ ਦੇ ਜੋਟੀਦਾਰਾਂ ਦੀ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਘੱਟ ਗਿਣਤੀਆਂ ਵਿਰੁੱਧ ਕੀਤੀਆਂ ਜਾਣ ਵਾਲੀਆਂ ਕੁਚਾਲਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਆਉਂਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਸਰਕਾਰ ਦਾ ਬਿ-ਸਤਰਾ ਗੋਲ ਕਰ ਦਿੱਤਾ ਜਾਵੇਗਾ। ਬੀਰੋਵਾਲ ਸਮੇਤ ਹੋਰ ਪਿੰਡਾਂ ਵਿਚ ਬਣੇ ਬਾਜ਼ਾਰ ਵੀ ਮੁਕੰਮਲ ਤੌਰ 'ਤੇ ਬੰਦ ਰਹੇ। ਇਸ ਮੌਕੇ ਧਰਨਾਕਾਰੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਵੀ ਸਾੜਿਆ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਵੱਲੋਂ ਜੈ ਚੰਦ, ਮਾ: ਸ਼ਾਦੀ ਲਾਲ, ਦਵਿੰਦਰ ਜਾਡਲਾ, ਗੁਵਿੰਦਰ ਜਾਡਲਾ, ਭਾਗ ਰਾਮ, ਗੁਰਮੇਲ ਰਾਮ, ਅਵਤਾਰ ਸਿੰਘ ਆਲੋਵਾਲ, ਜੀਵਨ ਜਾਡਲਾ, ਰਤਨ ਲਾਲ, ਕਿਸ਼ਨ ਲਾਲ, ਜੋਗਿੰਦਰਪਾਲ, ਮੋਹਨ ਲਾਲ, ਸੁੱਚਾ ਸਿੰਘ ਸੈਣੀ ਅਤੇ ਇਲਾਕੇ ਲੋਕ ਭਾਰੀ ਗਿਣਤੀ ਵਿਚ ਵੀ ਹਾਜ਼ਰ ਸਨ।

**ਮਜਾਰੀ/ ਸਾਹਿਬਾ, (ਨਿਰਮਲਜੀਤ ਸਿੰਘ ਚਾਹਲ)–** ਐਸ.ਸੀ./ਐਸ.ਟੀ. ਐਕਟ ਸਬੰਧੀ ਆਏ ਸਰਵ ਉਚ ਅਦਾਲਤ ਦੇ ਫ਼ੈਸਲੇ ਦੇ ਵਿਰੋਧ ਵਿਚ ਦਲਿਤ ਅਤੇ ਹੋਰ ਜਥੇਬੰਦੀਆਂ ਵਲੋਂ ਭਾਰਤ ਬੰਦ ਦੇ ਦਿੱਤੇ ਸੱਦੇ 'ਤੇ ਕਸਬਾ ਮਜਾਰੀ, ਅੱਡਾ ਚਣਕੋਆ, ਕਰਾਵਰ ਅਤੇ ਅੱਡਾ ਬਕਾਪੁਰ ਦੀਆਂ ਸਾਰੀਆਂ ਦੁਕਾਨਾਂ ਬੰਦ ਰਹੀਆਂ। ਹਾਈਵੇਅ 'ਤੇ ਆਮਦੋਂ ਰਾਫਤ ਕੁਝ ਘੱਟ ਰਹੀ। ਬਸਪਾ ਦੇ ਆਗੂਆਂ ਜੈਪਾਲ ਸੈਂਪਲਾਂ ਅਤੇ ਭੁਪਿੰਦਰ ਬੇਗਮਪੁਰ ਦੀ ਅਗਵਾਈ ਵਿਚ ਇਕੱਠੇ ਵੱਡੀ ਗਿਣਤੀ 'ਚ ਵਰਕਰਾਂ ਵਲੋਂ ਕਸਬਾ ਮਜਾਰੀ ਵਿਖੇ ਮੋਦੀ ਸਰਕਾਰੀ ਖ਼ਲਾਫ਼ ਰੋਸ ਮਾਰਚ ਕੀਤਾ ਗਿਆ, ਸਰਕਾਰੀ ਖ਼ਲਾਫ਼ ਨਾਅਰੇਬਾਜ਼ੀ ਕੀਤੀ ਗਈ। ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਸਤਵਿੰਦਰ ਰੱਕੜ ਅਤੇ ਲਖਵੀਰ ਸਿੰਘ ਹਿਆਤਪੁਰ ਰੁੜਕੀ ਦੀ ਅਗਵਾਈ ਵਿਚ ਮੋਦੀ ਸਰਕਾਰ ਦਾ ਪੁਤਲਾ ਫ਼ੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਕੁੱਲ ਮਿਲਾ ਕਿ ਮਾਹੌਲ ਸ਼ਾਂਤੀ ਪੂਰਨ ਰਿਹਾ।

ਬਲਾਚੌਰ, (ਗੁਰਦੇਵ ਸਿੰਘ ਗਹੂੰਣ)- ਮਾਨਯੋਗ ਸੁਪਰੀਮ ਕੋਰਟ ਵਲੋਂ ਐਸ.ਸੀ.-ਐਸ.ਟੀ ਐਕਟ ਸਬੰਧੀ ਦਿੱਤੇ ਗਏ ਫ਼ੈਸਲੇ ਦੇ ਵਿਰੋਧ ਵਿਚ ਅੱਜ ਬਲਾਚੌਰ ਵਿਖੇ ਬਸਪਾ, ਸੀ.ਪੀ.ਆਈ. ਅਤੇ ਸਮੂਹ ਦਲਿਤ ਜਥੇਬੰਦੀਆਂ ਨੇ ਭਾਰਤ ਬੰਦ ਦੇ ਸੱਦੇ ਉੱਤੇ ਸ਼ਹਿਰ ਦੇ ਮੇਨ ਚੌਕ ਵਿਚ ਜਾਮ ਲਗਾ ਕੇ ਰੋਸ ਮੁਜ਼ਾਹਰਾ ਕੀਤਾ ਅਤੇ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸਿਆਣਾ (ਵਾਰਡ ਨੰਬਰ 1 ਬਲਾਚੌਰ) ਵਿਖੇ ਦਲਿਤ ਜਥੇਬੰਦੀਆਂ ਵਲੋਂ ਬਲਾਚੌਰ- ਗੜ੍ਹਸ਼ੰਕਰ ਸੜਕ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਅਤੇ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਦਵਾਈਆਂ ਦੀਆਂ ਦੁਕਾਨਾਂ ਨੂੰ ਛੱਡ ਕੇ ਬਲਾਚੌਰ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ। ਬੈਂਕ, ਪੰਜਾਬ ਸਰਕਾਰ ਦੇ ਦਫ਼ਤਰ ਅਤੇ ਵਿੱਦਿਅਕ ਅਦਾਰੇ ਪੂਰੀ ਤਰ੍ਹਾਂ ਬੰਦ ਰਹੇ। ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਪੂਰੀ ਤਰ੍ਹਾਂ ਬੰਦ ਰਹਿਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪਿਆ। ਬਲਾਚੌਰ ਦਾ ਪ੍ਰਸ਼ਾਸਨ ਵੀ ਬੰਦ ਕਰਵਾਉਣ ਵਾਲਿਆਂ ਨੂੰ ਸਹਿਯੋਗ ਕਰਦਾ ਨਜ਼ਰ ਆਇਆ।

ਉਸਮਾਨਪੁਰ, (ਸੰਦੀਪ ਮਝੂਰ)- ਭਾਰਤ ਦੀ ਸਰਵ ਉੱਚ ਅਦਾਲਤ ਵਲੋਂ ਐਸ.ਸੀ.Kਐਸ.ਟੀ. ਐਕਟ ਵਿਚ ਸੋਧ ਕਰਕੇ ਸਿੱਧੀ ਗ੍ਰਿਫ਼ਤਾਰੀ 'ਤੇ ਲਾਈ ਗਈ ਰੋਕ ਦੇ ਰੋਸ ਵਿਚ ਭਾਰਤ ਦੇ ਸਮੂਹ ਦਲਿਤ ਸੰਗਠਨਾਂ ਵਲੋਂ ਦਿੱਤੇ ਗਏ ਬੰਦ ਦੇ ਸੱਦੇ ਦਾ ਅਸਰ ਅੱਜ ਉਸਮਾਨਪੁਰ ਵਿਖੇ ਵੀ ਵੇਖਣ ਨੂੰ ਮਿਲਿਆ। ਅੱਜ ਇੱਥੇ ਰਾਹੋਂ- ਜਾਡਲਾ ਮਾਰਗ 'ਤੇ ਸਾਰੀ ਮਾਰਕੀਟ ਦੀਆਂ ਦੁਕਾਨਾਂ ਮੁਕੰਮਲ ਬੰਦ ਰਹੀਆਂ, ਕੋਈ ਵੀ ਨਿੱਜੀ ਜਾਂ ਸਰਕਾਰੀ ਬੱਸ ਨਹੀਂ ਚੱਲੀ। ਕੁਲ ਮਿਲਾ ਕੇ ਉਸਮਾਨਪੁਰ ਵਿਖੇ ਬੰਦ ਸ਼ਾਂਤੀਪੂਰਵਕ ਰਿਹਾ। ਦੁਕਾਨਦਾਰਾਂ ਨੇ ਵੀ ਆਪਣੀਆਂ ਦੁਕਾਨਾਂ ਬੰਦ ਕਰਕੇ ਦਲਿਤ ਸੰਗਠਨਾਂ ਨੂੰ ਸਹਿਯੋਗ ਦਿੱਤਾ। ਦਲਿਤ ਭਾਈਚਾਰੇ ਵਲੋਂ ਕੁਲਦੀਪ ਰਾਮ ਮੀਟ੍ਹਾ ਨੇ ਸਮੂਹ ਦਲਿਤ ਭਾਈਚਾਰੇ ਅਤੇ ਸਮੂਹ ਲੋਕਾਂ ਦਾ ਬੰਦ ਨੂੰ ਸਫਲ ਬਣਾਉਣ ਸਬੰਧੀ ਧੰਨਵਾਦ ਕੀਤਾ।

**ਸਾਹਲੋਂ, (ਜਰਨੈਲ ਸਿੰਘ ਨਿੱਘ੍ਹਾ)–** ਪਿਛਲੇ ਦਿਨੀਂ ਐਸ.ਸੀ/ਐਸ.ਟੀ ਐਕਟ ਦੇ ਕਾਨੂੰਨ ਸਬੰਧੀ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਲੈ ਕੇ ਦਲਿਤ ਸਮਾਜ ਵੱਲੋਂ ਮੋਦੀ ਸਰਕਾਰ ਦੇਂ ਖ਼ਿਲਾਫ਼ ਦਿੱਤੇ 'ਭਾਰਤ ਬੰਦ' ਦੇ ਸੱਦੇ ਕਾਰਨ ਇਲਾਕੇ ਦੀਆਂ ਦੁਕਾਨਾਂ, ਵਿੱਦਿਅਕ, ਵਪਾਰਕ ਆਦਿ ਵੱਖ-ਵੱਖ ਅਦਾਰਿਆਂ ਸਮੇਤ ਮੈਡੀਕਲ ਸਟੋਰ ਵੀ ਪੂਰਨ ਤੌਰ 'ਤੇ ਬੰਦ ਰਹੇ। ਦਲਿਤ ਸਮਾਜ ਲੋਕਾਂ ਦੇ ਵੱਖ-ਵੱਖ ਥਾਵਾਂ ਦੇ ਰੋਸ ਪ੍ਰਦਰਸ਼ਨ 'ਚ ਸਾਹਲੋਂ ਸਕੋਹਪੁਰ 'ਚ ਦਲਿਤ ਔਰਤ ਵਰਗ ਨੇ ਅਤੇ ਕਰਿਆਮ 'ਚ ਦਲਿਤ ਨੌਜਵਾਨ ਵਰਗ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੇਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਜਿਸ ਕਰਕੇ ਲੋਕਲ ਆਵਾਜਾਈ ਵਿਚ ਵੀ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਪਿਆ। ਇਸ ਮੌਕੇ ਸਕੂਟਰ ਮੋਟਰਸਾਈਕਲਾਂ ਨੂੰ ਛੱਡ ਕੇ ਕਾਰਾਂ ਅਤੇ ਭਾਰੀ ਮੋਟਰ ਗੱਡੀਆਂ ਸੜਕ ਤੋਂ ਗ਼ਾਇਬ ਰਹੀਆਂ। ਐਸ.ਐਸ.ਓ ਗੁਰਮੁਖ ਸਿੰਘ ਥਾਣਾ ਸਦਰ ਨੇ ਪੁਲਿਸ ਪਾਰਟੀ ਨਾਲ ਪੂਰੇ ਇਲਾਕੇ ਵਿਚ ਪ੍ਰਦਰਸ਼ਨਕਾਰੀਆਂ ਅਤੇ ਵਪਾਰੀਆਂ ਨਾਲ ਤਾਲਮੇਲ ਬਣਾ ਕੇ ਸਥਿਤੀ 'ਤੇ ਪੂਰੀ ਨਿਗਰਾਨੀ ਰੱਖੀ।

**ਸੰਧਵਾਂ, (ਪ੍ਰੇਮੀ ਸੰਧਵਾਂ) –** ਕੇਂਦਰ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਖਿਲਾਫ਼ ਪਿੰਡ ਸੰਧਵਾਂ ਵਿਖੇ ਵੱਖ-ਵੱਖ ਪਿੰਡਾਂ ਦੇ ਦਲਿਤ ਭਾਈਚਾਰੇ ਦੇ ਲੋਕਾਂ ਵਲੋਂ ਮੋਦੀ ਦਾ ਪੁਤਲਾ ਫੂਕਿਆ ਤੇ ਰੋਸ ਮੁਜਾਹਰਾ ਕੀਤਾ। ਔਰਤਾਂ ਨੇ ਮੋਦੀ ਸਰਕਾਰ ਦਾ ਪਿੱਟ ਸਿਆਪਾ ਵੀ ਕੀਤਾ। ਮੁਜਾਹਰਾ ਕਾਰੀਆਂ ਨੇ ਕੇਂਦਰ ਸਰਕਾਰ ਖਿਲਾਫ਼ ਰੋਸ ਜਾਹਿਰ ਕਰਦਿਆਂ ਰੋਡ ਜਾਮ ਕਰ ਦਿੱਤਾ ਜਿਸ ਕਾਰਨ ਰਾਹਗੀਰਾਂ ਨੂੰ ਆਪਣੀ ਮੰਜਲ ਵੱਲ ਜਾਣ ਲਈ ਕਾਫ਼ੀ ਖੱਜਲ ਖੁਆਰ ਹੋਣਾ ਪਿਆ। ਦਲਿਤ ਆਗੂ ਭੁਪਿੰਦਰ ਸਿੰਘ ਭੁੱਲਾਰਾਈ, ਜਸਵੀਰ ਸ਼ੀਰਾ, ਰਾਮ ਪ੍ਰਕਾਸ਼ ਹੀਰਾ, ਸੁਰਿੰਦਰ ਕੌਲ, ਦੇਸ ਰਾਜ ਹੀਰਾ, ਸਤੀਸ਼ ਕੁਮਾਰ ਸਿਮਕ ਆਦਿ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਆਰ. ਐਸ. ਐਸ ਦੇ ਇਸ਼ਾਰੇ 'ਤੇ ਦਲਿਤ ਵਿਰੋਧੀ ਨੀਤੀਆਂ ਨੂੰ ਕਾਨੂੰਨੀ ਅੰਜਾਮ ਰਾਹੀਂ ਲਾਗੂ ਕਰਨ ਦੇ ਇਰਾਦੇ ਨਾਲ ਦਲਿਤਾਂ ਦੇ ਹੱਕ ਖੋਹਣ ਦਾ ਯਤਨ ਕਰ ਰਹੀ ਹੈ ਜਿਸ ਨੂੰ ਦਲਿਤ ਭਾਈਚਾਰੇ ਦੇ ਲੋਕ ਸਹਿਣ ਨਹੀਂ ਕਰਨਗੇ। ਇਸ ਮੌਕੇ ਠੇਕੇਦਾਰ ਰਾਮ ਸਿੰਘ ਮੈਂਬਰ ਬਲਾਕ ਸੰਮਤੀ, ਮਹਿੰਦਰ ਰਾਮ ਸੂੰਢ, ਹਰਨੇਕ ਸਿੰਘ, ਡਾ: ਜਗਨ ਨਾਥ, ਰਵਿੰਦਰ ਸੂੰਢ, ਹਰਭਜਨ ਸਿੰਘ, ਭਜੀ ਲਾਖਾ, ਰੇਸ਼ਮ ਲਾਲ, ਰੂਪ ਲਾਲ, ਸਤਨਾਮ ਹੀਰਾ, ਰਾਮ ਆਸਰਾ ਫੌਜੀ, ਜੋਰਾਵਰ ਹੀਰਾ, ਸੁਨੀਲ ਹੀਰਾ, ਹੈਪੀ, ਸਤਪਾਲ, ਬੱਬੂ, ਡਾ: ਸ਼ਿੰਦਰਪਾਲ, ਅਸ਼ੋਕ ਕੁਮਾਰ, ਮਿੰਟੂ ਹੀਰਾ, ਰਵਿੰਦਰ ਹੀਰਾ, ਗੁਰਦਿਆਲ ਹੀਰਾ, ਦੌਲਤ ਰਾਮ, ਹੁਸਨ ਲਾਲ, ਪੀਤੀ ਹੀਰਾ, ਮਨਦੀਪ ਸਿੰਘ ਕੈਂਥ, ਬਨਾਰਸੀ ਦਾਸ, ਬਲਵੀਰ ਚੰਦ, ਭੁਪਿੰਦਰ ਹੀਰਾ, ਹੀਰਾ ਲਾਲ, ਗੌਰਵ ਸੂੰਢ, ਅੰਮ੍ਰਿਤ ਲਾਲ ਹੀਰਾ, ਸੋਹਣ ਲਾਲ, ਟਹਿਲ ਦਾਸ, ਗੁਲਵਿੰਦਰ ਸਿੰਘ, ਹਰਮੇਸ਼ ਲਾਲ, ਇੰਦਰਜੀਤ ਹੀਰਾ, ਗਿਰਧਾਰੀ ਲਾਲ, ਬੀਬੀ ਗਿਆਨ ਕੌਰ, ਜਸਦੀਸ਼ ਕੌਰ, ਸੁਰਿੰਦਰ ਕੌਰ, ਭਜਨ ਕੌਰ, ਬੰਸੀ ਸੂੰਢ, ਨਿਰਮਲਾ ਹੀਰਾ, ਤੀਰਥ ਰਾਮ, ਬਿੱਟੂ ਹੀਰਾ, ਪ੍ਰਿੰਸ ਹੀਰਾ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

**ਔੜ, (ਗੁਰਨਾਮ ਸਿੰਘ ਗਿਰਨ)–** ਐਸ.ਸੀ.Kਐਸ.ਟੀ., ਐਕਟ ਸੋਧ ਸਬੰਧੀ ਦਿੱਤੇ ਗਏ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਵਿਰੋਧ ਵਿਚ ਅੱਜ ਔੜ ਵਿਖੇ ਵੱਡੀ ਗਿਣਤੀ ਵਿਚ ਇਕੱਠੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਲੋਕਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫ਼ੂਕ ਕੇ ਫ਼ੈਸਲੇ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਭਾਰੀ ਗਿਣਤੀ 'ਚ ਔਰਤਾਂ, ਬਜ਼ੁਰਗਾਂ, ਬੱਚਿਆਂ ਨੇ ਵੱਖ-ਵੱਖ ਤਖ਼ਤੀਆਂ ਫੜ ਕੇ ਪਹਿਲਾਂ ਮੋਦੀ ਦੇ ਪੁਤਲੇ ਨੂੰ ਗਲੀ-ਮੁਹੱਲਿਆਂ ਚ ਘੁਮਾਇਆ ਅਤੇ ਨਾਅਰੇਬਾਜ਼ੀ ਕਰਦਿਆਂ ਬੱਸ ਅੱਡਾਂ ਔੜ ਵਿਖੇ ਪੁਤਲੇ ਨੂੰ ਫੂਕਿਆ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਮੋਦੀ ਖ਼ਿਲਾਫ਼ ਭੜਾਸ ਕੱਢੀ। ਧਰਨਾਕਾਰੀ ਸਵੇਰੇ 8 ਵਜੇ ਹੀ ਸੜਕਾਂ 'ਤੇ ਆ ਗਏ ਸਨ। ਬਾਅਦ ਦੁਪਹਿਰ ਤਿੰਨ ਕੁ ਵਜੇ ਤੱਕ ਨਾਅਰੇਬਾਜ਼ੀ ਕਰਦੇ ਰਹੇ, ਔੜ ਦਾ ਬਾਜ਼ਾਰ ਪੂਰਾ ਦਿਨ ਬੰਦ ਰਿਹਾ। ਪੁਲਿਸ ਚੌਕੀ ਔੜ ਦੇ ਇੰਚਾਰਜ ਬਿਕਰਮ ਸਿੰਘ ਭਾਰੀ ਪੁਲਿਸ ਫੋਰਸ ਸਮੇਤ ਡਿਊਟੀ ਮੈਜਿਸਟ੍ਰੇਟ ਤਰਸੇਮ ਸਿੰਘ ਬੀ.ਡੀ.ਪੀ.ਓ. ਔੜ ਦੀ ਅਗਵਾਈ ਹੇਠ ਸਥਿਤੀ 'ਤੇ ਕਾਬੂ ਰੱਖ ਰਹੇ ਸਨ। ਇਸੇ ਤਰ੍ਹਾਂ ਮੁੱਖ ਮਾਰਗ 'ਤੇ ਪੈਂਦੇ ਪਿੰਡਾਂ 'ਚ ਮਹਿਲ ਖ਼ੁਰਦ ਅਤੇ ਗਰਚਾ ਦੇ ਬਾਜ਼ਾਰ ਵੀ ਪੂਰਨ ਤੌਰ 'ਤੇ ਬੰਦ ਰਹੇ ਅਤੇ ਵੱਖ-ਵੱਖ ਪਿੰਡਾਂ ਵਿਚ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ।

**ਸੜੋਆ, (ਪੱਤਰ ਪ੍ਰੇਰਕ)–** ਭਾਰਤ ਦੀ ਸਰਵਉੱਚ ਅਦਾਲਤ ਵੱਲੋਂ ਐਸ.ਸੀ. ਐਕਟ ਦੀਆਂ ਧਰਾਵਾਂ ਨੂੰ ਨਰਮ ਕਰਨ ਦੇ ਵਿਰੋਧ 'ਚ ਅੱਜ ਪਿੰਡ ਸੜੋਆ ਦੇ ਬਾਜ਼ਾਰ ਅਤੇ ਆਸ-ਪਾਸ ਦੇ ਪਿੰਡਾਂ ਦੀਆਂ ਦੁਕਾਨਾਂ ਮੁਕੰਮਲ ਤੌਰ 'ਤੇ ਬੰਦ ਰਹੀਆਂ। ਵੱਖ-ਵੱਖ ਪਿੰਡਾਂ ਦੀਆ ਸਭਾਵਾਂ ਦੇ ਆਗੂਆਂ ਨੇ ਪਿੰਡ ਸੜੋਆ ਦੇ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਭਰਵਾ ਇਕੱਠ ਕਰਨ ਉਪਰੰਤ ਰੋਸ ਮਾਰਚ ਕੀਤਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਨਾਜ਼ਰ ਰਾਮ ਮਾਨ, ਤੇਲੂ ਰਾਮ ਸਰਪੰਚ ਛਦੌੜੀ, ਜਥੇਦਾਰ ਮੋਹਨ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਨੇ ਜਿੱਥੇ ਸੁਪਰੀਮ ਕੋਰਟ ਵਲੋਂ ਲਏ ਫ਼ੈਸਲੇ ਨੂੰ ਮੰਦਭਾਗਾ ਦੱਸਿਆ। ਉੱਥੇ ਇਸ ਔਖੀ ਘੜੀ ਮੌਕੇ ਰੋਸ ਮਾਰਚ ਵਿਚ ਇਕੱਤਰ ਹੋਏ ਵੱਖ-ਵੱਖ ਸੰਗਠਨਾਂ ਨੂੰ ਆਪਸੀ ਭਾਈਚਾਰਕ ਸਾਂਝ ਅਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਵੀ ਕੀਤੀ। ਰੋਸ ਮਾਰਚ ਕਰਨ ਵਾਲੀਆਂ ਜਥੇਬੰਦੀਆਂ ਦੇ ਆਗੂਆਂ ਨੇ ਸੜੋਆ ਵਿਖੇ ਰੋਸ ਮਾਰਚ ਕਰਨ ਉਪਰੰਤ ਪਿੰਡ ਦਿਆਲਾ, ਸਹੂੰਗੜਾ, ਆਲੋਵਾਲ, ਐਮਾ, ਹਿਆਤਪੁਰ ਰੁੜਕੀ, ਹਿਆਤਪੁਰ ਜੱਟਾਂ, ਕਰੀਮਪੁਰ ਧਿਆਨੀ, ਕੁੱਕੜ ਮਜਾਰਾ, ਬੇਗਮਪੁਰ, ਪੈਲੀ ਅਤੇ ਕੁੱਲਪੁਰ ਵੱਲ ਸ਼ਾਂਤਮਈ ਰੋਸ ਮਾਰਚ ਵੀ ਕੀਤਾ। ਇਸ ਮੌਕੇ ਬੋਧ ਰਾਜ ਆਲੋਵਾਲ, ਕੁਲਵਿੰਦਰ ਕਿੰਦੋ ਸੜੋਆ, ਚਮਨ ਲਾਲ ਸੜੋਆ, ਮਹਿੰਦਰ ਪਾਲ ਪ੍ਰਧਾਨ, ਰਾਕੇਸ਼ ਕੁਮਾਰ, ਕੁਲਦੀਪ ਕੁਮਾਰ, ਨਿਰਮਲ ਸਿੰਘ ਪੈਲੀ, ਰਾਜ ਕੁਮਾਰ ਮਾਲੇਵਾਲ, ਚਰਨ ਦਾਸ ਸਰਪੰਚ ਮੰਗੂਪੁਰ, ਤਰਸੇਮ ਲਾਲ ਮੰਗੂਪੁਰ, ਜਰਨੈਲ ਸਿੰਘ ਚਾਂਦਪੁਰੀ, ਸ਼ਾਮ ਲਾਲ, ਮਹਿੰਦਰ ਪਾਲ ਖੁਰਦਾ, ਮਹਿੰਦਰ ਚੰਦ ਪੋਜੇਵਾਲ, ਬਲਜੀਤ ਸਿੰਘ, ਜੀਤ ਰਾਮ ਮੰਗੂਪੁਰ, ਸਰਾਧੂ ਰਾਮ, ਹਰਮੇਲ ਚੰਦ ਮਾਲੇਵਾਲ, ਰਾਮੇਸ਼ ਬੱਬਾ, ਰਤਨ ਚੰਦ, ਕੁਲਵਿੰਦਰ ਕੁਮਾਰ, ਕਮਲਜੀਤ ਚਾਂਦਪੁਰ ਰੁੜਕੀ, ਜਸਵਿੰਦਰ ਪਾਲ, ਨਰਿੰਦਰ ਪਾਲ ਆਦਿ ਵੀ ਹਾਜ਼ਰ ਸਨ।

**ਭੱਦੀ, (ਨਰੇਸ਼ ਧੌਲ)–** ਮਾਨਯੋਗ ਸੁਪਰੀਮ ਕੋਰਟ ਵੱਲੋਂ ਐਸ.ਸੀ.Kਐਸ.ਟੀ. ਐਕਟ ਵਿਚ ਕੀਤੇ ਬਦਲਾਅ ਕਾਰਨ ਸਬੰਧਿਤ ਸ਼੍ਰੇਣੀਆਂ ਦੇ ਸੱਦੇ ਉੱਤੇ ਕਸਬਾ ਭੱਦੀ ਦੇ ਇਲਾਕੇ ਅੰਦਰ ਹਰ ਤਰਾਂ ਦੀਆਂ ਦੁਕਾਨਾਂ ਅਤੇ ਹੋਰ ਕਾਰੋਬਾਰ ਪੂਰੀ ਤਰ੍ਹਾਂ ਠੱਪ ਰੱਖੇ ਗਏ। ਇਸ ਸਬੰਧੀ ਅਮਰ ਚੰਦ ਕਾਲਾ, ਅਵਤਾਰ ਸਿੰਘ ਰਾਜੂ ਮਾਜਰਾ,ਬੁੱਧ ਰਾਮ ਨਿਊ ਮਝੋਟ, ਸਤਨਾਮ ਸਿੰਘ ਬਿੱਲਾ ਆਦਿ ਨੇ ਕੇਂਦਰ ਸਰਕਾਰ ਵਿਰੁੱਧ ਭਾਰੀ ਰੋਸ ਜਾਹਿਰ ਕਰਦਿਆਂ ਕਿਹਾ ਕਿ ਦਲਿਤ ਵਰਗ ਦੇ ਲੋਕਾਂ ਦਾ ਹੱਕ ਕਿਸੇ ਵੀ ਕੀਮਤ ਤੇ ਖੋਹਣ ਨਹੀਂ ਦਿੱਤਾ ਜਾਵੇਗਾ।

ਇਸ ਦੀ ਪੂਰਤੀ ਲਈ ਹਰ ਤਰ੍ਹਾਂ ਦਾ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਸਮੱਸਿਆ ਸਬੰਧੀ ਤੁਰੰਤ ਦਖ਼ਲ ਦੇ ਕੇ ਪਹਿਲ ਦੇ ਆਧਾਰ 'ਤੇ ਮਸਲੇ ਦਾ ਹੱਲ ਕਰਵਾਏ।

**ਕਟਾਰੀਆਂ, (ਨਵਜੋਤ ਸਿੰਘ ਜੱਖੂ) –** ਐਸ.ਸੀ./ਐਸ. ਟੀ ਐਕਟ ਨਾਲ ਕੇਂਦਰ ਸਰਕਾਰ ਵਲੋਂ ਸੰਵਿਧਾਨ ਨਾਲ ਛੇੜ-ਛਾੜ ਕਰਨ ਦੇ ਵਿਰੋਧ ਵਿਚ ਭਾਰਤ ਬੰਦ ਦੇ ਸੱਦੇ 'ਤੇ ਵਿਧਾਨ ਸਭਾ ਹਲਕਾ ਬੰਗਾ ਦੇ ਅਧੀਨ ਪੈਂਦੇ ਪਿੰਡ ਕੰਗਰੌੜ, ਚੇਤਾ, ਲਾਦੀਆਂ ਦੇ ਦਲਿਤ ਵਰਗ ਦੇ ਲੋਕਾਂ ਵਲੋਂ ਕਟਾਰੀਆਂ ਅੱਡੇ 'ਚ ਇਕੱਠ ਕਰਕੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਕੇ ਬਹਿਰਾਮ-ਮਾਹਿਲਪੁਰ ਰੋਡ ਜਾਮ ਕੀਤਾ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਵੱਖ-ਵੱਖ ਰਾਜਨੀਤਕ ਧਾਰਮਿਕ ਦਲਿਤ ਸ਼ਖਸ਼ੀਅਤਾਂ ਅਤੇ ਲੀਡਰਾਂ ਨੇ ਧਰਨੇ ਵਿਚ ਪਹੁੰਚ ਕੇ ਦਲਿਤ ਸਮਾਜ ਦੇ ਭਾਈਚਾਰੇ ਨੂੰ ਪੂਰਾ ਸਹਿਯੋਗ ਦਿੱਤਾ। ਧਰਨੇ ਦੌਰਾਨ ਆਰ. ਐਸ. ਐਸ, ਭਾਜਪਾ ਦੀ ਕੇਂਦਰ ਸਰਕਾਰ ਅਤੇ ਸਰਕਾਰ ਦੇ ਦਲਿਤ ਮੈਂਬਰ ਪਾਰਲੀਮੈਂਟ ਦੇ ਖਿਲਾਫ਼ ਮੁਰਦਾਬਾਦ ਦੇ ਨਾਅਰੇ ਲਗਾਏ ਅਤੇ ਪੁਤਲੇ ਫੂਕ ਕੇ ਰੋਸ ਜਤਾਇਆ ਗਿਆ।

ਦਲਿਤ ਸਮਾਜ ਦੇ ਭਾਈਚਾਰੇ ਵਲੋਂ ਕੇਂਦਰ ਸਰਕਾਰ ਨੂੰ ਸੰਵਿਧਾਨ ਨਾਲ ਛੇੜ-ਛਾੜ ਨਾ ਕਰਨ ਅਤੇ ਮਾਣਯੋਗ ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਉਥੇ ਹੀ ਐਸ. ਸੀ ਵਿੰਗ ਦੇ ਜ਼ਿਲ੍ਹਾਂ ਪ੍ਰਧਾਨ ਸੋਹਣ ਲਾਲ ਢੰਡਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਗਰ ਭਾਜਪਾ ਸਰਕਾਰ ਅਤੇ ਮਾਨਯੋਗ ਸੁਪਰੀਮ ਕੋਰਟ ਆਪਣੇ ਫੈਸਲੇ ਨੂੰ ਵਾਪਸ ਨਹੀਂ ਲੈਂਦੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਦਾਰੀ ਭਾਜਪਾ ਸਰਕਾਰ ਦੀ ਹੋਵੇਗੀ।

ਦਲਿਤ ਭਾਈਚਾਰੇ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸੰਵਿਧਾਨ ਨਾਲ ਕਿਸੇ ਵੀ ਪ੍ਰਕਾਰ ਦੀ ਛੇੜ-ਛਾੜ ਨੂੰ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਦਲਿਤ ਭਾਰਤੀ ਸਮਾਜ ਭਾਈਚਾਰੇ ਨੂੰ ਉਨ੍ਹਾਂ ਦੇ ਬਣਦੇ ਹੱਕ ਦਿੱਤੇ ਜਾਣ। ਧਰਨਿਆਂ ਦੌਰਾਨ ਪੁਲਿਸ ਪ੍ਰਸ਼ਾਸ਼ਨ ਵਲੋਂ ਸਰੁੱਖਿਆਂ ਦੇ ਪੁੱਖਤਾ ਇੰਤਜਾਮ ਕੀਤੇ ਹੋਏ ਸਨ। ਇਸ ਮੌਕੇ ਸਾਬਕਾ ਸਰਪੰਚ ਜੋਗਾ ਸਿੰਘ ਕੰਗਰੌੜ, ਵਰਿੰਦਰ ਸਿੰਘ ਨੰਬਰਦਾਰ ਕਟਾਰੀਆਂ, ਹਰਪਾਲ ਸਿੰਘ ਕਲਸੀ, ਮਾਸਟਰ ਚਰਨ ਦਾਸ, ਬੀਬੀ ਪਰਮਿੰਦਰ ਕੌਰ, ਸਰਪੰਚ ਰੂਪ ਲਾਲ ਚੇਤਾ, ਸਰਪੰਚ ਬਲਬੀਰ ਲਾਦੀਆਂ, ਡਾ: ਸੁਰਜੀਤ ਚੇਤਾ, ਪ੍ਰੇਮ ਲਾਲ ਪੰਚ, ਰਾਮ ਦਾਸ ਬੰਗਾ, ਸੰਤੋਖ ਸਿੰਘ ਜੱਖੂ, ਗੁਰਮੇਲ ਚੰਦ ਅਤੇ ਭਾਰੀ ਗਿਣਤੀ 'ਚ ਲੋਕ ਹਾਜ਼ਰ ਸਨ।

**ਮੇਹਲੀ (ਸੰਦੀਪ ਸਿੰਘ) –** ਐਸ.ਸੀ.K ਐਸ.ਟੀ. ਐਕਟ ਵਿਚ ਸੋਧ ਦੇ ਵਿਰੋਧ ਵਿਚ ਫਗਵਾੜਾ-ਬੰਗਾ ਮੁੱਖ ਮਾਰਗ 'ਤੇ ਮੇਹਲੀ ਬਾਈਪਾਸ ਵਿਖੇ ਦਲਿਤ ਭਾਈਚਾਰੇ ਵਲੋਂ ਕੇਂਦਰ ਸਰਕਾਰ ਦੇ ਖਿਲਾਫ ਰੋਸ ਪ੍ਰਦਸ਼ਨ ਕੀਤਾ ਗਿਆ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਰਾਜ ਕੁਮਾਰ ਵੇਰਕਾ ਵਿਧਾਇਕ, ਸੰਤ ਕੁਲਵੰਤ ਰਾਮ ਭਰੋਮਜ਼ਾਰਾ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ), ਰਸ਼ਪਾਲ ਰਾਜੂ (ਪ੍ਰਧਾਨ ਬਸਪਾ ਪੰਜਾਬ), ਪ੍ਰਵੀਨ ਬੰਗਾ, ਹਰਬਲਾਸ ਬਸਰਾ, ਕਾਮਰੇਡ ਰਾਮ ਲਾਲ ਚੱਕ-ਗੁਰੂ ਆਦਿ ਨੇ ਪਹੁੰਚ ਕੇ ਰੋਸ ਪ੍ਰਦਰਸ਼ਨ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਐਸ.ਸੀ.Kਐਸ.ਟੀ. ਐਕਟ ਵਿਚ ਸੋਧ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦ ਤੱਕ ਐਕਟ ਵਿਚ ਸੋਧ ਨੂੰ ਵਾਪਸ ਨਹੀਂ ਲਿਆ ਜਾਂਦਾ ਤਦ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕੇਂਦਰ ਦੀ ਮੋਦੀ ਸਰਕਾਰ ਦੇ ਵਿਰੋਧ ਵਿਚ ਧਰਨਾਕਾਰੀਆਂ ਜਿਨ੍ਹਾਂ ਵਿਚ ਬੀਬੀਆਂ ਵੀ ਹਾਜ਼ਰ ਸਨ, ਵਲੋਂ ਮੁੱਖ ਮਾਰਗ ਨੂੰ ਬੰਦ ਕਰਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਪੁਲਿਸ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ। ਸੁਰੱਖਿਆ ਦੇ ਮੱਦੇ-ਨਜ਼ਰ ਹਰਵਿੰਦਰ ਸਿੰਘ ਡੱਲੀ ਡੀ. ਐਸ. ਪੀ., ਨਾਇਬ ਤਹਿਸੀਲਦਾਰ ਧਰਮਿੰਦਰ ਕੁਮਾਰ, ਐਸ. ਐਚ. ਓ. ਬਹਿਰਾਮ ਰਾਜ ਕੁਮਾਰ, ਪਵਿੱਤਰ ਸਿੰਘ ਚੋਕੀ ਇੰਚਾਰਜ਼ ਮੇਹਲੀ ਆਦਿ ਤੋਂ ਇਲਾਵਾ ਪੁਲਿਸ ਮੁਲਾਜ਼ਮ ਹਾਜ਼ਰ ਸਨ। ਇਸ ਮੌਕੇ ਹਰਜਿੰਦਰ ਪਾਲ ਜੰਡਿਆਲੀ ਬਲਾਕ ਸੰਮਤੀ ਮੈਂਬਰ, ਜਸਪਾਲ ਕਲੇਰ ਪੰਚ, ਡਾ: ਹਰਜਿੰਦਰ ਬੈਂਸ, ਚਰਨਜੀਤ ਪੰਚ, ਪ੍ਰੇਮ ਕੁਮਾਰ ਮੇਹਲੀ, ਰਣਜੀਤ ਮੇਹਲੀ, ਅਵਤਾਰ ਕਲੇਰ, ਚਮਨ ਲਾਲ ਪੰਚ ਜੰਡਿਆਲੀ, ਡਾ: ਮੋਹਣ ਲਾਲ ਬੱਧਣ ਖੋਥੜਾਂ, ਹੈਪੀ ਮੇਹਲੀ, ਅਸ਼ੋਕ ਕੁਮਾਰ, ਬਿੱਲਾ ਪੰਚ ਖੋਥੜਾਂ, ਲਾਲ ਚੰਦ ਔਜਲਾ, ਸ਼ੁਸ਼ੀਲ ਜੰਡਿਆਲੀ, ਕੇਵਲ ਰਾਮ ਪੰਚ ਮੇਹਲੀ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਹਰਬੰਸ ਕੌਰ ਸਾਬਕਾ ਸਰਪੰਚ ਜੰਡਿਆਲੀ ਆਦਿ ਤੋਂ ਇਲਾਵਾ ਲੋਕਾਂ ਦਾ ਭਾਰੀ ਇਕੱਠ ਹਾਜ਼ਰ ਸੀ।

**ਮੁਕੰਦਪੁਰ, (ਦੇਸ ਰਾਜ ) –** ਐਸ. ਸੀKਐਸ. ਟੀ ਐਕਟ ਨਾਲ ਕੀਤੀ ਛੇੜ-ਛਾੜ ਦੇ ਸਬੰਧ ਵਿਚ ਦਿੱਤੇ ਭਾਰਤ ਬੰਦ ਦੇ ਸੱਦੇ 'ਤੇ ਕਸਬਾ ਮੁਕੰਦਪੁਰ ਵਿਖੇ ਵੀ ਪਿੰਡ ਰਟੈਂਡਾ, ਸਾਧਪੁਰ, ਤਲਵੰਡੀ ਫੁੱਤੂ, ਜਗਤਪੁਰ, ਸ਼ੇਖੂਪੁਰ, ਬਖਲੌਰ, ਹਕੀਮਪੁਰ, ਅਤੇ ਮੁਕੰਦਪੁਰ ਦੇ ਬਸਪਾ ਆਗੂਆਂ, ਅਕਾਲੀ ਦਲ, ਕਾਂਗਰਸ ਤੇ ਕੰਮਿਊਨਿਸਟ ਪਾਰਟੀਆਂ ਦੇ ਐਸ.ਸੀ.Kਐਸ.ਟੀ. ਵਰਗ ਨਾਲ ਸਬੰਧਿਤ ਮੁਲਾਜਮਾਂ ਤੇ ਵਰਕਰਾਂ ਨੇ ਪਹੁੰਚ ਕੇ ਕੇਂਦਰ ਸਰਕਾਰ ਦੇ ਖਿਲਾਫ ਤੇ ਖਾਸ ਕਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਰੋਸ ਪ੍ਰਗਟ ਕਰਦਿਆਂ ਨਾਅਰੇਬਾਜੀ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਬੀਤੇ ਦਿਨੀਂ ਭਾਰਤੀ ਸੰਵਿਧਾਨ ਨਾਲ ਕੀਤੀ ਛੇੜ-ਛਾੜ ਨੂੰ ਦਲਿਤ ਭਾਈਚਾਰਾ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ।

ਜੇਕਰ ਇਸ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਇਸ ਦੇ ਸਿੱਟੇ ਹੋਰ ਵੀ ਗੰਭੀਰ ਹੋਣਗੇ। ਇਸ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਬਣਾ ਕੇ ਬੱਸ ਸਟੈਂਡ ਮੁਕੰਦਪੁਰ ਤੋਂ ਸ਼ੁਰੂ ਹੋ ਕੇ ਸਾਰੇ ਪਿੰਡ ਵਿਚ ਘੁਮਾਏ ਗਏ ਤੇ ਇਕ ਪੁਤਲੇ ਨੂੰ ਬੱਸ ਸਟੈਂਡ ਵਿਚ ਸਾੜਿਆ ਗਿਆ ਤੇ ਦੂਜਾ ਪੁਤਲਾ ਮੁਕੰਦਪੁਰ- ਫਗਵਾੜਾ ਤੇ ਚੱਕਦਾਨਾ ਮੁੱਖ ਮਾਰਗ 'ਤੇ ਰਸਤਾ ਜਾਮ ਕਰਕੇ ਉੱਥੇ ਫੂਕਿਆ ਗਿਆ। ਇਸ ਮੌਕੇ ਸੋਹਨ ਲਾਲ ਢੰਡਾ ਐਸ. ਸੀ ਵਿੰਗ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਸਤਨਾਮ ਸੰਧੂ ਜਨਰਲ ਸਕੱਤਰ ਪੰਜਾਬ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ, ਰਵਿੰਦਰ ਕੁਮਾਰ ਚੱਕ ਬਿਲਗਾਂ, ਸਰਪੰਚ ਕੁਲਵਿੰਦਰ ਮੰਡੇਰਾਂ, ਪਰਮਜੀਤ ਲੋਹਟੀਆ, ਸੋਮ ਨਾਥ ਰਟੈਂਡਾ ਬਸਪਾ ਆਗੂ, ਸੱਤਪਾਲ ਰਟੈਂਡਾ, ਅਮਰ ਕਟਾਰੀਆ, ਬੀ. ਪੀ. ਈ. ਓ ਕਰਨੈਲ ਸਿੰਘ, ਹਰਮੇਲ ਕੁਮਾਰ, ਗੁਰਪ੍ਰੀਤ ਸਾਧਪੁਰ, ਸੁਖਵਿੰਦਰ ਸਰਹਾਲ, ਚਰਨਜੀਤ ਕਟਾਰੀਆਂ ਕਾਂਗਰਸ ਆਗੂ, ਕੁਲਦੀਪ ਕਟਾਰੀਆ, ਸੰਦੀਪ, ਮਲਕੀਤ ਰਾਮ, ਜਸਵੰਤ ਕਟਾਰੀਆ, ਚੈਤੀ ਰਾਮ ਰਟੈਂਡਾ, ਪੰਕਜ ਲੋਹਟੀਆ, ਕੁਲਵਿੰਦਰ ਸੋਨੂੰ, ਜੱਸਾ ਬੱਲੋਵਾਲ, ਸੁਰਿੰਦਰ ਢੰਡਾ ਬਖਲੌਰ, ਰਾਹੁਲ ਪੰਚ, ਸਾਜਨ ਮੱਟੂ, ਡਾ: ਦਲਜੀਤ ਢਿੱਲੋਂ ਆਦਿ ਹਾਜ਼ਰ ਸਨ। ਜਿਕਰਯੋਗ ਹੈ ਕਿ ਕਸਬਾ ਮੁਕੰਦਪੁਰ ਤੇ ਆਸ ਪਾਸ ਦੇ ਇਲਾਕਿਆਂ ਵਿਚ ਸਥਿਤੀ ਪੂਰਨ ਤੌਰ 'ਤੇ ਸ਼ਾਤੀਪੂਰਵਕ ਰਹੀ ਕੋਈ ਅਣਸੁਖਾਵੀਂ ਘਟਨਾ ਦਾ ਸਮ-ਾਚਾਰ ਨਹੀਂ। ਇਸ ਮੌਕੇ ਥਾਣਾ ਮੁਕੰਦਪੁਰ ਦੇ ਮੁਲਾਜਮਾ ਵਲੋਂ ਫਲੈਗ ਮਾਰਚ ਕੱਢ ਕੇ ਸਥਿਤੀ ਦਾ ਜਾਇਜਾ ਲਿਆ ਗਿਆ। ਇਸ ਸਮੇਂ ਜਿਥੇ ਮੁਕੰਦਪੁਰ ਦੀਆਂ ਸਾਰੀਆਂ ਦੁਕਾਨਾਂ ਬੰਦ ਸਨ ਉੱਥੇ ਹੀ ਥਾਣਾ ਮੁਕੰਦਪੁਰ ਦਾ ਮੁੱਖ ਗੇਟ ਵੀ ਬੰਦ ਰਿਹਾ। ਇਸ ਮੌਕੇ ਨਵਾਂਸ਼ਹਿਰ ਦੇ ਐਸ. ਪੀ. ਡੀ. ਮਨਵਿੰਦਰ ਸਿੰਘ, ਏ. ਐਸ. ਪੀ ਬੰਗਾ ਸਰਤਾਜ ਸਿੰਘ ਚਾਹਲ ਤੇ ਥਾਣਾ ਮੁਕੰਦਪੁਰ ਦੇ ਮੁੱਖੀ ਅਤੇ ਹੋਰ ਵੱਡੀ ਗਿਣਤੀ ਵਿਚ ਪੁਲਿਸ ਹਾਜਰ ਸੀ।

**ਉੜਾਪੜ/ ਲਸਾੜਾ, (ਲਖਵੀਰ ਸਿੰਘ ਖੁਰਦ) –** ਦਲਿਤ ਭਾਈਚਾਰੇ ਦੇ ਲੋਕਾਂ ਵਲੋਂ ਐਸ. ਸੀ/ਐਸ. ਟੀ ਐਕਟ ਦੇ ਖਿਲਾਫ ਸੁਪਰੀਮ ਕੋਰਟ ਵਲੋਂ ਦਿੱਤੇ ਫੈਸਲੇ ਦੇ ਵਿਰੋਧ ਵਿਚ ਪਿੰਡ ਉੜਾਪੜ ਤੇ ਚੱਕਦਾਨਾ ਦੇ ਬੱਸ ਅੱਡੇ 'ਤੇ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ, ਪਿੰਡ ਉੜਾਪੜ, ਚੱਕਦਾਨਾ, ਬਖਲੌਰ, ਲਸਾੜਾ, ਸੇਲਕੀਆਣਾ, ਰਾਏਪੁਰ ਅਰਾਈਆਂ ਆਦਿ ਵਿਚ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ। ਦੁਕਾਨਦਾਰ ਭਾਵੇਂ ਆਪਣੀਆਂ ਦੁਕਾਨਾਂ ਮੂਹਰੇ ਬੈਠੇ ਰਹੇ ਪਰ ਕਿਸੇ ਨੇ ਵੀ ਦੁਕਾਨ ਖੋਲ੍ਹਣ ਦੀ ਕੋਸ਼ਿਸ਼ ਨਹੀਂ ਕੀਤੀ। ਦਲਿਤ ਭਾਈਚਾਰੇ ਵਲੋਂ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਅਤੇ ਲੋਕਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਲਈ ਮੋਟਰਸਾਇਕਲਾਂ 'ਤੇ ਪਿੰਡਾਂ ਵਿਚ ਮਾਰਚ ਕੀਤਾ ਗਿਆ। ਪੁਲਿਸ ਪ੍ਰਸ਼ਾਸਨ ਵਲੋਂ ਕਿਸੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਲਵੀਰ ਮਾਹੀ ਬੇਗੋਵਾਲ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਡਾ: ਭੀਮ ਰਾਓ ਅੰਬੇਡਕਰ ਵਲੋਂ ਗਰੀਬ ਅਤੇ ਪੱਛੜੇ ਲੋਕਾਂ ਲਈ ਸੰਵਿਧਾਨ ਵਿਚ ਦਿੱਤੇ ਗਏ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਜਿਸ ਨੂੰ ਮੋਦੀ ਸਰਕਾਰ ਆਪਣੀ ਤਾਕਤ ਦੇ ਜੋਰ ਨਾਲ ਸੰਵਿਧਾਨ ਵਿਚ ਤਰਮੀਮ ਕਰਕੇ ਬਦਲਣਾ ਚਾਹੁੰਦੀ ਹੈ। ਜਿਸ ਨੂੰ ਦਲਿਤ ਭਾਈਚਾਰਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਉਹਨਾਂ ਕਿਹਾ ਕਿ ਜਦੋਂ ਦੀ ਕੇਂਦਰ ਵਿਚ ਮੋਦੀ ਸਰਕਾਰ ਆਈ ਹੈ। ਉਦੋਂ ਤੋਂ ਹੀ ਦੇਸ਼ ਵਿਚ ਘੱਟ ਗਿਣਤੀਆਂ ਅਤੇ ਦਲਿਤ ਭਾਈਚਾਰੇ ਨੂੰ ਨੁਕਰੇ ਲਾਉਣ ਲਈ ਕੋਈ ਕਸਰ ਨਹੀ ਛੱਡੀ ਜਾ ਰਹੀ। ਮਿਸ਼ਨਰੀ ਗਾਇਕ ਰੂਪ ਲਾਲ ਧੀਰ ਵਲੋਂ ਦੁਕਾਨਦਾਰਾਂ ਅਤੇ ਹਰ ਵਰਗ ਦੇ ਲੋਕਾਂ ਵਲੋਂ ਬੰਦ ਨੂੰ ਦਿੱਤੇ ਭਰਵੇਂ ਸਹਿਯੋਗ ਲਈ ਧੰਨਵਾਦ ਕੀਤਾ।

**ਘੁੰਮਣਾਂ, (ਮਹਿੰਦਰ ਪਾਲ ਸਿੰਘ) –** ਐਸ. ਸੀ, ਐਸ. ਟੀ ਐਕਟ ਖਿਲਾਫ ਆਏ ਫੈਸਲੇ ਵਿਰੁੱਧ ਦਲਿਤ ਸਮਾਜ ਵਲੋਂ ਪਿੰਡ ਘੁੰਮਣਾਂ, ਮੇਹ-ਲੀਆਣਾ, ਮਾਗਟਾ ਡੀਗਰੀਆ, ਮੁੰਨਾ ਅਤੇ ਮਹੰਤ ਗੁਰਬਚਨ ਦਾਸ ਨਗਰ ਦੇ ਨਿਵਾਸੀਆਂ ਵਲੋਂ ਰੋਸ ਪ੍ਰਦਰਸ਼ਨ ਪਾਲ ਸਿੰਘ ਮੇਹਲੀਆਣਾ ਦੀ ਅਗਵਾਈ 'ਚ ਕੀਤਾ। ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਲੋਕਾਂ ਵਲੋਂ ਮੋਦੀ ਦੇ ਪੁੱਤਲੇ ਫੂਕੇ ਗਏ।

ਰੈਲੀ ਦੌਰਾਨ ਪਾਲ ਸਿੰਘ ਨੇ ਦਲਿਤ ਸਮਾਜ ਨੂੰ ਇਕ ਪਲੇਟ ਫਾਰਮ 'ਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ ਤਾਂ ਕਿ ਦਲਿਤਾਂ 'ਤੇ ਹਰ ਰੋਜ਼ ਹੋ ਰਹੇ ਅੱਤਿਆਚਾਰ ਅਤੇ ਸੰਵਿਧਾਨ ਨਾਲ ਹੋ ਰਹੀ ਛੇੜ-ਛਾੜ ਵਿਰੁੱਧ ਸੰਘਰਸ਼ ਕੀਤਾ ਜਾ ਸਕੇ। ਪਿੰਡਾਂ ਵਿਚ ਦੁਕਾਨਾਂ ਤੇ ਬਜ਼ਾਰ ਬੰਦ ਰਹੇ, ਇਹ ਧਰਨੇ ਸ਼ਾਂਤਮਈ ਢੰਗ ਤਰੀਕੇ ਨਾਲ ਦਿੱਤੇ ਗਏ। ਬੰਦ ਦੇ ਸੱਦੇ ਨੂੰ ਦਲਿਤ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।

## ਭਾਰਤ ਬੰਦ ਦੇ ਸੱਦੇ 'ਤੇ ਡੀ.ਐਮ.ਯੂ. ਨੂੰ ਰੋਕ ਕੇ ਕੀਤਾ ਵਿਰੋਧ

ਨਵਾਂਸ਼ਹਿਰ, (ਹਰਮਿੰਦਰ ਸਿੰਘ ਪਿੰਟੂ)- ਅੱਜ ਪਿੰਡ ਅਲਾਚੋਰ, ਮੁਬਾਰਕਪੁਰ ਦੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਐਸ.ਸੀ./ਐਸ.ਟੀ. ਐਕਟ ਸਬੰਧੀ ਆਏ ਸਰਬ ਉੱਚ ਅਦਾਲਤ ਦੇ ਫ਼ੈਸਲੇ ਦੇ ਵਿਰੋਧ ਵਿਚ ਬੱਸ ਅੱਡੇ 'ਤੇ ਧਰਨਾ ਦੇ ਕੇ ਕੇਂਦਰ ਦੀ ਮੋਦੀ ਸਰਕਾਰੀ ਖ਼ਲਾਫ਼ ਨਾਅਰੇਬਾਜ਼ੀ ਕੀਤੀ ਅਤੇ ਅਦਾਲਤ ਦੇ ਫ਼ੈਸਲੇ ਦਾ ਵਿਰੋਧ ਕੀਤਾ।

ਇਸ ਮੌਕੇ ਗ਼ੁੱਸੇ ਵਿਚ ਆਏ ਪਿੰਡ ਵਾਸੀਆਂ ਨੇ ਜੇਜੋਂ ਤੋਂ ਨਵਾਂਸ਼ਹਿਰ ਆਉਣ ਵਾਲੇ ਡੀ.ਐਮ.ਯੂ. ਨੂੰ ਰੋਕਿਆ। ਇਸ ਮੌਕੇ ਰੋਹਿਤ ਰਸੂਲਪੁਰ, ਓਮ ਲਾਲ ਰਸੂਲ ਪੁਰ, ਜਗਦੀਸ਼ ਰਾਏ ਪੰਚ, ਗੁਰਪਾਲ ਕੌਰ ਸਰਪੰਚ, ਸੂਬੇਦਾਰ ਸੁੱਚਾ ਰਾਮ, ਸੁਰਿੰਦਰ ਕੌਰ, ਜਤਿੰਦਰ ਕੁਮਾਰ, ਰਾਕੇਸ਼ ਕੁਮਾਰ, ਮਨਜੀਤ ਕੁਮਾਰ, ਧਨਪਤ ਰਾਏ, ਪਿਆਰਾ ਲਾਲ, ਰਾਮ ਨਾਥ ਸੁੱਢਾ, ਦਲਜੀਤ ਕੁਮਾਰ, ਰਾਮ ਲਾਲ ਆਦਿ ਵੀ ਹਾਜ਼ਰ ਸਨ।

Weekly
# Ambedkar Times
Editor-in-Chief: Prem Kumar Chumber Contact: 001-916-947-8920 Fax: 916-238-1393 E-mail: chumbermedia@yahoo.com Editors: Takshila & Kabir Chumber
VOL - 10 ISSUE - 1-5 April 4, 2018 www.ambedkartimes.com www.ambedkartimes.org

## APPEAL TO IMMEDIATELY RESTORE THE TRUE SPIRIT OF Scheduled Caste and Scheduled Tribe (Prevention of Atrocities Act, 1989)

Prem K. Chumber
Editor-In-Chief: Ambedkar Times & Desh Doaba weekly newspaper

Ambedkartome.com strongly underlined the feeling of disappointment and frustration among the SCs and STs caused by decision of the honorable judge of the Supreme Court of India that has diluted the mandate of Scheduled Caste and Scheduled Tribe (Prevention of Atrocities Act, 1989).

This Act was enacted to preclude the oppression of the SCs in their day-to-day life while putting them to heinous crime for no other reasons but of their so called low birth. As is widely well known this law has been very effective and instrumental in keeping the forces of untouchability and social discrimination in check while instilling fear of stern action against the perpetrators ever since its enactment as a constitutional law. But the recent decision by the honorable judge of the Supreme Court sends not only a wrong signal but will encourage the activities of anti-social elements engaged in creating divisions and barriers in the social transformation of Indian society.

The Scheduled Caste and Scheduled Tribe (Prevention of Atrocities Act, 1989) is based on the true spirit of Liberty, Equality, Fraternity as enshrined in the constitution of India ably drafted by Babasaheb, Dr. B. R. Ambedkar, the liberator of hundreds of millions of those belonging to the neglected and down trodden sections of society, and democratically adopted by the people of India in the true spirit of ushering in Independent India for the formation of an egalitarian society free from the bonds get of social discrimination based on the notorious principle of low and high.

In order to honor and fulfill the dreams of Babasaheb Dr. B. R. Ambedkar who was such a forceful and passionate exponent of social equality in Indian society Ambedkartimes forum strongly urge the honorable President and the Prime Minister of India to restore the vitality and the efficacy of this Act, because amendment of any constitutional law falls solely within the ambit of Parliament who manifests the true representation of the people in a democracy.

If anybody abuses the operation of this law he/she should be held fully responsible and accountable for the consequences. Also at the same time the long struggle spearhead by Dr. B.R. Ambedkar to build Independent India free of caste boundaries should not be allowed to put on reverse by deprivin the large masses of the historically deprived sections of the society the protections promulgated under this law.

It is, therefore, earnestly pleaded that the Government of India should immediately take all possible measures to revive this law to its original strength and vitality and help building bridges of mutual respect and unity among different segments of society instead of creating gaps of social disharmony and disintegration in the society.

# MEMORANDUM TO GOVERNMENT OF INDIA
## FOR RESTORATION OF SC/SC ACT, 1989

A delegation on behalf of Shri Guru Ravidass Sabhas Supreme Council, USA called upon the office of the honorable Consulate General of India, San Francisco on Monday, April 2nd, 2018 and submitted a Memorandum to Government of India, showing complete solidarity and support Secretary: Shri Guru Ravidass Sabha Sacramento (California), Mr. Sukh Ram Chander Tajpuri, Mr. Gian Chand Kajla, Mr. Sonu Ambedkar & Mr. P. K. Chumber Editor-In-Chief: Ambedkar Times & Desh Doaba weekly newspaper.

Mr. O. P. Balley General Guru Ravidass Sabha Bay Area (California).

While addressing the gathering Mr. O. P. Balley explained the main purpose of submitting the Memorandum, vindicating full support for restoration of the original version of the Act. He also explained





for restoration of Scheduled Castes and Scheduled Tribes (Prevention of Atrocities Act 1989). The original Act was recently rescinded by a judge of the Supreme Court of India. The delegation led by Mr. O.P. Balley, General Secretary of the Council included the following prominent members of the community from six different temples functioning in California under the name of Shri Guru Ravidass Ji Maharaj. Mr. Venkat Raman, Consul and Public Relation Officer greeted the visiting delegation with respect and grace on behalf of the Consulate General and listened to their concerns very patiently. Mr. Hans Raj Kajla Former Secretary: Shri Guru Ravidass Sabha Sacramento (California), Mr. Kewal Bolina Former President: Shri Guru Ravidass Sabha Sacramento (California), Mr. Raj Sood Secretary: Supreme Council, Sri Guru Ravidass Sabhas USA, Mr. Ramesh Suman Chairman: Shri Guru Ravidass Sabha Pittsburg (California), Mr. Kashmiri Bhatia President: Shri Guru Ravidass Sabha Pittsburg (California), Mr. Major Bhatia Member Board of Directors Shri Guru Ravidass Sabha Pittsburg (California)& S. Joginder Singh Delhiwale.

Mr. Vinod Kumar Chumber Chairman: Shri Guru Ravidass Sabha Bay Area (California), Mr. Ajaib Singh Sunda Vice President: Shri Guru Ravidass Sabha Bay Area (California), Mr. Shiv Sidhu General Secretary: Shri Guru Ravidass Sabha Bay Area (California),

Mr. Tarlochan Singh Member Board of Directors: Shri Guru Ravidass Sabha Bay Area (California), Mr. Kewal Singh Member Board of Directors: Shri how the new version has lost its effectiveness and vitality and will encourage barriers and divisions among different segments of Indian society.

Other members of the delegation who addressed the gathering included Mr. Ramesh Suman (Chairman Shri Guru Ravidass Sabha, Pittsburg), Mr. Hans Raj KajlaFormer Secretary: Shri Guru Ravidass Sabha Sacramento (California), Mr. Vinod Chumber (President Shri Guru Ravidass Sabha, (Bay Area), Mr. Prem Chumber Chief Editor, Ambedkar Times and Desh Doaba. The meeting which lasted for about 30 minutes ended very peacefully with a note of thanks to the consulate General.

A copy of the original Memorandum is also reproduced and available to the readers.

# Shri Guru Ravidass Supreme Council of USA

**To:**
**Consulate General of India,**
**540 Arguello Blvd. San Francisco, CA 94181, USA**
**Regarding: Restoration of Schedule Caste/Schedule Tribe (Prevention of Atrocities Act, 1989)**

## MEMORANDUM

It has ushered in a feeling of disappointment and frustration to note that the honorable judge of the Supreme Court of India has abrogated the very operation of the Scheduled Caste and Scheduled Tribe (Prevention of Atrocities Act, 1989).

As it is well known to all that this law has been very effective and instrumental in keeping the forces of untouchability and social discrimination, in check, ever since its enactment as a constitutional law, but the recent decision by the honorable judge of the Supreme Court will not only send a wrong signal but will encourage the activities of anti-social elements engaged in creating divisions and barriers in the social transformation of Indian society.

The constitutionality of this vital piece of legislation was fundamentally based on the untiring and lifelong struggles of Baba Saheb, Dr. B.R. Ambedkar, the liberator of hundreds of millions of those belonging to the neglected and downtrodden sections of society.


In order to honor and fulfill the dreams of Baba Saheb who was such a forceful and passionate exponent of social equality we strongly urge the honorable President and the Prime Minister of India to restore the validity and the efficacy of this Act because amendment of any constructional law falls solely within the ambit of Parliament who manifests the true representation of the people in a democracy.

If anybody abuses the operation of this law he/she should be held fully responsible and accountable for its consequences but at the sometime the entire society should not be deprived of the protections promulgated under this law.

We, therefore earnestly hope that the Government of India will take all possible measures to revive this law to its original strength and vitality and help building bridges of mutual respect and unity among different segments of society instead of creating gaps of social disharmony and disintegration in the mainstream of national life.

This memorandum issues with the consensus and support of the following six temples functioning in California under the name of Shri Guru Ravidass Ji Maharaj.

**1)** Shri Guru Ravidass Sabha, 2150 Crest View Drive, Pittsburg, CA 94565
**2)** Shri Guru Ravidass Sabha BAY AREA (CA)
5785 Robertson Ave, Newark, CA 94560



**3)** Shri Guru Ravidass Sabha,
6221, 16th Street, Rio Linda CA 95673
**4)** Shri Guru Ravidass Sabha
1480 Hayne Ave, Yuba City, CA 95993
**5)** Shri Guru Ravidass Sabha,
5025 South Cherry Ave, Fresno, CA 93706
**6)** Shri Guru Ravidass Temple,
2650 Blaine Ave, Selma, CA 93662

**Truly Yours,**

**O.P. Balley (925) 252–6085**
**Gen. Sec.: Supreme Council Shri Guru Ravidass Sabhas, USA**
**6221, 16th Street, Rio Linda,**
**California 95673 USA**



All pictured: Prem K. Chumber Ambedkar Times

# GIRL SCOUTS "2018 WOMEN INSPIRING GIRLS" AWARD




Fresno- Dr. Parmala Bangar, a pediatrician, has been awarded as one of the "2018 Women Inspiring Girls Award" by Girl Scouts of Central California South. She received recognition from the Fresno mayor, as well as local Congressional and Senate legislators. She was born to Late Swarn and Sibo Bagha in Sacramento, California. She received two Bachelor degrees (B.A. Philosophy and B.S. Biology) from the University of California, Irvine. She earned her Medical Degree with High Honors from Ross University School of Medicine in 2007. She completed her residency at the UCSF Fresno Pediatrics Program providing care for newborns and children while at Valley Children's Hospital. Dr. Bangar is a proud mother to twins Sonya and Zeena, and wife of Dr. Satnam Bangar, while she dedicates herself to providing medical care to one of the most undeserved communities in California. Posted at www.ambedkartimes.com on March 21, 2018

## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City (CA)** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ ਚੱਲਣ ਵਾਲੇ ਧਾਰਮਿਕ ਸਮਾਗਮ ਦਰਮਿਆਨ ਪੰਥ ਪ੍ਰਸਿੱਧ ਰਾਗੀ/ਢਾਡੀ ਅਤੇ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਵਿਦਵਾਨ ਬੁਲਾਰੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ।

### ਪ੍ਰੋਗਰਾਮ ਦਾ ਵੇਰਵਾ

ਪ੍ਰੋਗਰਾਮ: 8 ਅਪ੍ਰੈਲ 2018 ਦਿਨ ਐਤਵਾਰ
ਸਵੇਰੇ: 10 ਵਜੇ ਤੋਂ ਦੁਪਹਿਰ 3 ਵਜੇ ਤੱਕ
**ਸਥਾਨ: 31252 Veasy street Union City (California)**

### ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:

ਚੇਅਰਮੈਨ- ਵਿਨੋਦ ਕੁਮਾਰ ਚੁੰਬਰ 510-953-9800
ਜਨਰਲ ਸਕੱਤਰ- ਸ਼ਿਵ ਸਿੱਧੂ 510-386-2715
ਪ੍ਰਧਾਨ- ਕੇਵਲ ਸਿੰਘ 510-299-6418
ਖਜਾਨਚੀ- ਸੰਤੋਖ ਸਿੰਘ ਸਰੋਇਆ 408-509-9697

## ਸਮੂਹ ਮੈਂਬਰ ਅਤੇ ਅਹੁਦੇਦਾਰ- ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥



ਵਿਨੋਦ ਕੁਮਾਰ ਚੁੰਬਰ ਅਤੇ ਉਹਨਾਂ ਦੀ ਧਰਮ ਪਤਨੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਅਹੁਦੇਦਾਰਾਂ, ਸੇਵਾਦਾਰਾਂ ਅਤੇ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਵਿਨੋਦ ਕੁਮਾਰ ਚੁੰਬਰ (ਚੇਅਰਮੈਨ) 510-953-9800
## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)
## ਅਤੇ ਸਮੂਹ ਚੁੰਬਰ ਪਰਿਵਾਰ

## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਅਹੁਦੇਦਾਰਾਂ, ਸੇਵਾਦਾਰਾਂ ਅਤੇ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ


ਤਰਲੋਚਨ ਸਿੰਘ ਬੱਧਣ ਆਪਣੀ ਧਰਮ ਪਤਨੀ ਅਨੀਤਾ ਬੱਧਣ ਅਤੇ ਬੇਟੀਆਂ ਮਾਨਸੀ ਬੱਧਣ ਅਤੇ ਨੈਨਸੀ ਬੱਧਣ ਨਾਲ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City (CA)** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਘਰ ਦੀ ਉਸਾਰੀ ਵਾਸਤੇ ਆਪਣੇ ਤਨ, ਮਨ, ਧਨ ਨਾਲ ਸੇਵਾ ਵਿਚ ਹਿੱਸਾ ਪਾਓ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਤਰਲੋਚਨ ਸਿੰਘ ਬੱਧਣ ਅਤੇ ਸਮੂਹ ਬੱਧਣ ਪਰਿਵਾਰ

## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਅਹੁਦੇਦਾਰਾਂ, ਸੇਵਾਦਾਰਾਂ ਅਤੇ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ


ਅਜਾਇਬ ਸਿੰਘ ਸੁੰਡਾ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City (CA)** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਅਜਾਇਬ ਸਿੰਘ ਸੁੰਡਾ ਵਾਈਸ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)